


The Punjabi Newspaper

# ਪੰਜਾਬੀ ਅਖ਼ਬਾਰ

ਪੰਜਾਬੀਅਤ ਦਾ ਪਰਚਮ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar




Vol: 8 No: 172 Website : www.punjabiakhbaar.ca Email: editor@punjabiakhbaar.ca Friday, 21 May 2021




## ਮੇਡ ਇਨ ਕਨੇਡਾ ਦਾ ਨਾਅਰਾ ਬੁਲੰਦ ਹੋਣ ਲੱਗਾ –

# ਚੀਨ ਅਤੇ ਵੀਅਤਨਾਮ ਤੋਂ ਆ ਰਹੇ ਫਰਨੀਚਰ ਉੱਪਰ ਕਨੇਡਾ ਸਰਕਾਰ ਨੇ ਸ਼ਿਕੰਜਾ ਕਸਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੀਅਤਨਾਮ ਅਤੇ ਚੀਨ ਤੋਂ ਧੜਾਧੜ ਆ ਰਹੇ ਫ਼ਰਨੀਚਰ ਉੱਪਰ ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਸ਼ਿਕੰਜਾ ਕੱਸਦਿਆਂ ਇਸ ਸਮਾਨ ਉੱਪਰ 300% ਟੈਰਿਫ਼ ਲਗਾ ਦਿੱਤਾ ਹੈ। ਦੋਵਾਂ ਦੇਸ਼ਾਂ ਤੋਂ ਆ ਰਹੇ ਇਸ ਸਮਾਨ ਦਾ ਹੜ੍ਹ ਆ ਗਿਆ ਹੈ ਤੇ ਇਸ ਨੂੰ ਡੰਪ ਕਰਕੇ ਰੱਖਿਆ ਜਾ ਰਿਹਾ ਹੈ। ਚੀਨੀ ਮੈਨੁਫੈਕਚਰਰਜ਼ ਉੱਪਰ 20 ਤੋਂ ਲੈ ਕੇ 295% ਅਤੇ ਵੀਅਤਨਾਮੀ ਮੈਨੂਫੈਕਚਰਰਜ਼ ਉੱਪਰ 17 ਤੋਂ ਲੈ ਕੇ 101% ਤੱਕ ਡਿਊਟੀ ਲਗਾਈ ਜਾ ਰਹੀ ਹੈ। ਕੈਨੇਡਾ ਬਾਰਡਰ ਸਰਵਿਸ ਏਜੰਸੀ – ਸੀ.ਬੀ.ਐਸ.ਏ. ਦੇ ਬੁਲਾਰੇ ਮਾਰਕ ਸਟੂਅਰਟ ਦਾ ਕਹਿਣਾ ਹੈ ਕਿ 5 ਮਈ ਤੋਂ ਪ੍ਰਿਵਿਯਨਲ ਡਿਊਟੀਜ਼ ਲਗਾ ਦਿੱਤੀਆਂ ਗਈਆਂ ਹਨ ਕਿਉਂਕਿ ਜਾਂਚ ਵਿੱਚ ਪਤਾ ਲੱਗਿਆ ਹੈ ਕਿ ਇਸ ਸਾਰੇ ਸਮਾਨ ਉੱਪਰ ਭਾਰੀ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਸਨ ਤੇ ਕੈਨੇਡੀਅਨ ਮੈਨੂਫੈਕਚਰਰਜ਼ ਨੂੰ ਵੱਡਾ ਨੁਕਸਾਨ ਹੋ ਰਿਹਾ ਸੀ। ਕੈਨੇਡੀਅਨ ਮੈਨੂਫੈਕਚਰਰਜ਼ ਦੀ ਸ਼ਿਕਾਇਤ ਉੱਪਰ ਇਹ ਕਾਰਵਾਈ ਕੀਤੀ ਗਈ ਹੈ। ਰੀਟੇਲ ਕੌਂਸਿਲ ਆਫ਼ ਕੈਨੇਡਾ ਦਾ ਕਹਿਣਾ ਹੈ ਕਿ ਪੇਂਡੂ ਇਲਾਕਿਆਂ ਵਿੱਚ ਅਤੇ ਛੋਟੇ ਫ਼ਰਨੀਚਰ ਵਪਾਰੀਆਂ ਨੂੰ ਪਹਿਲਾਂ ਹੀ ਕਾਫੀ ਨੁਕਸਾਨ ਹੋ ਰਿਹਾ ਸੀ ਤੇ ਇਸ ਨਵੇਂ ਕਦਮ ਨਾਲ ਉਹਾਂ ਦਾ ਲੱਕ ਟੁੱਟ ਜਾਵੇਗਾ।






















































# ਸਕਾਟਲੈਂਡ ਦੀ ਪਹਿਲੀ ਸਿੱਖ ਐਮ ਪੀ ਨੇ ਮੂਲ ਮੰਤਰ ਦਾ ਪਾਠ ਕਰਕੇ ਸਹੁੰ ਚੁੱਕੀ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਸਕਾਟਲੈਂਡ ਦੀ ਪਹਿਲੀ ਸਿੱਖ ਮਹਿਲਾ ਐਮ ਪੀ ਨੇ ਮੂਲ ਮੰਤਰ ਦਾ ਜਾਪ ਕਰਕੇ ਸਹੁੰ ਚੁੱਕੀ। ਇਸ ਦੀ ਵੀਡੀ- ਵੱਡੇ ਪੱਧਰ ਉਤੇ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ। ਸਕਾਟਲੈਂਡ ਪਾਰਲੀਮੈਂਟ ਦੀਆਂ ਚੋਣਾਂ ਵਿਚ ਪੰਜਾਬੀ ਮੂਲ ਦੀ ਪੈਮ ਗੋਸਲ ਨੂੰ ਪਹਿਲੀ ਸਿੱਖ ਮਹਿਲਾ ਐਮ ਪੀ ਹੋਣ ਦਾ ਮਾਣ ਹਾਸਲ ਹੋਇਆ ਹੈ। ਇਸ ਤੋਂ ਬਾਅਦ ਪੈਮ ਗੋਸਲ ਨੇ ਗੁਟਕਾ ਸਾਹਿਬ ਹੱਥ 'ਚ ਫੜ ਕੇ ਅਤੇ ਮੂਲ ਮੰਤਰ ਦਾ ਜਾਪ ਕਰਕੇ ਸੰਸਦ ਮੈਂਬਰ ਦੀ ਸਹੁੰ ਚੁੱਕੀ। ਸਹੁੰ ਚੁੱਕਣ ਤੋਂ ਬਾਅਦ ਪੈਮ ਗੋਸਲ ਨੇ ਫਤਹਿ ਬੁਲਾ ਕੇ ਗੁਟਕਾ ਸਾਹਿਬ ਨੂੰ ਮੱਥਾ ਟੇਕਿਆ। ਉਹਨਾਂ ਕਿਹਾ, 'ਮੈਂ ਪੈਮ ਗੋਸਲ ਸਹੁੰ ਚੁੱਕਦੀ ਹਾਂ ਕਿ ਮੈਂ ਵਫ਼ਾਦਾਰ ਰਹਾਂਗੀ। ਮੈਂ ਕੁਈਨ ਐਲੀਜ਼ਾਬੈਥ ਤੇ ਉਹਨਾਂ ਦੇ ਵਾਰਸਾਂ ਵੱਲੋਂ ਬਣਾਏ ਗਏ ਸਾਰੇ ਕਾਨੂੰਨਾਂ ਦੀ ਪਾਲਣਾ ਕਰਾਂਗੀ। । ਜ਼ਿਕਰਯੋਗ ਹੈ ਕਿ ਪੈਮ ਦਾ ਜੀਵਨ ਗਲਾਸਗੋ 'ਚ ਹੀ ਬੀਤਿਆ ਹੈ ਤੇ ਉਸਦਾ ਦਾਦਕਾ ਪਿੰਡ ਕੰਗਣੀਵਾਲ (ਜਲੰਧਰ) ਹੈ ਤੇ ਨਾਨਕਾ ਪਿੰਡ ਸ਼ੰਕਰ ਹੈ। ਇਹ ਇੱਕ ਇਤਿਹਾਸਕ ਪਲ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਯੂਨਾਈਟਿਡ ਕਿੰਗਡਮ ਦੇ ਕਿਸੇ ਸੰਸਦ ਮੈਂਬਰ ਨੇ ਸੰਸਦ ਦੇ ਅੰਦਰ ਸਿੱਖ ਬਾਣੀ ਨੂੰ ਪੜ੍ਹਿਆ ਹੈ। ਇਸ ਮਹੱਤਵਪੂਰਣ ਮੌਕੇ 'ਤੇ ਟਿੱਪਣੀ ਕਰਦਿਆਂ ਸਕਾਟਲੈਂਡ ਦੇ ਕੰਜ਼ਰਵੇਟਿਵ ਐਮ ਪੀ ਪੈਮ ਗੋਸਲ ਨੇ ਕਿਹਾ ਕਿ "ਅੱਜ ਦਾ ਦਿਨ ਨਾ ਸਿਰਫ ਆਪਣੇ ਲਈ, ਬਲਕਿ ਪੂਰੇ ਸਿੱਖ ਭਾਈਚਾਰੇ ਅਤੇ ਸਕਾਟਲੈਂਡ ਦੀ ਸੰਸਦ ਲਈ ਮਾਣ ਵਾਲੀ ਗੱਲ ਹੈ। ਸਹੁੰ ਚੁੱਕਣ ਤੋਂ ਪਹਿਲਾਂ ਬਾਣੀ ਦਾ ਪਾਠ ਕਰਨਾ ਮੇਰੇ ਲਈ ਮਹੱਤਵਪੂਰਣ ਸੀ।"

# ਗੁਰਦੁਆਰਾ ਮਿਲਵੂਡਜ਼ ਐਡਮਿੰਟਨ ਵਿਖੇ ਜੈਤੇਗ ਸਿੰਘ ਅਨੰਤ ਦੀ ਕੌਫੀ ਟੇਬਲ ਪੁਸਤਕ "ਰਾਮਗੜ੍ਹੀਆ ਵਿਰਾਸਤ" ਰਿਲੀਜ਼



ਐਡਮਿੰਟਨ (ਹਰਦਮ ਮਾਨ) ਗੁਰਦੁਆਰਾ ਮਿਲਵੂਡਜ਼, ਰਾਮਗੜ੍ਹੀਆ ਗੁਰਸਿੱਖ ਸੁਸਾਇਟੀ ਐਡਮਿੰਟਨ (ਅਲਬਰਟਾ) ਵਿਖੇ ਇਕ ਵਿਸ਼ੇਸ਼ ਸਮਾਗਮ ਦੌਰਾਨ ਨਾਮਵਰ ਵਿਦਵਾਨ ਇਤਿਹਾਸਕਾਰ, ਖੋਜੀ, ਸਾਹਿਤਕਾਰ, ਲੇਖਕ ਅਤੇ ਸੰਪਾਦਕ ਸ. ਜੈਤੇਗ ਸਿੰਘ ਅਨੰਤ ਦੀ ਕੌਫੀ ਟੇਬਲ ਪੁਸਤਕ "ਰਾਮਗੜ੍ਹੀਆ ਵਿਰਾਸਤ" ਰਿਲੀਜ਼ ਕੀਤੀ ਗਈ।

ਇਸ ਮੌਕੇ ਬੋਲਦਿਆਂ ਸੁਸਾਇਟੀ ਦੇ ਚੇਅਰਮੈਨ ਸਰਦਾਰ ਬਲਵੀਰ ਸਿੰਘ ਚਾਨਾ ਨੇ ਕਿਹਾ ਕਿ ਇਸ ਪੁਸਤਕ ਵਿਚ ਬਹੁਤ ਹੀ ਵਧੀਆ ਢੰਗ ਨਾਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਰਾਮਗੜ੍ਹੀਆ ਕੌਮ ਦੀਆਂ ਪ੍ਰਾਪਤੀਆਂ ਦੇ ਅਣਗੌਲੇ ਇਤਿਹਾਸ ਨੂੰ ਮੁੜ ਜਾਗ੍ਰਿਤ ਕਰ ਵਿਖਾਇਆ ਹੈ। ਜੇ ਇਸ ਤਰ੍ਹਾਂ ਕਹਿ ਲਈਏ ਕਿ ਡੂੰਘੇ ਸਾਗਰ ਵਿੱਚੋਂ ਕੀਮਤੀ ਮੋਤੀ ਚੁਗਕੇ ਇਕ ਹਾਰ ਵਿੱਚ ਪਰੋ ਦਿੱਤੇ ਹੋਣਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਰਾਮਗੜ੍ਹੀਆ ਇਤਿਹਾਸ ਦਾ ਮੁੱਢ ਤੋਂ ਅਰੰਭ ਕਰਕੇ ਅੱਜ ਤੱਕ ਦੇ ਰਾਮਗੜ੍ਹੀਆਇਤਿਹਾਸ ਅਤੇ ਪ੍ਰਾਪਤੀਆਂ ਨੂੰ ਕੌਮ ਦੀ ਝੋਲੀ ਵਿਚ ਪਾਉਣ ਦਾ ਵਿਲੱਖਣ ਅਤੇ ਇਤਿਹਾਸਕ ਕਾਰਜ ਕਰਨ ਲਈ ਉਨ੍ਹਾਂ ਜੈਤੇਗ ਸਿੰਘ ਅਨੰਤ ਨੂੰ ਵਧਾਈ ਦਿੱਤੀ, ਜਿਨ੍ਹਾਂ ਆਪਣੀ ਸਿਹਤਨਾਸਾਜ਼ ਹੋਣ ਦੇ ਬਾਵਜੂਦ ਬੜੀ ਸ਼ਿੱਦਤ ਨਾਲ ਇਹ ਕੌਫੀ ਟੇਬਲ ਰਾਮਗੜ੍ਹੀਆ ਵਿਰਾਸਤ ਪੁਸਤਕ ਸਿੱਖ ਸੰਗਤਾਂ ਨੂੰ ਭੇਟ ਕੀਤੀ ਹੈ ਉਨ੍ਹਾਂ ਇਹ ਵੀ ਕਿਹਾ ਕਿਇਹ ਪੁਸਤਕ ਹਰ ਘਰ ਅਤੇ ਹਰ ਇਕ ਗੁਰਦਆਰੇ ਦੀ ਲਾਇਬ੍ਰੇਰੀ ਵਿੱਚ ਸੁਸ਼ੋਭਿਤ ਹੋਣੀ ਚਾਹੀਦੀ ਹੈ ਤਾਂ ਕਿ ਇਸ ਦਾ ਵੱਧ ਤੋਂ ਵੱਧ ਲੋਕ ਇਸ ਨੂੰ ਪੜ੍ਹ ਸਕਣ ਅਤੇ ਆਪਣੇ ਮਾਣਮੱਤੇ ਇਤਿਹਾਸ ਬਾਰੇ ਖੋਜ ਭਰਪੂਰ ਜਾਣਕਾਰੀ ਹਾਸਲ ਕਰ ਸਕਣ ਉਨ੍ਹਾਂ ਕਾਮਨਾ ਕੀਤੀ ਕਿ ਸ. ਜੈਤੇਗ ਸਿੰਘ ਅਨੰਤ ਭਾਈਚਾਰੇ, ਦੇਸ਼ ਅਤੇ ਕੌਮ ਦੀ ਸੇਵਾ ਇਸੇ ਤਰ੍ਹਾਂ ਚੜ੍ਹਦੀ ਕਲਾ ਨਾਲ ਕਰਦੇ ਰਹਿਣ ।ਇਸ ਮੌਕੇ ਗੁਰਦਵਾਰਾ ਸਾਹਿਬ ਦੇ ਪ੍ਰਧਾਨ ਸ. ਕਰਨੈਲ ਸਿੰਘ ਭੰਮਰਾ ਅਤੇ ਗੁਰਦਵਾਰਾ ਸਾਹਿਬ ਦੇ ਖਾਲਸਾ ਸਕੂਲ ਅਤੇ ਲਾਇਬ੍ਰੇਰੀਆਂ ਦੇ ਕੁਆਡੀਨੇਟਰ ਸ. ਸੁਰਿੰਦਰ ਸਿੰਘ ਹੁੰਜਨ, ਗੁਰਦਵਾਰਾ ਸਾਹਿਬ ਦੇ ਮੈਂਬਰ ਸ. ਤਜਿੰਦਰ ਸਿੰਘ ਮਠਾਰੂ, ਸ. ਤਾਵਿੰਦਰ ਸਿੰਘ ਵਿਰਦੀ ਅਤੇ ਸ. ਪ੍ਰਮਜੀਤ ਸਿੰਘ ਉਭੀ ਨੇਵੀ ਇਸ ਮਹਾਨ ਕਾਰਜ ਲਈ ਸ. ਜੈਤੇਗ ਸਿੰਘ ਅਨੰਤ ਨੂੰ ਵਧਾਈ ਦਿੱਤੀ।

# ਏਅਰ ਕਨੇਡਾ ਨੇ 22 ਜੂਨ ਤੱਕ ਇੰਡੀਆ ਜਾਣ ਆਉਣ ਵਾਲੀਆਂ ਫਲਾਈਟਾਂ ਉੱਪਰ ਪਾਬੰਦੀ ਲਗਾਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਅੰਦਰ ਕਰੋਨਾ ਕਾਰਣ ਨਿੱਤ ਦਿਨ ਵਿਗੜਦੀ ਜਾ ਰਹੀ ਸਥਿੱਤੀ ਕਾਰਣ ਉੱਥੋਂ ਆਉਣ ਵਾਲੀਆਂ ਫਲਾਈਟਾਂ ਕਨੇਡਾ ਸਰਕਾਰ ਨੇ ਪਹਿਲਾਂ ਹੀ ਬੰਦ ਕਰ ਰੱਖੀਆਂ ਹਨ ਪਰ ਹੁਣ ਏਅਰ ਕੈਨੇਡਾ ਨੇ ਭਾਰਤ ਤੋਂ ਆਪਣੀਆਂ ਫ਼ਲਾਇਟਾਂ ਉਪਰ ਲਗਾਈ ਪਾਬੰਦੀ ਨੂੰ ਹੁਣ 22 ਜੂਨ ਤੱਕ ਵਧਾ ਦਿੱਤਾ ਹੈ। ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਨੇ 22 ਅਪ੍ਰੈਲ ਤੋਂ 30 ਦਿਨਾਂ ਵਾਸਤੇ ਭਾਰਤ ਅਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਸਾਰੀਆਂ ਸਿੱਧੀਆਂ ਉਡਾਨਾਂ 'ਤੇ ਰੋਕ ਲਗਾ ਦਿੱਤੀ ਸੀ। ਝੋ ਕਿ 22 ਮਈ ਨੂੰ ਖਤਮ ਹੋ ਜਾਣੀ ਸੀ ਪਰ ਹੁਣ ਏਅਰ ਕੈਨੇਡਾ ਨੇ ਇਹ ਪਾਬੰਦੀ 22 ਜੂਨ ਤੱਕ ਵਧਾਈ ਹੈ ਪਰ ਕੈਨੇਡਾ ਸਰਕਾਰ ਵੱਲੋਂ ਇਸ ਸੰਬੰਧੀ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

# ਭਗੌੜੇ ਕਾਤਲ ਨੇ ਖੁਦ ਨੂੰ ਆਰ ਸੀ ਐਮ ਪੀ ਅੱਗੇ ਪੇਸ਼ ਕਰ ਦਿੱਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੈਕਿੰਡ ਡਿਗਰੀ ਮਰਡਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਤੇ ਭਗੌੜਾ ਹੋ ਚੁੱਕੇ ਕੈਲਗਰੀ ਨਿਵਾਸੀ 34 ਸਾਲਾ ਕ੍ਰਿਸਟੌਫ਼ਰ ਡਗਲਸ ਮੇਥਰਜ਼ ਨਾਮ ਦੇ ਇੱਕ ਵਿਅਕਤੀ ਨੇ ਖੁਦ ਹੀ ਪੁਲਿਸ ਅੱਗੇ ਸਮਰਪਣ ਕਰ ਦਿੱਤਾ ਹੈ। ਪਿਛਲੇ ਸੋਮਵਾਰ ਉਸ ਦੇ ਖਿਲਾਫ਼ ਗ਼ਿਰਫ਼ਤਾਰੀ ਦਾ ਕੈਨੇਡਾ ਵਾਇਡ ਵੌਰੰਟ ਜਾਰੀ ਕੀਤਾ ਗਿਆ ਸੀ। 49 ਸਾਲਾ ਰੱਸੈਲ ਡੇਵਿਡ ਯੰਕਰ ਨਾਮ ਦੇ ਕੈਲਗਰੀ ਨਿਵਾਸੀ ਵਿਅਕਤੀ ਨੂੰ 15 ਅਪ੍ਰੈਲ ਵਾਲੇ ਦਿਨ ਛੁਰਾ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ। ਇਹ ਵਾਰਦਾਤ 11 ਸਟ੍ਰੀਟ ਸਾਊਥ ਵੈਸਟ 'ਤੇ ਸੀ-ਟ੍ਰੇਨ ਟ੍ਰੈਕ ਉੱਪਰ ਕਰਬੀ ਸੈਂਟਰ ਨੇੜੇ ਹੋਈ ਸੀ। ਦੋਵੇਂ ਇਕ ਦੂਜੇ ਨੂੰ ਜਾਣਦੇ ਸਨ ਤੇ ਲੜਾਈ ਮਗਰੋਂ ਮੇਥਰਜ਼ ਨੇ ਯੰਕਰ ਨੂੰ ਛੁਰਾ ਮਾਰ ਦਿੱਤਾ ਜਿਹੜਾ ਉਸ ਲਈ ਜਾਨਲੇਵਾ ਸਾਬਤ ਹੋਇਆ। ਕ੍ਰਿਸਟੌਫ਼ਰ ਡਗਲਸ ਮੇਥਰਜ਼ ਦਾ ਇਸ ਕਤਲ ਪਿਛੇ ਹੱਥ ਹੋਣ ਦੀ ਸੂਚਨਾ ਪੁਲਿਸ ਨੂੰ ਮਿਲੀ ਸੀ ਪਰ ਉਹ ਆਪਣੇ ਘਰੋਂ ਗਾਇਬ ਪਾਇਆ ਗਿਆ। ਸੋਮਵਾਰ ਨੂੰ ਉਸ ਦੇ ਖਿਲਾਫ਼ ਵੌਰੰਟ ਜਾਰੀ ਕਰ ਦਿੱਤਾ ਗਿਆ । ਉਸ ਨੇ ਲੰਘੇ ਸ਼ਨੀਵਾਰ ਵਾਲੇ ਦਿਨ ਬ੍ਰਿਟਿਸ਼ ਕੋਲੰਬੀਆ ਦੇ ਸੈਮਨ ਆਰਮ ਆਰ.ਸੀ.ਐਮ.ਪੀ. ਦੇ ਹਵਾਲੇ ਖੁਦ ਨੂੰ ਪੇਸ਼ ਕਰ ਦਿੱਤਾ।

# ਮਾਸੜ ਦੀਆਂ ਗੋਲੀਆਂ ਦਾ ਸ਼ਿਕਾਰ 19 ਸਾਲਾ ਵਿਦਿਆਰਥੀ ਦੀ ਮ੍ਰਿਤਕ ਦੇਹ ਪੰਜਾਬ ਭੇਜਣ ਲਈ ਗੋ ਫੰਡ ਸ਼ੁਰੂ ਕੀਤਾ



ਐਡਮੰਟਨ(ਪੰਜਾਬੀ ਅਖਬਾਰ ਬਿਊਰੋ) ) ਬੀਤੀ 7 ਮਈ 2021 ਦੀ ਸਵੇਰ ਨੂੰ ਐਡਮੰਟਨ ਵਿੱਚ ਪਰਿਵਾਰਕ ਝਗੜੇ ਦੀ ਭੇਟ ਚੜ੍ਹ ਗਏ ਅੰਤਰਰਾਸਟਰੀ ਵਿਦਿਆਰਥੀ 19 ਸਾਲਾ ਹਰਮਨਜੋਤ ਸਿੰਘ ਭੱਠਲ ਦੀ ਮ੍ਰਿਤਕ ਦੇਹ ਪੰਜਾਬ ਭੇਜਣ ਲਈ ਉਸ ਦੇ ਸਹਿਯੋਗੀਆਂ ਵੱਲੋਂ ਫੇਸ ਬੁੱਕ ਉੱਪਰ ਗੋ ਫੰਡ ਸੁਰੂ ਕੀਤਾ ਗਿਆ ਹੈ। ਮਾਪਿਆਂ ਦਾ ਇਕਲੌਤਾ ਪੁੱਤਰ ਸਾਲ 2018 ਵਿੱਚ ਕਨੇਡਾ ਪੜ੍ਹਨ ਆਇਆ ਸੀ। ਮਾਪਿਆਂ ਨੇ ਕਰਜਾ ਚੁੱਕ ਭੇਜਿਆ ਸੀ ਹਰਮਨਜੋਤ ਨੇ ਆਪਣੇ ਪੈਰਾਂ ਸਿਰ ਹੋ ਕੇ ਹੁਣ ਆਪਣੇ ਮਾਪਿਆਂ ਦੀ ਮੱਦਦ ਕਰਨੀ ਸੀ ਅਤੇ ਉਹਨਾਂ ਦੇ ਸੁਪਨੇ ਪੂਰੇ ਕਰਨੇ ਸੀ ਪਰ ਮਾਸੀ ਮਾਸੜ ਦੇ ਪਰਿਵਾਰਕ ਕਲੇਸ਼ ਦੌਰਾਨ ਉਸਦਾ ਸੁਪਨਿਆ ਦਾ ਸੰਸਾਰ ਤਬਾਹ ਹੋ ਗਿਆ। ਮ੍ਰਿਤਕ ਹਰਮਨਜੋਤ ਸਿੰਘ ਭੱਠਲ ਦੇ ਮਾਪਿਆਂ ਵੱਲੋਂ ਅਧਿਕਾਰਤ ਇਸ ਸਮੁੱਚੇ ਕੇਸ ਦੀ ਪੈਰਵੀ ਕਰ ਰਹੇ ਐਡਮੰਟਨ ਵਾਸੀ ਸ: ਗੁਲਜਾਰ ਸਿੰਘ ਨਿਰਮਾਣ ਨੇ ਦੱਸਿਆ ਫੰਡ ਇਕੱਠਾ ਕਰਨ ਲਈ ਭਾਵੇਂ 50,000 ਡਾਲਰ ਦਾ ਟੀਚਾ ਮਿਥਿਆ ਗਿਆ ਹੀ ਪਰ ਬਹੁਤ ਹੀ ਥੋੜੇ ਘੰਟਿਆਂ ਵਿੱਚ 55,000 ਡਾਲਰ ਦੇ ਕਰੀਬ ਫੰਡ ਇਕੱਠਾ ਹੋ ਗਿਆ ਹੈ । ਮ੍ਰਿਤਕ ਦੇਹ ਮਾਪਿਆਂ ਕੋਲ ਪੰਜਾਬ ਭੇਜਣ ਲਈ ਕਾਗਜੀ ਕਾਰਵਾਈ ਚੱਲ ਰਹੀ ਹੈ, ਉਹਨਾਂ ਸਮੁੱਚੇ ਭਾਈਚਾਰੇ ਦਾ ਧੰਨਵਾਦ ਵੀ ਕੀਤਾ ਜਿਹਨਾਂ ਨੇ ਔਖੇ ਸਮੇਂ ਮਿਰਤਕ ਹਰਮਨਜੋਤ ਦੇ ਪਰਿਵਾਰ ਦੀ ਮੱਦਦ ਕਰਨ ਲਈ ਵਧ ਚੜ੍ਹਕੇ ਯੋਗਦਾਨ ਪਾਇਆ।

# ਆਇਸ ਹਾਕੀ ਦੇ ਪੰਜਾਬੀ ਬਰੌਡਕਾਸਟਰ ਹਰਨਾਰਾਇਣ ਸਿੰਘ ਨੂੰ ਸਾਲ 2021 ਦਾ ਪੀਸ ਪੈਟਰਨ ਐਵਾਰਡ ਮਿਲਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਾਕੀ ਨਾਇਟ ਕੈਨੇਡਾ ਦੇ ਅਨਾਉਂਸਰ, ਭਾਰਤੀ ਮੂਲ ਦੇ ਸਿੱਖ ਨੌਜਵਾਨ ਹਰਨਾਰਾਇਣ ਸਿੰਘ ਨੂੰ ਮੋਜ਼ਾਇਕ ਇੰਸਟੀਟਿਊਟ ਦੇ ਸਾਲ 2021 ਦੇ ਸ਼ਾਨਾਂ ਮੱਤੇ ਪੀਸ ਪੈਟਰਨ ਐਵਾਰਡ ਨਾਲ ਸਨਮਾਨਿਆ ਗਿਆ ਹੈ। ਹਰਨਾਰਾਇਣ ਸਿੰਘ ਦੀਆਂ ਪ੍ਰਾਪਤੀਆਂ ਦਾ ਸਤਿਕਾਰ ਕਰਦਿਆਂ ਉਸ ਨੂੰ ਇਹ ਸਨਮਾਨ ਦਿੱਤਾ ਗਿਆ ਹੈ। ਪਿਛੇ ਜਿਹੇ ਹੀ ਹਰਨਾਰਾਇਣ ਸਿੰਘ ਨੂੰ ਔਇਲਰਜ਼ ਗੇਮ ਵਾਸਤੇ ਹਾਕੀ ਨਾਇਟਸ ਦੇ ਇੰਗਲਿਸ਼ ਬ੍ਰੌਡਕੈਸਟਰ ਵੱਜੋਂ ਵੀ ਪਛਾਣ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਉਹ ਆਇਸ ਹਾਕੀ ਨੂੰ ਪੰਜਾਬੀ ਪਰਿਵਾਰਾਂ ਵਿੱਚ ਲੈ ਗਏ ਸਨ ਤੇ ਪੰਜਾਬੀ ਕੁਮੈਂਟਰੀ ਨੂੰ ਨਵਾਂ ਸਥਾਨ ਦਿੱਤਾ ਸੀ। ਹਰਨਾਰਾਇਣ ਸਿੰਘ ਹੁਣ ਤੱਕ 700 ਤੋਂ ਜ਼ਿਆਦਾ ਹਾਕੀ ਗੇਮਸ ਬ੍ਰੌਡਕਾਸਟ ਕਰ ਚੁੱਕੇ ਹਨ ਤੇ ਉਹਨਾਂ ਨੂੰ ਗਵਰਨਰ ਜਨਰਲ ਮੈਰਿਟੋਰੀਅਸ ਅਡਾਰਡ ਅਤੇ ਸਾਲ 2018 ਦਾ ਬ੍ਰਾਇਨ ਵਿਲੀਅਮਜ਼ ਮੀਡੀਆ ਅਵਾਰਡ ਵੀ ਮਿਲ ਚੁੱਕਿਆ ਹੈ। ਉਹ ਸ਼ੈਵਰਲੇ'ਜ਼ ਗੁਡ ਡੀਡਜ਼ ਅਤੇ ਐਨ.ਐਚ.ਐਲ. ਦੇ 'ਹਾਕੀ ਇਜ਼ ਫੌਰ ਐਵਰੀਵੰਨ' ਪ੍ਰੋਗਰੈਮ ਦੇ ਬ੍ਰੈਂਡ ਐਂਬੈਸੇਡਰ ਵੀ ਰਹਿ ਚੁੱਕੇ ਹਨ।


## ਰੈਡਸਟੋਨ ਡੁਪਲੈਕਸ-ਬਹੁਤ ਤੇਜੀ ਨਾਲ ਵਿਕ ਰਹੇ ਹਨ




**PIPER**
- 3 ਬੈੱਡਰੂਮ, 2.5 ਬਾਥਰੂਮ
- 9 ਫੁੱਟ ਮੇਨ ਫਲੋਰ ਛੱਤ, ਓਪਨ ਪਲੈਨ ਦਾ ਘਰ
- ਸਾਈਡ ਤੇ ਐਂਟਰੀ, ਵੱਡੇ ਪਰਿਵਾਰ ਲਈ ਸਹੂਲਤ
- ਕਿਚਨ ਵਿੱਚ ਆਇਲੈਂਡ, ਸਿੰਕ ਏਰੀਆ 'ਤੇ ਵੱਡੀ ਖਿੜਕੀ
- ਸ਼ਾਨਦਾਰ ਸਟੋਨ ਕਿਚਨ ਕਾਊਂਟਰ ਟੌਪ
- ਉਪਰਲੀ ਮੰਜ਼ਲ 'ਤੇ ਲੌਂਡਰੀ ਦੀ ਸਹੂਲਤ
- ਸੈਕੰਡਰੀ ਬੈੱਡਰੂਮ, ਸ਼ੋਰ ਸ਼ਰਾਬੇ ਤੋਂ ਰਹਿਤ ਮੁੱਖ ਬੈੱਡਰੂਮ ਤੋਂ ਦੂਰ,
- ਵੱਡੇ ਸਾਇਜ਼ ਦਾ ਮਾਸਟਰ ਸੁਈਟ, 3 ਪੀਸ ਸੁਈਟ ਅਤੇ ਵੱਡੀ ਵੌਕ ਇਨ ਕਲੋਜ਼ੈੱਟ

**PENN**
- 9 ਫੁੱਟ ਮੇਨ ਫਲੋਰ ਛੱਤ, ਓਪਨ ਪਲੈਨ ਦਾ ਘਰ
- ਸਾਈਡ ਤੇ ਐਂਟਰੀ, ਵੱਡੇ ਪਰਿਵਾਰ ਲਈ ਸਹੂਲਤ
- ਕਿਚਨ ਵਿੱਚ ਆਇਲੈਂਡ, ਦੋ ਦਰਵਾਜ਼ਿਆਂ ਵਾਲੀ ਵੌਲ ਪੈਂਟਰੀ ਤੇ ਰੌਸ਼ਨ ਕੋਨਾ
- ਸ਼ਾਨਦਾਰ ਸਟੋਨ ਕਿਚਨ ਕਾਊਂਟਰ ਟੌਪ
- ਉਪਰਲੀ ਮੰਜ਼ਲ 'ਤੇ ਲੌਂਡਰੀ ਦੀ ਸਹੂਲਤ
- ਸੈਕੰਡਰੀ ਬੈੱਡਰੂਮ, ਸ਼ੋਰ ਸ਼ਰਾਬੇ ਤੋਂ ਰਹਿਤ ਮੁੱਖ ਬੈੱਡਰੂਮ ਤੋਂ ਦੂਰ
- ਮਾਸਟਰ ਸੁਈਟ 4 ਪੀਸ ਵਾਲੀ ਅਤੇ ਵੱਡੀ ਵੌਕ ਇਨ ਕਲੋਜ਼ੈੱਟ




CONTACT US TODAY FOR MORE INFORMATION
NuVista HOMES — A QUALICO Company
ANGELA RAY 403-454-8171
Email:redstone2@nuvistahomes.com








**Sukhi Da Dhaba**
Restaurant & Sweet Shop
5058-68 St NE Calgary (AB) 403 452 5513

ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ





A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

**A-Plus Foreign Exchange**
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2



**Kewal Sangha**
**587 582 6666**

- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

**A Plus**
**Immigration & NRI Solutions**
nriservicecalgary@gmail.com

# ਕਰੋਨਾ ਕਾਰਣ ਭਾਵੇਂ ਕਾਰੋਬਾਰ ਠੱਪ ਹੋ ਗਏ ਹਨ ਪਰ ਭੰਗ ਅਤੇ ਸ਼ਰਾਬ ਦੇ ਕਾਰੋਬਾਰ ਨੂੰ ਹੁਲਾਰਾ ਮਿਲਿਆ ਹੈ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਭਰ ਵਿੱਚ ਕੋਰੋਨਾ ਵਾਇਰਸ ਦੀ ਮਹਾਮਾਰੀ ਦਰਮਿਆਨ ਜਿਥੇ ਬਹੁਤੇ ਕੰਮ-ਕਾਰ ਲਗਪਗ ਠੱਪ ਹੋ ਗਏ ਹਨ ਪਰ ਅਜਿਹੇ ਵਿੱਚ ਸ਼ਰਾਬ ਅਤੇ ਭੰਗ ਦੀ ਵਿੱਕਰੀ ਵਿੱਚ ਕੋਈ ਫ਼ਰਕ ਨਹੀਂ ਆਇਆ ਹੈ। ਭੰਗ ਦੇ ਕਾਰੋਬਾਰ ਵਿੱਚ ਚੋਖੀ ਤੇਜ਼ੀ ਦੇਖੀ ਜਾ ਰਹੀ ਹੈ ਜਿਸ ਮਗਰੋਂ ਭੰਗ ਦੇ ਕਈ ਵਪਾਰੀਆਂ ਨੇ ਆਪਣੇ ਕਾਰੋਬਾਰ ਨੂੰ ਫੈਲਾਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਸਟ੍ਰੈਸ ਅਤੇ ਤਨਾਅ ਦਾ ਪੱਧਰ ਘੱਟ ਕਰ ਲਈ ਲੋਕਾਂ ਵੱਲੋਂ ਸੀਬੀਡੀ ਔਇਲ ਕੈਪਸੂਲ ਲਏ ਜਾ ਰਹੇ ਹਨ ਤੇ ਇਹਨਾਂ ਦੀ ਵਿਕਰੀ ਵਿੱਚ ਚੋਖਾ ਵਾਧਾ ਹੋਇਆ ਦਰਜ ਕੀਤਾ ਗਿਆ ਹੈ। ਐਲਬਰਟਾ ਗੇਮਿੰਗ, ਲਿਕਰ ਐਂਡ ਕੈਨਾਬਿਸ ਕਮਿਸ਼ਨ - ਏ.ਜੀ.ਐਲ.ਸੀ. ਦਾ ਕਹਿਣਾ ਹੈ ਕਿ ਪਿਛਲੇ ਸਾਲ ਅਪ੍ਰੈਲ ਤੋਂ ਦਸੰਬਰ ਦਰਮਿਆਨ 9 ਮਹੀਨਿਆਂ ਵਿੱਚ ਜਿੰਨੀ ਕਮਾਈ ਹੋਈ ਹੈ, ਉਹ ਉਸ ਤੋਂ ਪਿਛਲੇ ਪੂਰੇ ਸਾਲ ਦੇ ਮੁਕਾਬਲੇ ਕੀਤੀ ਗਈ ਕਮਾਈ ਤੋਂ ਕਿਤੇ ਜ਼ਿਆਦਾ ਹੈ। ਹੁਣ ਭੰਗ ਦੇ ਕਾਰੋਬਾਰੀਆਂ ਵੱਲੋਂ ਆਪੋ ਆਪਣੇ ਕੰਮ ਦਾ ਵਿਸਥਾਰ ਕਰਨ ਦੀ ਸੋਚੀ ਜਾ ਰਹੀ ਹੈ।

# ਉਂਝ ਭਾਵੇਂ ਉਹ ਸੁਪਰੀਮ ਕੋਰਟ ਦਾ ਜੱਜ ਸੀ ਪਰ ਰੰਗ ਦਾ ਕਾਲਾ ਹੋਣ ਕਾਰਣ ਪੁਲਿਸ ਨੇ ਚੁੱਕ ਲਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕਾਲੇ ਮੂਲ ਦੇ ਸੇਵਾਮੁਕਤ ਹੋ ਚੁੱਕੇ ਜੱਜ, 81 ਸਾਲਾ ਸਲਵਿਨ ਰੌਮਿਲੀ ਨੂੰ ਬੀਤੇ ਸ਼ੁਕਰਵਾਰ ਵਾਲੇ ਦਿਨ ਵੈਨਕੂਵਰ ਪੁਲਿਸ ਨੇ ਸਟੈਨਲੀ ਪਾਰਕ ਵਿੱਚ ਸੈਰ ਕਰਦਿਆਂ ਘੇਰ ਕੇ ਗ਼ਿਰਫ਼ਤਾਰ ਕਰ ਲਿਆ ਦੱਸਿਆ ਜਾਂਦਾ ਹੈ। ਉਹਨਾਂ ਨੂੰ ਹਥਕੜੀ ਲਗਾ ਦਿੱਤੀ ਗਈ ਤੇ ਦੱਸਿਆ ਗਿਆ ਕਿ ਪੁਲਿਸ ਕਾਲੇ ਮੂਲ ਦੇ 40-50 ਸਾਲ ਦੀ ਉਮਰ ਦੇ ਇੱਕ ਵਿਅਕਤੀ ਦੀ ਭਾਲ ਵਿੱਚ ਸੀ ਤੇ ਸੇਵਾ ਮੁਕਤ ਜੱਜ ਨੂੰ ਗ਼ਲਤੀ ਨਾਲ ਉਹੀ ਵਿਅਕਤੀ ਸਮਝ ਕੇ ਕਾਬੂ ਕਰ ਲਿਆ ਗਿਆ। ਪੁਲਿਸ ਦੀ ਇਸ ਹਰਕਤ ‘ਤੇ ਉਸ ਨੂੰ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਪੁੱਛਿਆ ਜਾ ਰਿਹਾ ਹੈ ਕਿ ਕਿ 40-50 ਸਾਲ ਦੀ ਉਮਰ ਦੇ ਕਿਸੇ ਗੋਰੇ ਦੀ ਭਾਲ ਵਿੱਚ 81 ਸਾਲਾ ਕਿਸੇ ਗੋਰੇ ਬਜ਼ੁਰਗ ਨੂੰ ਹੱਥਕੜੀਆਂ ਲਗਾਈਆਂ ਜਾ ਸਕਦੀਆਂ ਸਨ? ਹੁਣ ਵੈਨਕੂਵਰ ਪੁਲਿਸ ਨੇ ਮਾਫੀ ਮੰਗ ਲਈ ਹੈ ਪਰ ਪੁਲਿਸ ਵਿੱਚ ਫੈਲੇ ਸਿਸਟੈਮਿਕ ਰੇਸਿਜ਼ਮ ਦਾ ਭੱਦਾ ਚਿਹਰਾ ਇੱਕ ਬਾਰ ਫਿਰ ਨੰਗਾ ਹੋ ਗਿਆ ਹੈ। ਜੱਜ ਰੋਮਿਲੀ, ਟ੍ਰਿਨਿਡੈਡ ਵਿੱਚ ਪੈਦਾ ਹੋਏ ਸਨ ਤੇ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਪਹਿਲੇ ਕਾਲੇ ਮੂਲ ਦੇ ਜੱਜ ਬਣੇ ਸਨ।



# ਸਮਰ ਕੈਂਪਿੰਗ ਵਾਲੇ ਵੀ ਉਡੀਕਦੇ ਹਨ ਕਿ ਪਾਬੰਦੀਆਂ ਕਦੋਂ ਖੁੱਲਣਗੀਆਂ ?



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਵਾਇਰਸ ਮਹਾਮਾਰੀ ਦੇ ਚੱਲਦਿਆਂ ਇਸ ਸਾਲ ਵੀ ਸਮਰ ਕੈਂਪਿੰਗ ‘ਤੇ ਗ਼ੈਰ-ਯਕੀਨੀ ਦੇ ਬੱਦਲ ਛਾਏ ਹੋਏ ਹਨ ਤੇ ਐਲਬਰਟਾ ਸਰਕਾਰ ਵੱਲੋਂ ਇਸ ਸੰਬੰਧੀ ਕੋਈ ਫੈਸਲਾ ਨਾ ਲਏ ਜਾਣ ਕਾਰਨ ਪੂਰੀ ਇੰਡਸਟਰੀ ਵੱਲੋਂ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ। ਕੈਨਾਨੈਸਕਿਸ ਸਥਿਤ ‘ਕੈਂਪ ਕੈਡੀਕਾਸੂ’ ਦੀ ਐਗਜ਼ੈਕਟਿਵ ਡਾਇਰੈਕਟਰ ਹੈਦਰ -’ਨੀਲ ਦਾ ਕਹਿਣਾ ਹੈ ਕਿ ਰਾਤ ਅਤੇ ਦਿਨ ਵਾਸਤੇ ਲੱਗਣ ਵਾਲੇ ਸਮਰ ਕੈਂਪਾਂ ਨੂੰ ਲੈ ਕੇ ਕੋਈ ਆਖ਼ਰੀ ਫੈਸਲਾ ਨਹੀਂ ਲਿਆ ਜਾ ਸਕਿਆ ਹੈ ਤੇ ਜੇ ਸਰਕਾਰ ਕੋਈ ਸੰਕੇਤ ਦੇਵੇਗੀ ਤਾਂ ਹੀ ਹਾਇਰਿੰਗ, ਪਲੈਨਿੰਗ ਅਤੇ ਪਰਿਵਾਰਾਂ ਨੂੰ ਸੂਚਿਤ ਕਰਨ ਦਾ ਕੰਮ ਸ਼ੁਰੂ ਹੋ ਸਕੇਗਾ। ਉਹਨਾਂ ਕਿਹਾ ਜੇ ਇਸ ਮਹੀਨੇ ਦੇ ਅੰਤ ਤੱਕ ਕੋਈ ਸੂਚਨਾ ਜਾਰੀ ਨਹੀਂ ਹੁੰਦੀ ਤਾਂ ਇਸ ਸਾਲ ਦਾ ਇਹ ਪ੍ਰੋਗਰਾਮ ਖਟਾਈ ਵਿੱਚ ਪੈ ਸਕਦਾ ਹੈ। ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਨੇ ਕਿਹਾ ਹੈ ਕਿ ਇਸ ਸੰਬੰਧੀ ਇਸ ਮਹੀਨੇ ਦੇ ਅੰਦਰ ਅੰਦਰ ਫੈਸਲਾ ਲਿਆ ਜਾ ਸਕਦਾ ਹੈ।







# ਹੁਣ ਕੈਲਗਰੀ ਵਾਲੇ ਪਾਦਰੀ ਨੂੰ ਵੀ ਨਿਯਮਾਂ ਦੀ ਉਲੰਘਣਾਂ ਕਰਨ ਕਰਕੇ ਪੁਲਿਸ ਹਿਰਾਸਤ ਵਿੱਚ ਲੈ ਲਿਆ ਗਿਆ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਦਾ ਉਲੰਘਣ ਕਰਨ ਅਤੇ ਕੋਰਟ ਔਫ਼ ਕੁਈਨ'ਜ਼ ਬੈਂਚ ਦੇ ਹੁਕਮਾਂ ਦੀ ਅਦੂਲੀ ਕਰਨ ਕਰਕੇ ਕੈਲਗਰੀ ਦੀ 78 ਐਵੇਨਿਊ ਸਾਊਥ ਈਸਟ 'ਤੇ ਸਥਿਤ ਫੇਅਰਵਿਊ ਬੈਪਟਿਸਟ ਚਰਚ ਦੇ ਪੈਸਟਰ ਟਿਮ ਸਟੀਵਨਜ਼ ਨੂੰ ਗ਼ਿਰਫ਼ਤਾਰ ਕਰ ਲਏ ਜਾਣ ਦੀ ਸੂਚਨਾ ਹੈ ਚਰਚ ਵਿੱਚ ਐਤਵਾਰ ਨੂੰ ਧਾਰਮਿਕ ਇਕੱਠ ਕਰਨ ਕਰਕੇ ਪੈਸਟਰ ਟਿਮ ਸਟੀਵਨਜ਼ ਨੂੰ ਗ਼ਿਰਫ਼ਤਾਰ ਕਰ ਲਏ ਜਾਣ ਮਗਰੋਂ ਸੋਮਵਾਰ ਨੂੰ ਇਹ ਚਰਚ ਵੀ ਬੰਦ ਕਰ ਦਿੱਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਐਤਵਾਰ ਨੂੰ ਇਕੱਠੇ ਹੋਏ ਲੋਕਾਂ ਨੇ ਨਾ ਸਮਾਜਕ ਵਿੱਥ ਰੱਖੀ ਤੇ ਨਾ ਹੀ ਮਾਸਕ ਆਦਿ ਪਾਇਆ ਹੋਇਆ ਸੀ ਤੇ ਨਾ ਹੀ ਘੱਟੋ ਘੱਟ ਗਿਣਤੀ ਦਾ ਧਿਆਨ ਰੱਖਿਆ ਗਿਆ ਸੀ। ਇਸ ਤੋਂ ਇਲਾਵਾ ਕੋਰਟ ਔਫ਼ ਕੁਈਨ'ਜ਼ ਬੈਂਚ ਵੱਲੋਂ ਜਾਰੀ ਆਦੇਸ਼ ਦਾ ਵੀ ਉਲੰਘਣ ਕੀਤਾ ਗਿਆ। ਐਲਬਰਟਾ ਹੈਲਥ ਸਰਵਿਸਿਜ਼ ਨੇ ਕੋਰਟ ਔਫ਼ ਕੁਈਨ'ਜ਼ ਬੈਂਚ ਤੋਂ ਕਿਸੇ ਵੀ ਤਰ੍ਹਾਂ ਦੇ ਜਨਤਕ ਇਕੱਠਾਂ ਦੇ ਖਿਲਾਫ਼ ਸਟੇਅ ਲਿਆ ਹੋਇਆ ਹੈ। ਐਤਵਾਰ ਵਾਲੇ ਦਿਨ ਚਰਚ ਵਿੱਚ 100 ਤੋਂ 150 ਦੇ ਕਰੀਬ ਲੋਕ ਹਾਜ਼ਰ ਸਨ। ਪਰ ਖ਼ਬਰ ਲਿਖੇ ਜਾਣ ਤੱਕ ਵਿਵਾਦਿਤ ਫੇਅਰਵਿਊ ਬੈਪਟਿਸਟ ਚਰਚ ਦੇ ਪੈਸਟਰ ਟਿਮ ਸਟੀਵਨਜ਼ ਨੂੰ ਰਿਹਾ ਕਰ ਦਿੱਤਾ ਗਿਆ ਹੈ।

ਉੱਧਰ, ਮਨਾਹੀ, ਜੁਰਮਾਨਿਆਂ ਤੇ ਘੇਰਾਬੰਦੀ ਕੀਤੇ ਜਾਣ ਤੋਂ ਬਾਦ ਵੀ ਐਡਮੰਟਨ ਦੀ ਗ੍ਰੇਸ ਲਾਇਫ਼ ਚਰਚ ਵੱਲੋਂ ਹਫ਼ਤਾਵਾਰੀ ਧਾਰਮਿਕ ਇਕੱਠ ਕੀਤੇ ਜਾਣ ਦਾ ਸਿਲਸਿਲਾ ਜਾਰੀ ਹੈ ਤੇ ਸਰਕਾਰ ਵੱਲੋਂ ਹੁਣ ਇਸ ਖਿਲਾਫ਼ ਹੋਰ ਸਖ਼ਤੀ ਕੀਤੇ ਜਾਣ ਦੀ ਤਿਆਰੀ ਹੈ। ਬੰਦ ਹੋਣ ਦੇ ਬਾਵਜੂਦ ਚਰਚ ਨੇ ਯੂ-ਟਿਊਬ 'ਤੇ ਵਿਡੀ-ਜ਼ ਪੋਸਟ ਕੀਤੀਆਂ ਹਨ ਜਿਹਨਾਂ ਵਿੱਚ ਪੈਸਟਰ ਜੇਮਜ਼ ਕੋਟਸ ਪ੍ਰਵਚਨ ਕਰਦੇ ਨਜ਼ਰ ਆ ਰਹੇ ਹਨ ਪਰ ਇਹ ਇਕੱਠ ਕਿਸ ਥਾਂ ਕੀਤੇ ਗਏ, ਇਸ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਵੀਡੀ- ਵਿੱਚ ਕੋਈ ਵੀ ਹੋਰ ਦਿਖਾਈ ਨਹੀਂ ਦਿੰਦਾ, ਪਰ ਵੀਡੀ- ਵਿੱਚ ਕਈ ਵਾਰ ਕੁੱਝ ਲੋਕ ਸੁਣਾਈ ਦਿੰਦੇ ਹਨ। ਇੱਕ ਘੰਟੇ ਦੇ ਆਪਣੇ ਪ੍ਰਵਚਨ ਵਿੱਚ ਪੈਸਟਰ ਕੋਟਸ ਬੋਲਦੇ ਵਿਖਾਈ ਦੇ ਰਹੇ ਹਨ। ਇਸ ਤੋਂ ਪਹਿਲਾਂ ਦੀਆਂ ਵੀਡੀ-ਜ਼ ਵਿੱਚ ਸਾਹਮਣੇ ਬੈਠੇ ਲੋਕਾਂ ਨੂੰ ਵੀ ਦਿਖਾਇਆ ਜਾਂਦਾ ਸੀ ਪਰ ਇਸ ਵੀਡੀ- ਵਿੱਚ ਲੋਕਾਂ ਨੂੰ ਕੈਮਰੇ ਵਿੱਚ ਕਵਰ ਨਹੀਂ ਕੀਤਾ ਗਿਆ ਹੈ।

## ਕਰੋਨਾ ਕੇਸਾਂ ਦੀ ਗਿਣਤੀ ਲੰਘੀ 30 ਮਾਰਚ ਤੋਂ ਬਾਦ ਪਹਿਲੀ ਵਾਰ 1000 ਤੋਂ ਘੱਟ ਦਰਜ ਕੀਤੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਵਿਡ-19 ਦੇ ਐਕਟਿਵ ਕੇਸਾਂ ਦੀ ਗਿਣਤੀ ਲੰਘੀ 30 ਮਾਰਚ ਤੋਂ ਬਾਦ ਪਹਿਲੀ ਵਾਰ 1000 ਤੋਂ ਘੱਟ ਦਰਜ ਕੀਤੀ ਗਈ ਹੈ ਤੇ ਇਸ ਸੰਖਿਆ ਬੀਤੇ 24 ਘੰਟਿਆਂ ਦੌਰਾਨ 721 'ਤੇ ਪਹੁੰਚੀ ਦਰਜ ਹੋਈ ਹੈ। 6 ਅਪ੍ਰੈਲ ਤੋਂ ਬਾਦ ਇਹ ਅੰਕੜਾ ਸਭ ਤੋਂ ਘੱਟ ਦਰਜ ਹੋਇਆ ਹੈ। ਐਕਟਿਵ ਕੇਸਾਂ ਦੀ ਕੁੱਲ ਸੰਖਿਆ ਸੂਬੇ ਵਿੱਚ ਘਟ ਕੇ 21288 'ਤੇ ਆ ਗਈ ਹੈ। 30 ਅਪ੍ਰੈਲ ਵਾਲੇ ਦਿਨ ਇਹ ਗਿਣਤੀ 22 ਹਜ਼ਾਰ ਸੀ। ਇੰਟੈਂਸਿਵ ਕੇਅਰ ਯੂਨਿਟਸ ਵਿੱਚ ਭਰਤੀ ਮਰੀਜ਼ਾਂ ਦੀ ਸੰਖਿਆ 181 ਅਤੇ ਹਸਪਤਾਲਾਂ ਵਿੱਚ ਇਸ ਵਾਇਰਸ ਦੇ ਮਰੀਜ਼ਾਂ ਦੀ ਕੁੱਲ ਗਿਣਤੀ 678 'ਤੇ ਪਹੁੰਚੀ ਦਰਜ ਹੋਈ ਹੈ। ਫ਼ਰਬਰੀ ਤੋਂ ਬਾਦ ਪਹਿਲੀ ਵਾਰ ਇਨਫੈਕਸ਼ਨ ਦੇ ਫੈਲਣ ਦੀ ਦਰ 1% ਤੋਂ ਘੱਟ ਦਰਜ ਕੀਤੀ ਗਈ ਹੈ। ਇਸ ਦੌਰਾਨ 5 ਹੋਰ ਵਿਅਕਤੀਆਂ ਦੀ ਮੌਤ ਇਸ ਵਾਇਰਸ ਕਾਰਨ ਹੋਈ ਰਿਪੋਰਟ ਕੀਤੀ ਗਈ ਹੈ ਤੇ ਸੂਬੇ ਵਿੱਚ ਮਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ 2148 'ਤੇ ਪਹੁੰਚ ਗਈ ਹੈ।
























# ਜੇ ਇਸ ਸਾਲ ਸਟੈਂਪੀਡ ਮੇਲਾ ਹੋਇਆ ਤਾਂ ਉਹ ਵੀ ਵੱਖਰੀ ਕਿਸਮ ਦਾ ਹੀ ਹੋਵੇਗਾ।



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਚੱਲਦਿਆਂ ਪਿਛਲੇ ਸਾਲ ਕੈਲਗਰੀ ਸਟੈਂਪੀਡ ਨਾ ਕਰਵਾ ਸਕਣ ਵਾਲੇ ਕੈਲਗਰੀ ਸਟੈਂਪੀਡ ਔਰਗੇਨਾਇਜ਼ਰਾਂ ਨੇ ਆਸ ਪ੍ਰਗਟ ਕੀਤੀ ਹੈ ਕਿ ਉਹ ਇਸ ਸਾਲ ਸਟੈਂਪੀਡ ਕਰਵਾਉਣ ਵਿੱਚ ਕਾਮਯਾਬ ਹੋ ਸਕਦੇ ਹਨ। ਸਟੈਂਪੀਡ ਦੀ ਬੁਲਾਰੀ ਕ੍ਰਿਸਟਿਨਾ ਬਾਰਨਜ਼ ਦਾ ਕਹਿਣਾ ਹੈ ਕਿ ਇਹ ਵਿਸ਼ਾਲ ਮੇਲਾ ਬਹੁਤ ਸੁਰੱਖਿਅਤ ਹੋਵੇਗਾ। ਉਹਨਾਂ ਕਿਹਾ ਇਸ ਵਾਰ ਦਾ ਤਜਰਬਾ ਬਿਲਕੁਲ ਨਿਵੇਕਲਾ ਹੋਵੇਗਾ ਤੇ ਸਾਰੀਆਂ ਇਵੈਂਟਸ ਵੀ ਹੋਣਗੀਆਂ ਪਰ ਸਿਹਤ-ਸੁਰੱਖਿਆ ਦਾ ਘੇਰਾ ਬਹੁਤ ਮਜ਼ਬੂਤ ਹੋਵੇਗਾ। ਕ੍ਰਿਸਟਿਨਾ ਨੇ ਕਿਹਾ ਕਿ ਉਹ ਐਲਬਰਟਾ ਹੈਲਥ ਸਰਵਿਸਿਜ਼ ਨਾਲ ਤਾਲਮੇਲ ਬਣਾ ਰਹੇ ਹਨ। 200 ਏਕੜ ਵਿੱਚ ਫੈਲੇ ਇਸ ਸਟੈਂਪੀਡ ਮੇਲੇ ਵਿੱਚ ਲੋਕਾਂ ਨੂੰ ਇੱਕ ਦੂਜੇ ਤੋਂ ਸਮਾਜਕ ਵਿੱਥ 'ਤੇ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ਤੇ ਚੱਪੇ ਚੱਪੇ 'ਤੇ ਨਜ਼ਰ ਰੱਖੇ ਜਾਣ ਦੇ ਪ੍ਰਬੰਧ ਕੀਤੇ ਜਾਣਗੇ।

# 2017 ਵਿੱਚ ਹੋਏ ਕਤਲ ਦੇ ਦੋਸ਼ੀ ਨੂੰ 28 ਮਈ ਨੂੰ ਸਜਾ ਸੁਣਾਈ ਜਾਵੇਗੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਸਾਲ 2017 ਵਿੱਚ ਹੋਏ ਕਤਲ ਦੇ ਇੱਕ ਮਾਮਲੇ ਵਿੱਚ ਰੌਬਰਟ ਕਡਨੀ ਨਾਮ ਦੇ ਵਿਅਕਤੀ ਨੂੰ ਜਿਊਰੀ ਨੇ ਸੈਕਿੰਡ ਡਿਗਰੀ ਮਰਡਰ ਦਾ ਦੋਸ਼ੀ ਐਲਾਨਿਆ ਹੈ। ਸਿਰਫ਼ ਇੱਕ ਦਿਨ ਚੱਲੀ ਡੈਲਿਬ੍ਰੇਸ਼ਨਜ਼ ਤੋਂ ਬਾਦ ਸ਼ਨੀਵਾਰ ਦੀ ਬਾਦ ਦੁਪਹਿਰ ਇਹ ਫੈਸਲਾ ਸੁਣਾਇਆ ਗਿਆ। ਨਵੰਬਰ 2017 ਵਿੱਚ ਕੈਲਗਰੀ ਨਿਵਾਸੀ ਐਡਮ ਯੰਗ ਨਾਮ ਦਾ ਵਿਅਕਤੀ ਲਾਪਤਾ ਹੋ ਗਿਆ ਸੀ। 13 ਮਹੀਨਿਆਂ ਦੀ ਜਾਂਚ ਮਗਰੋਂ 41 ਸਾਲਾ ਰੌਬਰਟ ਕਡਨੀ ਦੇ ਖਿਲਾਫ਼ ਚਾਰਜਿਜ਼ ਲਗਾਏ ਹਏ ਸਨ। ਉਸ ਦੇ ਨਾਲ ਦਾ ਇੱਕ ਵਿਅਕਤੀ ਜੈਫ਼ਰੀ ਬਰੇਡੀ ਨੂੰ ਗ਼ਿਰਫ਼ਤਾਰ ਕਰ ਲਿਆ ਗਿਆ ਸੀ। ਐਡਮ ਯੰਗ ਦੀ ਲਾਸ਼ ਕਦੀ ਵੀ ਨਹੀਂ ਮਿਲ ਸਕੀ। ਇਹ ਤਿੰਨੋ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਕਡਨੀ ਨੂੰ ਹੁਣ 28 ਮਈ ਨੂੰ ਸਜ਼ਾ ਸੁਣਾਈ ਜਾਵੇਗੀ ਤੇ ਉਸ ਨੂੰ ਘੱਟੋ ਘੱਟ 10 ਸਾਲ ਜੇਲ ਵਿੱਚ ਜ਼ਰੂਰ ਰਹਿਣਾ ਪਵੇਗਾ ਤੇ ਫਿਰ ਹੀ ਉਸ ਦੀ ਪੈਰੋਲ ਬਾਰੇ ਚਰਚਾ ਹੋਵੇਗੀ।

# ਅਲਬਰਟਾ ਵਿੱਚ 3 ਲੱਖ ਤੋਂ ਵੱਧ ਲੋਕਾਂ ਨੂੰ ਦੋ ਦੋ ਸ਼ੌਟ ਲੱਗ ਚੁੱਕੇ ਹਨ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ 16 ਮਈ ਤੱਕ ਰਿਕਾਰਡ ਗਿਣਤੀ ਵਿੱਚ ਲੋਕਾਂ ਨੇ ਆਪੋ ਆਪਣੀ ਵੈਕਸਿਨ ਹਾਸਲ ਕੀਤੀ ਦਰਜ ਹੋਈ ਹੈ। ਬੀਤੀ 16 ਮਈ ਨੂੰ ਇਕ ਦਿਨ ਵਿੱਚ 66876 ਵਿਅਕਤੀਆਂ ਨੇ ਇਹ ਸ਼ੌਟ ਹਾਸਲ ਕੀਤੇ। ਲਗਪਗ 21 ਲੱਖ ਲੋਕਾਂ ਨੇ ਐਲਬਰਟਾ ਵਿੱਚ ਵੈਕਸਿਨ ਲੈ ਲਈ ਹੈ ਜਿਹਨਾਂ ਵਿੱਚੋਂ ਸਵਾ 3 ਲੱਖ ਤੋਂ ਜ਼ਿਆਦਾ ਨੂੰ ਦੋ-ਦੋ ਸ਼ੌਟਸ ਲੱਗ ਗਏ ਹਨ। 16 ਸਾਲ ਤੋਂ ਉੱਪਰ ਉਮਰ ਦੇ 49% ਤੋਂ ਜ਼ਿਆਦਾ ਲੋਕਾਂ ਨੂੰ ਇਹ ਵੈਕਸਿਨ ਲੱਗ ਚੁੱਕੀ ਦਰਜ ਹੋਈ ਹੈ। ਸੂਬੇ ਦੀ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਦਾ ਕਹਿਣਾ ਹੈ ਕਿ ਜੂਨ ਮਹੀਨੇ ਦੇ ਸ਼ੁਰੂ ਵਿੱਚ ਸਾਰਿਆਂ ਨੂੰ ਦੂਸਰੀ ਡੋਜ਼ ਦਿੱਤੇ ਜਾਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉੱਧਰ, ਕੈਲਗਰੀ ਵਿੱਚ ਇਸਲਾਮਿਕ ਸੁਪਰੀਮ ਕੌਂਸਿਲ ਔਫ਼ ਕੈਨੇਡਾ ਦੇ ਮੁਖੀ ਇਮਾਮ ਸਈਦ ਸੋਹਰਵਰਦੀ ਨੇ ਡਾ. ਡੀਨਾ ਹਿਨਸ਼ੌਅ ਨੂੰ ਲਿਖੀ ਇੱਕ ਚਿੱਠੀ ਵਿੱਚ ਧਾਰਮਿਕ ਇਕੱਠ ਜਾਰੀ ਰੱਖਣ ਦੀ ਆਗਿਆ ਦੇਣ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਧਾਰਮਿਕ ਇਕੱਠ, ਸਮਾਜਕ ਇਕੱਠਾਂ ਵਾਂਗ ਬੇਮੁਹਾਰੇ ਨਹੀਂ ਹੁੰਦੇ ਤੇ ਉਥੇ ਸਿਹਤ ਸੰਬੰਧੀ ਨਿਯਮਾਂ ਦਾ ਪਾਲਨ ਕੀਤਾ ਜਾ ਸਕਦਾ ਹੈ। ਮੌਜੂਦਾ ਸਮੇਂ ਧਾਰਮਿਕ ਸਥਾਨਾਂ 'ਤੇ ਸਿਰਫ਼ 15 ਵਿਅਕਤੀਆਂ ਦੇ ਇਕੱਠੇ ਹੋਣ ਦੀ ਆਗਿਆ ਹੈ।




MILLER IMMIGRATION LAW FIRM

We Speak Your Language: English and Punjabi

Assisting You With All Types of Applications for Temporary and Permanent Residence in Canada, and Canadian Citizenship

TEMPORARY RESIDENCE:
- Visitor Visas, including Super Visas and Business Visitor Visas
- Study Permits
- Work Permits, including:
  - Work permits based on Labour Market Impact Assessments (LMIAs)
  - Work permits under the Global Talent Stream
  - NAFTA and GATS work permits
  - Open work permits

PERMANENT RESIDENCE:
- Express Entry streams
- Provincial Nominee Programs
- Childcare Provider and Home Support Worker Pilot Programs
- Applications made under Humanitarian and Compassionate Considerations
- Family Class Applications to sponsor parents, grandparents, spouses and children
- Entrepreneurial and Investor Applications:
  - Self-Employed Persons program
  - Start-Up Visa Program
  - Provincial Nominee Programs

MILLER IMMIGRATION LAW FIRM
CANADIAN IMMIGRATION LAW

Offices in Calgary and Edmonton:

Calgary Office:
First Alberta Place
730-777 8 Avenue SW
Calgary, Alberta T2P 3R5

Edmonton Office:
First Edmonton Place
1400 - 10665 Jasper Avenue
Edmonton, Alberta
T5J 3S9

Contact us:

General Email: info@millerlawfirm.ca
Direct Email: hmiller@millerlawfirm.ca
General Phone Line: 587 - 392 - 5199
Direct Phone Line: 587 - 392 - 5200

Halyna Miller, LL.B.
Ten Years of Experience as a Canadian Immigration Lawyer

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40,
Saskatoon, SK S7R 0B7
PH: 306 491 4742

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖ਼ਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਹਿਾਸਕ ਫੈਸਲਾ ਲਿਆ ਹੈ । ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St
Regina SK S4R 2K4
Regulated Canadian Immigration Consultant, CEO
Member of ICCRC

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work Guaranteed
720 Moraine Road NE, Calgary, AB, T2A 2P3
Email: aclass@aclassautobody.ca

# ਵਿਧਾਇਕਾਂ ਨੂੰ ਆਪਣੀ ਰਾਇ ਰੱਖਣ ਦੀ ਖੁੱਲ ਹੈ ਪਰ ਟੀਮ ਪ੍ਰਤੀ ਵਫਾਦਾਰੀ ਵੀ ਦਿਖਾਉਣੀ ਪਵੇਗੀ -ਕੈਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਯੁਨਾਇਟਡ ਕੰਜ਼ਰਵੇਟਿਵ ਪਾਰਟੀ ਦੇ ਸਾਰੇ ਵਿਧਾਇਕਾਂ ਨੂੰ ਆਪਣੀ ਰਾਇ ਰੱਖਣ ਦੀ ਸੁਤੰਤਰਤਾ ਹੈ ਤੇ ਬਾਕੀਆਂ ਨਾਲੋਂ ਵੱਖ ਰਾਇ ਵੀ ਰੱਖ ਸਕਦੇ ਹਨ ਪਰ ਆਪਣੀ ਟੀਮ ਪ੍ਰਤੀ ਵਫਾਦਾਰੀ ਦਿਖਾਉਣਾ ਵੀ ਜ਼ਰੂਰੀ ਹੈ। ਪ੍ਰੀਮੀਅਰ ਨੇ ਕਿਹਾ ਕਿ ਉਹ ਵਿਚਾਰਾਂ ਦੇ ਵਖਰੇਵੇਂ ਦਾ ਸਵਾਗਤ ਕਰਦੇ ਹਨ ਪਰ ਜ਼ਿੰਮੇਵਾਰ ਰਹਿ ਕੇ ਅਜਿਹਾ ਕੀਤਾ ਜਾ ਸਕਦਾ ਹੈ, ਗ਼ੈਰ-ਜ਼ਿੰਮੇਦਾਰਾਨਾ ਢੰਗ ਨਾਲ ਨਹੀਂ। ਉਹਨਾਂ ਕਿਹਾ ਕਿ ਯੂਸੀਪੀ ਇੱਕ ਟੀਮ ਹੈ ਤੇ ਜੋ ਕੋਈ ਟੀਮ 'ਚ ਰਹਿ ਕੇ ਕੰਮ ਨਹੀਂ ਕਰ ਸਕਦਾ, ਤਾਂ ਉਸ ਨੂੰ ਟੀਮ ਤੋਂ ਬਾਹਰ ਜਾਣਾ ਹੀ ਪਵੇਗਾ। ਪਿਛਲੇ ਦਿਨੀਂ ਦੋ ਵਿਧਾਇਕਾਂ - ਡ੍ਰਿਊ ਬਾਰਨਜ਼ ਅਤੇ ਟੌਡ ਲੋਐਨ ਨੂੰ ਪਾਰਟੀ ਵਿੱਚੋਂ ਕੱਢੇ ਜਾਣ ਮਗਰੋਂ, ਪ੍ਰੀਮੀਅਰ ਕੈਨੀ ਮੀਡੀਆ ਵੱਲੋਂ ਪੁੱਛੇ ਹਏ ਸਵਾਲ ਦਾ ਜਵਾਬ ਦੇ ਰਹੇ ਸਨ।

# 10 ਦਿਨ ਦੀ ਪੇਡ ਸਿਕ ਲੀਵ ਦੇਣ ਸੰਬੰਧੀ ਐਨ ਡੀ ਪੀ ਨੇ ਕੈਨੀ ਸਰਕਾਰ ਕੋਲੋਂ ਮੰਗ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਧਾਨਸਭਾ ਵਿੱਚ ਵਿਰੋਧੀ ਧਿਰ ਨਿਊ ਡੈਮੋਕ੍ਰੈਟਿਕ ਪਾਰਟੀ - ਐਨ.ਡੀ.ਪੀ. ਨੇ ਕੋਵਿਡ-19 ਦੀ ਲਪੇਟ ਵਿੱਚ ਆਉਣ ਵਾਲੇ ਸੂਬਾਵਾਸੀਆਂ ਨੂੰ 10 ਦਿਨ ਦੀ ਪੇਡ ਸਿਕ ਲੀਵ ਦੇਣ ਸੰਬੰਧੀ ਇੱਕ ਡ੍ਰਾਫ਼ਟ ਬਿਲ ਬਣਾ ਕੇ ਸਰਕਾਰ ਨੂੰ ਪੇਸ਼ ਕਰਨ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਸਰਕਾਰ ਇਸ ਬਿਲ ਨੂੰ ਲਾਗੂ ਕਰੇ। ਪ੍ਰਾਇਵੇਟ ਮੈਂਬਰ'ਜ਼ ਬਿਲ ਦੀ ਤਰ੍ਹਾਂ ਇਸ ਡ੍ਰਾਫ਼ਟ ਨੂੰ ਵਿਧਾਨਸਭਾ ਵਿੱਚ ਬਹਿਸ ਲਈ ਪੇਸ਼ ਨਹੀਂ ਕੀਤਾ ਜਾ ਰਿਹਾ ਤੇ ਪਾਰਟੀ ਨੇ ਸਰਕਾਰ ਨੂੰ ਕਿਹਾ ਹੈ ਕਿ ਇਸ ਨੂੰ ਇੰਨ ਬਿੰਨ ਲਾਗੂ ਕਰ ਦੇਵੇ ਜਿਸ ਨਾਲ ਐਂਪਲੌਇਮੈਂਟ ਸਟੈਂਡਰਡਜ਼ ਕੋਡ ਵਿੱਚ ਤਬਦੀਲੀ ਹੋ ਜਾਵੇਗੀ ਤੇ ਇਹ ਡ੍ਰਾਫ਼ਟ ਬਿਲ ਸੂਬੇ ਦੇ ਲੇਬਰ ਐਂਡ ਇਮਿਗ੍ਰੇਸ਼ਨ ਮਨਿਸਟਰ ਜੇਸਨ ਕੌਪਿੰਗ ਨੂੰ ਭੇਜ ਦਿੱਤਾ ਗਿਆ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਸਾਬਕਾ ਪ੍ਰੀਮੀਅਰ ਰੇਚੈਲ ਨੌਟਲੀ ਨੇ ਕਿਹਾ ਕਿ ਫੈਡਰਲ ਸਰਕਾਰ ਦੇ ਸਹਿਯੋਗ ਨਾਲ, ਫੈਡਰਲ ਸਰਕਾਰ ਦਾ ਕੈਨੇਡਾ ਰਿਕਵਰੀ ਸਿਕਨੈੱਸ ਬੈਨੇਫਿਟ ਪ੍ਰੋਗਰੈਮ ਖ਼ਤਮ ਹੋ ਜਾਵੇਗਾ ਤੇ ਸੂਬਾ ਤੇ ਫੈਡਰਲ ਸਰਕਾਰਾਂ ਕੰਮ ਮਾਲਕਾਂ ਨੂੰ ਇਹ ਭੁਗਤਾਨ ਕਰ ਦੇਣੀਆਂ ਤੇ ਕਰਮਚਾਰੀਆਂ ਨੂੰ ਕੋਵਿਡ-19 ਕਰਕੇ 10 ਦਿਨ ਦੀ ਲਈ ਛੁੱਟੀ ਦਾ ਨੁਕਸਾਨ ਵੀ ਨਹੀਂ ਹੋਵੇਗਾ। ਮਨਿਸਟਰ ਕੌਪਿੰਗ ਦੇ ਦਫ਼ਤਰ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮ ਨੂੰ ਘੋਖਿਆ ਜਾਵੇਗਾ। ਮੌਜੂਦਾ ਸਮੇਂ ਬਿਮਾਰ ਹੋਣ ਦੀ ਸੂਰਤ ਵਿੱਚ ਕੰਮ ਮਾਲਕ ਕਿਸੇ ਕਰਮਚਾਰੀ ਨੂੰ ਕੰਮ ਤੋਂ ਨਹੀਂ ਹਟਾਉਣਗੇ ਤੇ ਸਰਕਾਰ ਵੱਲੋਂ 14 ਦਿਨਾਂ ਲਈ ਹੋਟੈਲ ਕੁਆਰੈਂਟੀਨ ਸਹੂਲਤ ਦਿੱਤੀ ਜਾ ਰਹੀ ਹੈ। ਐਨਡੀਪੀ ਨੇ ਜੇਸਨ ਕੈਨੀ ਤੋਂ ਮੰਗ ਕੀਤੀ ਹੈ ਕਿ ਉਹ ਵਿਧਾਨਸਭਾ ਦਾ ਸੈਸ਼ਨ ਸੱਦਣ ਤਾਂ ਕਿ ਇਸ ਮਾਮਲੇ 'ਤੇ ਚਰਚਾ ਕੀਤੀ ਜਾ ਸਕੇ।

# ਜੂਨ ਤੱਕ ਸੂਬੇ ਦੀ 70% ਅਬਾਦੀ ਨੂੰ ਵੈਕਸਿਨ ਦੇਣ ਦਾ ਟੀਚਾ ਪੂਰਾ ਹੋਣ ਉਪਰੰਤ ਢਿੱਲਾਂ ਸ਼ੁਰੂ ਹੋਣਗੀਆਂ -ਕੈਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਥੋੜ੍ਹਾ ਹੌਸਲਾ ਹੋਰ ਰੱਖਣ ਤੇ ਜਿਹਨਾਂ ਵਿਅਕਤੀਆਂ ਨੂੰ ਵੈਕਸਿਨ ਲੱਗ ਚੁੱਕੀ ਹੈ, ਉਹਨਾਂ ਵਾਸਤੇ ਸੈਲਫ਼-ਆਇਸੋਲੇਸ਼ਨ ਅਤੇ ਕੁਆਰੈਂਟੀਨ ਦੇ ਨਿਯਮਾਂ ਵਿੱਚ ਇਸੇ ਹਫ਼ਤੇ ਢਿੱਲ ਦਿਤੀ ਜਾ ਸਕਦੀ ਹੈ ਕਿਉਂਕਿ ਉਹਨਾਂ ਵਿੱਚ ਖ਼ਤਰੇ ਦਾ ਪੱਧਰ ਕਾਫੀ ਘੱਟ ਹੋ ਗਿਆ ਹੈ। ਉਹਨਾਂ ਕਿਹਾ ਕਿ ਅੱਜ ਤੱਕ ਸੂਬੇ ਦੀ ਅੱਧੀ ਆਬਾਦੀ ਦੇ ਕੋਵਿਡ-19 ਵੈਕਸਿਨ ਦਾ ਘੱਟੋ ਘੱਟ ਇੱਕ ਟੀਕਾ ਜ਼ਰੂਰ ਲੱਗ ਜਾਵੇਗਾ। ਪ੍ਰੀਮੀਅਰ ਨੇ ਭਰੋਸਾ ਪ੍ਰਗਟਾਇਆ ਕਿ ਜੂਨ ਤੱਕ ਸੂਬੇ ਦੀ 70% ਅਬਾਦੀ ਨੂੰ ਵੈਕਸਿਨ ਦੇਣ ਦਾ ਟੀਚਾ ਰੱਖਿਆ ਗਿਆ ਹੈ। ਪ੍ਰੀਮੀਅਰ ਨੇ ਦੱਸਿਆ ਕਿ ਵੈਕਸਿਨੇਸ਼ਨ ਪ੍ਰੋਗਰਾਮ ਅਤੇ ਮਰੀਜ਼ਾਂ ਦੇ ਹਸਪਤਾਲਾਂ ਵਿੱਚ ਦਾਖ਼ਲੇ ਨੂੰ ਧਿਆਨ ਵਿੱਚ ਰੱਖ ਕੇ ਇਕੌਨੋਮੀ ਦੀ ਰੀਲੌਂਚਿੰਗ, ਕੀਤੀ ਜਾਵੇਗੀ। ਉਹਨਾਂ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਸਿਹਤ ਸੰਬੰਧੀ ਹਿਦਾਇਤਾਂ ਦਾ ਪਾਲਨ ਜ਼ਰੂਰ ਕਰਨ ਤੇ ਢਿੱਲ ਨਾ ਆਉਣ ਦੇਣ।

# ਹੁਣ 40 ਡਾਲਰ ਖਰਚਕੇ ਕੋਵਿਡ ਟੈਸਟ ਦਾ ਨਤੀਜਾ 20 ਮਿੰਟਾਂ ਵਿੱਚ ਹੀ ਮਿਲ ਜਾਇਆ ਕਰੂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸ਼ੌਪਰਜ਼ ਡ੍ਰੱਗ ਮਾਰਟ ਵੱਲੋਂ ਐਲਬਰਟਾ ਅਤੇ -ਂਟੈਰੀ- ਵਿੱਚ ਕੋਵਿਡ-19 ਦੀਆਂ ਰੈਪਿਡ ਟੈਸਟ ਕਿਟਸ ਸਾਰੇ ਸਟੋਰਾਂ ਵਿੱਚ ਮੁਹਈਆ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਲੌਬਲੌਅ ਕੰਪਨੀਜ਼ ਦਾ ਕਹਿਣਾ ਹੈ ਕਿ ਸਾਰੀਆਂ ਲੌਬਲੌਅ ਫਾਰਮੇਸੀਜ਼ 'ਤੇ ਇਹ ਰੈਪਿਡ ਟੈਸਟ ਕਿਟਸ ਮਿਲਣਗੀਆਂ। ਇਹ ਟੈਸਟ ਉਹਨਾਂ ਵਿਅਕਤੀਆਂ ਲਈ ਹੋਣਗੇ ਜਿਹਨਾਂ ਵਿੱਚ ਕੋਰੋਨਾ ਵਾਇਰਸ ਦਾ ਕਈ ਲੱਛਣ ਨਾ ਹੋਵੇ ਅਤੇ ਉਹਨਾਂ ਨੂੰ ਸ਼ੱਕ ਹੋਵੇ ਕਿ ਉਹ ਕਿਸੇ ਵਾਇਰਸ ਪੌਜ਼ਿਟਿਵ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ। ਰੈਪਿਡ ਟੈਸਟ ਕਿਟ ਰਾਹੀਂ ਨਤੀਜਾ 15 ਤੋਂ 20 ਮਿੰਟ ਵਿੱਚ ਆ ਜਾਂਦਾ ਹੈ। ਲੌਬਲੌਅ ਦੇ ਅਨੁਸਾਰ ਇਹ ਟੈਸਟ 40 ਡੌਲਰਜ਼ ਵਿੱਚ ਐਪੌਇੰਟਮੈਂਟ ਬਣਾ ਕੇ ਕਰਵਾਇਆ ਜਾ ਸਕਦਾ ਹੈ।

# ਦਸਾਂ ਵਿੱਚੋਂ ਪੰਜ ਨੂੰ ਤਾਂ ਕਰੋਨਾ ਵੈਕਸੀਨ ਦੀ ਥਾਂ ਪਾਣੀ ਆਲਾ ਟੀਕਾ ਲਾਕੇ ਈ ਮੋੜ ਦਿੱਤਾ ਗਿਆ ,ਹੁਣ ਜਾਂਚ ਜਾਰੀ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਤੋਂ 200 ਕਿਲੋਮੀਟਰ ਦੂਰੀ ਉੱਪਰ ਸਥਿੱਤ ਲੰਘੀ 29 ਅਪਰੈਲ 2021 ਵਾਲੇ ਦਿਨ ਲੈਥਬਰਿਜ ਦੇ ਐਗਜ਼ਿਬਿਸ਼ਨ ਸੈਂਟਰ ਵਿੱਚ ਫਾਇਜ਼ਰ ਵੈਕਸਿਨ ਲੈਣ ਲਈ ਗਏ 5 ਵਿਅਕਤੀਆਂ ਨੂੰ ਵੈਕਸਿਨ ਦੀ ਥਾਂ ਪਾਣੀ ਵਾਲਾ ਟੀਕਾ ਲਗਾ ਦਿੱਤਾ ਗਿਆ ਦੱਸਿਆ ਜਾ ਰਿਹਾ ਹੈ। ਉਸ ਦਿਨ ਕੁੱਲ 10 ਵਿਅਕਤੀ ਵੈਕਸਿਨ ਲੈਣ ਲਈ ਗਏ ਸਨ ਜਿਹਨਾਂ ਵਿੱਚੋਂ 5 ਨੂੰ ਵੈਕਸਿਨ ਦੀ ਥਾਂ ਸੈਲਾਇਮ ਵਾਟਰ ਇੰਜੈਕਸ਼ਨ ਦੇ ਦਿੱਤਾ ਗਿਆ। ਹੁਣ ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਇਹਨਾਂ 10 ਵਿਅਕਤੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤੇ ਜਿਹਨਾਂ ਨੂੰ ਇਹ ਸਹੀ ਇੰਜੈਕਸ਼ਨ ਨਹੀਂ ਲੱਗ ਸਕਿਆ, ਉਹਨਾਂ ਨੂੰ ਹੁਣ ਅਸਲ ਵੈਕਸਿਨ ਦਿੱਤੀ ਜਾਵੇਗੀ। ਰੁਟੀਨ ਔਡਿਟ ਵਿੱਚ ਇਹ ਗੱਲ ਸਾਹਮਣੇ ਆਈ ਤੇ ਗ਼ਲਤੀ ਦਾ ਅਹਿਸਾਸ ਹੋਣ ਮਗਰੋਂ ਸਾਰੇ ਸੰਬੰਧਿਤ ਵਿਅਕਤੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਸਟਾਫ਼ ਨਾਲ ਇੰਟਰਵਿਊ ਕੀਤੀ ਜਾ ਰਹੀ ਹੈ ਤੇ ਲਾਪਰਵਾਹੀ ਦੀ ਇਸ ਘਟਨਾ ਦੀ ਜਾਂਚ ਚੱਲ ਰਹੀ ਹੈ। ਜਿਹੜੇ ਕਾਰਨਾਂ ਕਰਕੇ ਅਜਿਹਾ ਹੋਇਆ ਹੈ, ਉਹ ਕਾਰਨ ਦੂਰ ਕੀਤੇ ਜਾਣ ਦਾ ਵਾਅਦਾ ਏ ਐਚ ਐਸ ਵੱਲੋਂ ਕੀਤਾ ਗਿਆ ਹੈ।

# ਕੈਲਗਰੀ ਦਾ ਮੇਅਰ ਬਣਨ ਦਾ ਚਾਹਵਾਨ ਪੁਲਿਸ ਅੜਿੱਕੇ ਚੜ੍ਹ ਗਿਆ ਸੀ ਪਰ ਛੇਤੀ ਹੀ ਬਾਹਰ ਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਮੇਅਰ ਦੇ ਅਹੁਦੇ ਵਾਸਤੇ ਚੋਣ ਉਮੀਦਵਾਰ ਕੈਵਿਨ ਜੇ ਜੌਨਸਟਨ ਨੂੰ ਬੀਤੇ ਸ਼ਨੀਵਾਰ ਵਾਲੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸ਼ੁਕਰਵਾਰ ਵਾਲੇ ਦਿਨ ਹੀ ਐਲਬਰਟਾ ਹੈਲਥ ਸਰਵਿਸਿਜ਼ ਨੇ ਉਸ ਦੇ ਖਿਲਾਫ਼ ਕੋਰਟ ਔਫ਼ ਕੁਈਨ'ਜ਼ ਬੈਂਚ ਤੋਂ ਰੈਸਟ੍ਰੇਨਿੰਗ ਔਰਡਰਜ਼ ਹਾਸਲ ਕੀਤੇ ਸਨ। ਸ਼ਨੀਵਾਰ ਸ਼ਾਮ ਨੂੰ ਕੈਲਗਰੀ ਪੁਲਿਸ ਨੇ ਜਾਰੀ ਜਾਣਕਾਰੀ ਵਿੱਚ ਦੱਸਿਆ ਕਿ ਐਲਬਰਟਾ ਹੈਲਥ ਔਰਡਰਜ਼ ਦੇ ਖਿਲਾਫ਼ ਰੱਖੀ ਗਈ ਇਕ ਗ਼ੈਰ-ਕਾਨੂੰਨੀ ਰੈਲੀ ਵਿੱਚ ਸ਼ਾਮਿਲ ਹੋਣ ਕਰਕੇ ਉਸ ਨੂੰ ਕਾਬੂ ਕੀਤਾ ਗਿਆ ਹੈ। ਇਹ ਗ਼ੈਰ-ਕਾਨੂੰਨੀ ਇਕੱਠ ਸ਼ਨੀਵਾਰ ਨੂੰ ਕੀਤਾ ਗਿਆ ਪਰ ਇਹ ਕਿਹੋ ਜਿਹਾ ਇਕੱਠ ਸੀ, ਇਸ ਦੀ ਜਾਣਕਾਰੀ ਨਹੀਂ ਦਿਤੀ ਗਈ ਹੈ। ਕੈਵਿਨ ਜੌਨਸਟਨ ਮੇਅਰ ਵਾਸਤੇ ਚੋਣ ਲੜ ਰਿਹਾ ਹੈ ਪਰ ਉਸ ਦੇ ਖਿਲਾਫ਼ ਦੋ ਸੂਬਿਆਂ ਵਿੱਚ ਚਾਰਜਿਜ਼ ਲੱਗੇ ਹੋਏ ਹਨ ਤੇ ਉਹ ਹਮਲਾ ਕਰਨ, ਨਫ਼ਰਤ ਫੈਲਾਉਣ, ਨਸਲਵਾਦੀ ਟਿੱਪਣੀਆਂ ਕਰਨ, ਧਮਕੀਆਂ ਦੇਣ ਆਦਿ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਪਰ ਖ਼ਬਰ ਲਿਖੇ ਜਾਣ ਤੱਕ ਵਿਵਾਦਿਤ ਉਮੀਦਵਾਰ ਕੈਵਿਨ ਜੇ ਜੌਨਸਟਨ ਅਤੇ ਫੇਅਰਵਿਊ ਬੈਪਟਿਸਟ ਚਰਚ ਦੇ ਪੈਸਟਰ ਟਿਮ ਸਟੀਵਨਜ਼ ਨੂੰ ਰਿਹਾ ਕਰ ਦਿੱਤਾ ਗਿਆ ਹੈ। ਦੋਵਾਂ ਨੂੰ ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਅਤੇ ਕੋਰਟ ਔਫ਼ ਕੁਈਨ'ਜ਼ ਬੈਂਚ ਵੱਲੋਂ ਐਲਬਰਟਾ ਹੈਲਥ ਸਰਵਿਸਿਜ਼ ਨੂੰ ਜਨਤਕ ਇਕੱਠ ਕਰਨ 'ਤੇ ਪਾਬੰਦੀ ਲਾਗੂ ਕਰਨ ਦੇ ਦਿੱਤੇ ਗਏ ਅਧਿਕਾਰ ਦਾ ਉਲੰਘਣ ਕਰਨ ਕਰਕੇ ਵੀਕਐਂਡ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਵਿੱਚ ਜਦੋਂ ਕੱਲ ਇਹਨਾਂ ਦੀ ਰਿਹਾਈ ਹੋਈ ਤਾਂ ਦੋ ਦਰਜਨ ਦੇ ਕਰੀਬ ਲੋਕ ਉਹਨਾਂ ਦੇ ਸਵਾਗਤ ਲਈ ਅਦਾਲਤ ਦੇ ਬਾਹਰ ਇੱਕਠੇ ਸਨ। ਕੈਵਿਨ ਜੌਨਸਟਨ ਨੂੰ 16 ਜੂਨ ਨੂੰ ਮੁੜ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ।













# ਸੰਪਾਦਕੀ



**ਸਿਰਫ਼ ਮੁਹੱਬਤ ਹੀ ਨਫ਼ਰਤ ਦੀ ਕੰਧ ਢਾਹ ਸਕਦੀ ਹੈ। -ਗਿਬਨ**

## ਕਿਸਾਨਾਂ ਪ੍ਰਤੀ ਸਰਕਾਰੀ ਰਵੱਈਆ ਸੁਆਲਾਂ ਦੇ ਘੇਰੇ ਵਿੱਚ

ਨਵੇਂ ਖੇਤੀ ਕਾਨੂੰਨਾਂ ਦੇ ਮਸਲੇ 'ਤੇ ਸ਼ੁਰੂ ਹੋਇਆ ਅੰਦੋਲਨ ਹੁਣ ਤੱਕ ਜਿਸ ਸ਼ਕਲ ਵਿੱਚ ਚੱਲ ਰਿਹਾ ਹੈ, ਉਸ ਤੋਂ ਇਹ ਸਾਫ ਹੈ ਕਿ ਕਿਸਾਨ ਆਮ ਤੌਰ 'ਤੇ ਲੋਕਤੰਤਰੀ ਤੌਰ ਤਰੀਕਿਆਂ ਨਾਲ ਹੀ ਆਪਣੀਆਂ ਮੰਗਾਂ ਦੇ ਪੱਖ ਵਿੱਚ ਪ੍ਰਦਰਸ਼ਨ ਕਰ ਰਹੇ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਅੰਦੋਲਨ ਨੂੰ ਲੈ ਕੇ ਸਰਕਾਰ ਦਾ ਰਵੱਈਆ ਬਹੁਤ ਉਦਾਰ ਨਹੀਂ ਦਿਖਦਾ। ਪਿਛਲੇ ਕਈ ਮਹੀਨਿਆਂ ਤੋਂ ਨਾ ਸਿਰਫ ਕਿਸਾਨਾਂ ਅਤੇ ਸਰਕਾਰ ਵਿਚਾਲੇ ਗੱਲਬਾਤ ਬੰਦ ਹੈ ਬਲਕਿ ਕਈ ਮੌਕਿਆਂ ਉਤੇ ਸਰਕਾਰ ਨੇ ਅੰਦੋਲਨਕਾਰੀਆਂ ਖਿਲਾਫ ਸਖਤ ਰਵੱਈਆ ਵੀ ਅਖਤਿਆਰ ਕੀਤਾ। ਨਵੇਂ ਕਾਨੂੰਨਾਂ ਦੀ ਵਾਪਸੀ ਦੀ ਮੰਗ ਨੂੰ ਲੈ ਕੇ ਸਰਕਾਰੀ ਉਦਾਸੀਨਤਾ ਦੌਰਾਨ ਕਿਸਾਨਾਂ ਦੇ ਕੋਲ ਇਹੀ ਬਦਲ ਬਚਦਾ ਹੈ ਕਿ ਉਹ ਵਿਰੋਧ ਪ੍ਰਦਰਸ਼ਨਾਂ ਦੇ ਜ਼ਰੀਏ ਸਰਕਾਰ ਨੂੰ ਆਪਣੀ ਗੱਲ 'ਤੇ ਗੌਰ ਕਰਨ ਦੇ ਲਈ ਕਹਿਣ। ਪਰ ਸਰਕਾਰੀ ਤੰਤਰ ਅਤੇ ਲੀਡਰਸ਼ਿਪ ਦੇ ਅੰਦਰ ਇਸ ਸਮੱਸਿਆ ਨੂੰ ਲੈ ਕੇ ਆਸ ਅਨੁਸਾਰ ਜ਼ਿੰਮੇਵਾਰੀ ਦੀ ਭਾਵਨਾ ਸਾਹਮਣੇ ਨਹੀਂ ਆ ਰਹੀ। ਉਲਟਾ ਜਦੋਂ ਕਿਸਾਨ ਲੋਕਤੰਤਰੀ ਵਿਰੋਧ ਪ੍ਰਦਰਸ਼ਨਾਂ ਦੇ ਜ਼ਰੀਏ ਸਰਕਾਰ ਨੂੰ ਉਸਦੀ ਜ਼ਿੰਮੇਵਾਰੀ ਦੀ ਯਾਦ ਦਿਵਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਖਿਲਾਫ ਪੁਲਿਸ ਬਲਾਂ ਦੇ ਸਹਾਰੇ ਦਮਨ ਦੀ ਕਾਰਵਾਈ ਕੀਤੀ ਜਾਂਦੀ ਹੈ। ਵਰਨਣਯੋਗ ਹੈ ਕਿ ਐਤਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਹਿਸਾਰ ਵਿੱਚ ਇੱਕ ਹਸਪਤਾਲ ਦਾ ਉਦਘਾਟਨ ਕਰਨ ਪਹੁੰਚੇ ਤਾਂ ਕਿਸਾਨਾਂ ਨੇ ਉਨ੍ਹਾਂ ਦੇ ਦੌਰੇ ਦਾ ਵਿਰੋਧ ਕੀਤਾ। ਉਨ੍ਹਾਂ ਦਾ ਇਹ ਵਿਰੋਧ ਪਹਿਲਾਂ ਤੋਂ ਕੀਤਾ ਗਿਆ ਐਲਾਨ ਸੀ, ਇਸ ਲਈ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਆਪਣੇ ਪ੍ਰਦਰਸ਼ਨਾਂ ਦਾ ਸਰੂਪ ਲੋਕਤੰਤਰੀ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਸੀ ਪਰ ਤਹਿਸ਼ੁਦਾ ਪ੍ਰੋਗਰਾਮ ਨਿਪਟਣ ਅਤੇ ਮੁੱਖ ਮੰਤਰੀ ਦੇ ਚਲੇ ਜਾਣ ਦੇ ਬਾਅਦ ਜਦੋਂ ਕਿਸਾਨ ਪ੍ਰਦਰਸ਼ਨ ਕਰ ਰਹੇ ਸਨ ਤਾਂ ਅਚਾਨਕ ਹੀ ਉੱਥੇ ਮੌਜੂਦ ਪੁਲਿਸ ਨੇ ਉਨ੍ਹਾਂ ਉਤੇ ਲਾਠੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਹੰਝੂ ਗੈਸੇ ਦੇ ਗੋਲੇ ਵੀ ਛੱਡੇ। ਨਤੀਜੇ ਵੱਜੋਂ ਕਿਸਾਨਾਂ ਦੇ ਵੱਲੋਂ ਵੀ ਪਥਰਾਓ ਹੋਇਆ। ਸਵਾਲ ਇਹ ਹੈ ਕਿ ਅਜਿਹੀ ਅਰਾਜਕਤਾ ਦੀ ਸਥਿਤੀ ਨਾ ਆਉਣ ਦੀ ਜ਼ਿੰਮੇਵਾਰੀ ਆਖਿਰ ਕਿਸਦੀ ਸੀ। ਕਿਸਾਨਾਂ ਨੇ ਇੱਕ ਦਿਨ ਪਹਿਲਾਂ ਆਪਣੇ ਪ੍ਰਦਰਸ਼ਨਾਂ ਦੇ ਬਾਰੇ ਵਿੱਚ ਐਲਾਨ ਕਰ ਦਿਤਾ ਸੀ ਪਰ ਕੀ ਸਰਕਾਰ ਦੇ ਵੱਲੋਂ ਕੋਈ ਨੇਤਾ, ਅਧਿਕਾਰੀ ਜਾਂ ਪੁਲਿਸ ਅਧਿਕਾਰੀ ਨੇ ਇਸ ਮਸਲੇ 'ਤੇ ਕਿਸਾਨਾਂ ਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੀ? ਪੁਲਿਸ ਨੇ ਜਿਸ ਤਰ੍ਹਾਂ ਬੇਰਹਿਮੀ ਨਾਲ ਲਾਠੀਚਾਰਜ ਕੀਤਾ, ਕੀ ਇਹ ਆਖਿਰੀ ਬਦਲ ਸੀ? ਪੁਲਿਸ ਅਤੇ ਪ੍ਰਸ਼ਾਸਨ ਉਚ ਪੱਧਰ ਉਤੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਸਮੇਂ ਦੇ ਅਨੁਕੂਲ ਸਮਝ ਦਾ ਪ੍ਰਯੋਗ ਕਰਕੇ ਹਿੰਸਾ ਦੀ ਸਥਿੱਤੀ ਨੂੰ ਵੱਡੇ ਪੱਧਰ ਉਤੇ ਰੋਕਣ ਦੀ ਵੀ ਹੁੰਦੀ ਹੈ। ਵਿਡੰਬਨਾ ਇਹ ਹੈ ਕਿ ਕਿਸੇ ਵੀ ਲੋਕਤੰਤਰੀ ਵਿਰੋਧ ਪ੍ਰਦਰਸ਼ਨ ਵਿੱਚ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਆਮ ਤੌਰ 'ਤੇ ਇਹ ਮੰਨ ਕੇ ਚੱਲਦੀ ਹੈ ਕਿ ਅੰਦੋਲਨਕਾਰੀਆਂ ਦਾ ਦਮਨ ਕਰਨਾ ਹੀ ਉਨ੍ਹਾਂ ਦੀ ਪਹਿਲਾ ਕਰਤੱਵ ਹੈ। ਇਹ ਇੱਕ ਪਰਿਪੱਕ ਲੋਕਤੰਤਰ ਦਾ ਚਰਿੱਤਰ ਨਹੀਂ ਹੈ। ਅੰਦੋਲਨਕਾਰੀਆਂ ਨੂੰ ਪੁਲਿਸ ਹਿੰਸਾ ਦੇ ਜ਼ਰੀਏ ਚੁੱਪ ਕਰਾਉਣ ਦੀਆਂ ਕੋਸ਼ਿਸ਼ਾਂ ਦੀਰਘਕਾਲੀ ਸ਼ਾਂਤੀ ਜਾਂ ਹੱਲ ਦਾ ਰਾਹ ਨਹੀਂ ਕੱਢ ਸਕਦੀਆਂ। ਜਿੱਥੋਂ ਤੱਕ ਨਵੇਂ ਖੇਤੀ ਕਾਨੂੰਨਾਂ ਨੂੰ ਖਤਮ ਕਰਨ ਦੇ ਮਸਲੇ 'ਤੇ ਖੜ੍ਹੇ ਹੋਏ ਕਿਸਾਨਾਂ ਦੇ ਅੰਦੋਲਨ ਦਾ ਸਵਾਲ ਹੈ, ਤਾਂ ਇੱਕਾ-ਦੁੱਕਾ ਉਦਾਹਰਣਾਂ ਨੂੰ ਛੱਡ ਦੇਈਏ ਤਾਂ ਹੁਣ ਤੱਕ ਇਸ ਦਾ ਸਰੂਪ ਲੋਕਤੰਤਰੀ ਹੀ ਰਿਹਾ ਹੈ ਅਤੇ ਅੰਦੋਲਨਕਾਰੀ ਸੰਜਮ ਤੋਂ ਹੀ ਕੰਮ ਲੈਂਦੇ ਰਹੇ ਹਨ। ਕਿਸਾਨ ਨੇਤਾਵਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਨਾਲ ਗੱਲਬਾਤ ਦਾ ਸਿਰਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਪਰ ਪਿਛਲੇ ਕਾਫੀ ਸਮੇਂ ਤੋਂ ਕਿਸਾਨਾਂ ਅਤੇ ਸਰਕਾਰ ਵਿਚਾਲੇ ਸੰਵਾਦ ਤੱਕ ਬੰਦ ਹੈ ਅਤੇ ਦੋਨਾਂ ਵਿੱਚੋਂ ਕੋਈ ਪੱਖ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਕੀ ਸਰਕਾਰ ਨੂੰ ਇਹ ਨਹੀਂ ਲੱਗਦਾ ਕਿ ਜੇਕਰ ਉਸ ਦਾ ਪੱਖ ਸਹੀ ਹੈ ਤਾਂ ਉਹ ਸੰਵਾਦ ਦੇ ਜ਼ਰੀਏ ਕਿਸਾਨਾਂ ਨੂੰ ਸਹਿਮਤ ਕਰਨ ਦੀ ਕੋਸ਼ਿਸ਼ ਕਰੇ? ਜਾਂ ਫਿਰ ਜੇਕਰ ਕਿਸਾਨਾਂ ਦੀਆਂ ਮੰਗਾਂ ਦੇ ਪਿਛੇ ਤਰਕ ਜ਼ਿਆਦਾ ਮਜਬੂਤ ਹੈ ਤਾਂ ਸਰਕਾਰ ਆਪਣੀ ਜ਼ਿਦ ਉਤੇ ਪੁਨਰਵਿਚਾਰ ਕਰੇ। ਜੋ ਵੀ ਹੋਵੇ, ਲੋਕਤੰਤਰ ਦਾ ਇਹ ਤਕਾਜ਼ਾ ਹੈ ਕਿ ਜਨਤਾ ਆਪਣੀਆਂ ਲੋੜਾਂ ਅਤੇ ਅਧਿਕਾਰਾਂ ਦੇ ਲਈ ਸਰਕਾਰ ਦੇ ਸਾਹਮਣੇ ਸਵਾਲ ਚੁੱਕੇ ਅਤੇ ਉਸ ਉਤੇ ਗੌਰ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

**ਸੁਖਜਿੰਦਰ ਸਮਰਾ**
ਮੋ. 95835-92000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਪੰਜਾਬ ਦੇ ਕਾਂਗਰਸੀਆਂ ਦੀ ਲੜਾਈ : ਕਾਂਗਰਸ ਹਾਈ ਕਮਾਂਡ ਦੇ ਗਲੇ ਦੀ ਹੱਡੀ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਬੇਅਦਬੀ ਦੇ ਵਿਰੋਧ ਵਿਚ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਅਤੇ ਜ਼ਖ਼ਮੀ ਹੋਏ ਸ਼ਰਧਾਲੂਆਂਦੇ ਕੇਸਾਂ ਦੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਪੜਤਾਲ ਨੂੰ ਹਾਈ ਕੋਰਟ ਵੱਲੋਂ ਰੱਦ ਕਰਨ ਤੋਂ ਬਾਅਦ ਪੰਜਾਬ ਕਾਂਗਰਸ ਪਾਰਟੀ ਵਿਚਜਿਹੜੀ ਅੱਗ ਧੁਖਣ ਲੱਗੀ ਸੀ, ਉਹ ਹੁਣ ਭਾਂਬੜ ਬਣਨ ਜਾ ਰਹੀ ਹੈ। ਨਵਜੋਤ ਸਿੰਘ ਸਿੱਧੂ ਹਰ ਰੋਜ਼ ਸਰਕਾਰ ਨੂੰ ਆਪਣੇ ਟਵੀਟਾਂ ਨਾਲਕਟਹਿਰੇ ਵਿਚ ਖੜ੍ਹਾ ਕਰੀ ਜਾ ਰਿਹਾ ਹੈ। ਇਸ ਸਮੇਂ ਮੰਤਰੀਆਂ,ਸੰਸਦਾਂ ਅਤੇ ਵਿਧਾਨਕਾਰਾਂ ਦੀ ਅਸੰਤੁਸ਼ਟਤਾ ਗੁਰਪ ਮੀਟਿੰਗਾਂ ਦੇਸਿਲਸਿਲੇ ਤੋਂ ਸਾਫ਼ ਵਿਖਾਈ ਦੇ ਰਹੀ ਹੈ। ਕੈਪਟਨ ਵਿਰੋਧੀ ਅਤੇ ਸਮਰਥਕ ਦੋ ਧੜੇ ਆਹਮੋ ਸਾਹਮਣੇ ਆ ਗਏ ਹਨ।ਕਾਂਗਰਸ ਹਾਈਕਮਾਂਡ ਆਪਣੀ ਚੌਧਰ ਬਣਾਈ ਰੱਖਣ ਲਈ ਪੰਜਾਬ ਦੇ ਕਾਂਗਰਸੀ ਨੇਤਾਵਾਂ ਨੂੰ ਹੱਲਾ ਸ਼ੇਰੀ ਦੇ ਕੇ ਇਕ ਦੂਜੇ ਨਾਲ ਸਿੰਗ ਫਸਾਉਣ ਦੀਆਂਚਾਲਾਂ ਚਲਦੀ ਰਹੀ ਹੈ, ਤਾਂ ਜੋ ਪੰਜਾਬ ਦੇ ਸਾਰੇ ਧੜਿਆਂ ਦੇ ਨੇਤਾ ਉਨ੍ਹਾਂ ਦੀ ਚਮਚਾਗਿਰੀ ਕਰਦੇਰਹਿਣ।ਹੁਣ ਇਹ ਲੜਾਈ ਉਨ੍ਹਾਂ ਲਈਗਲੇ ਦੀ ਹੱਡੀ ਬਣ ਗਈ ਹੈ। ਕਾਂਗਰਸ ਦੇਸ਼ ਵਿਚੋਂ ਬਹੁਤ ਕਮਜ਼ੋਰ ਹੋ ਗਈ ਹੈ।ਅਜਿਹੀ ਸਥਿਤੀ ਵਿਚ ਉਹ ਕੈਪਟਨ ਅਮਰਿੰਦਰ ਸਿੰਘਵਿਰੁੱਧ ਕੋਈ ਫ਼ੈਸਲਾ ਲੈਣ ਦੇ ਸਮਰੱਥ ਨਹੀਂ ਹੈ।ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਮਹਿਜ਼ 8 ਮਹੀਨੇ ਬਾਕੀ ਹਨ ਤਾਂ ਘੋੜੇਬਦਲਣੇ ਬਹੁਤੇ ਵਾਜਬ ਨਹੀਂ ਰਹਿਣਗੇ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕਾਂਗਰਸ ਹਾਈ ਕਮਾਂਡ ਵਿਰੋਧੀ ਸੁਰਾਂ ਨੂੰ ਕਿਸ ਫਾਰਮੂਲੇਤਹਿਤ ਸੰਤੁਸ਼ਟ ਕਰੇਗੀ। ਨਵਾਂ ਨੇਤਾ 8 ਮਹੀਨੇ ਦੇ ਸਮੇਂ ਵਿਚ ਕੋਈ ਸਾਰਥਿਕ ਨਤੀਜੇ ਸਾਹਮਣੇ ਨਹੀਂ ਲਿਆ ਸਕੇਗਾ।2022 ਵਿਚ ਹੋਣਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਸਦਾ "ਖ਼ਮਿਆਜ਼ਾ" ਕਾਂਗਰਸ ਪਾਰਟੀ ਨੂੰ ਭੁਗਤਣਾ ਪੈ ਸਕਦਾ ਹੈ। ਪੰਜਾਬ ਦੇ ਕਾਂਗਰਸੀਆਂਦੀ ਬਦਕਿਸਮਤੀ ਰਹੀ ਹੈ ਕਿ ਹਰ ਕਾਂਗਰਸੀ, ਵਰਕਰ ਬਣਕੇ ਪਾਰਟੀ ਵਿਚ ਕੰਮ ਕਰਨ ਦੀ ਥਾਂ ਨੇਤਾ ਬਣਨਾ ਚਾਹੁੰਦਾ ਹੈ।ਹੁਣ ਤਾਂਸ਼ਾਰਟ ਕੱਟ ਮਾਰਕੇ ਨੇਤਾ ਬਣਨ ਦੀ ਕੋਸ਼ਿਸ ਵਿਚ ਰਹਿੰਦੇ ਹਨ।ਜਿਸ ਕਰਕੇ ਪਾਰਟੀ ਦੀ ਹਾਲਤ ਦਿਨ-ਬਦਿਨ ਨਿਘਰਦੀ ਜਾ ਰਹੀ ਹੈ।ਪਾਰਟੀ ਅਤੇ ਪਾਰਟੀ ਦੀ ਵਿਚਾਧਾਰਾ ਦੀ ਵਫ਼ਦਾਰੀ ਤਾਂ ਪਰ ਲਾ ਕੇ ਉਡ ਗਈ ਹੈ।ਹੁਣ ਤਾਂ ਜਿਥੋਂ ਸਿਆਸੀ ਤਾਕਤ ਮਿਲਦੀ ਹੈ, ਉਧਰ ਨੂੰਹੀ ਝੁਕ ਜਾਂਦੇ ਹਨ।ਜੇ ਵਫ਼ਾਦਾਰੀ ਹੈ ਤਾਂ ਧੜੇਬੰਦੀ ਦੀ ਵਫ਼ਦਾਰੀ ਰਹਿ ਗਈ।ਛੋਟੇ-ਛੋਟੇ ਧੜੇ ਬਣ ਗਏ ਹਨ ਜੋ ਇਕ ਦੂਜੇ ਦੀਆਂ ਲੱਤਾਂਖਿਚਕੇ ਅੱਗੇ ਆਉਣਾ ਚਾਹੁੰਦੇ ਹਨ।ਉਨ੍ਹਾਂ ਵੱਲੋਂ ਪਾਰਟੀ ਜਾਵੇ ਢੱਠੇ ਖੂਹ ਵਿਚ। ਸਿਆਸੀ ਤਾਕਤ ਲਈ ਬਹੁਤੇ ਤਾਂ ਪਾਰਟੀਆਂ ਬਦਲਣ ਨੂੰਵੀ ਮਾੜਾ ਨਹੀਂ ਸਮਝਦੇ।ਉਹ ਤਾਂ ਗਿਰਗਟ ਦੇ ਰੰਗ ਬਦਲਣ ਨਾਲੋਂ ਛੇਤੀ ਰੰਗ ਬਦਲ ਜਾਂਦੇ ਹਨ। ਪੰਜਾਬ ਕਾਂਗਰਸ ਦੇ ਨੇਤਾਵਾਂ ਦੀਖ਼ਹਿਬਾਜ਼ੀ ਜਗ ਜ਼ਾਹਰ ਹੈ, ਪ੍ਰੰਤੂ ਕਾਂਗਰਸ ਹਾਈ ਕਮਾਂਡ ਜਿਵੇਂ ਬਿੱਲੀ ਨੂੰ ਵੇਖਕੇ ਕਬੂਤਰ ਅੱਖਾਂ ਮੀਚ ਲੈਂਦਾ ਹੈ, ਉਸੇ ਤਰ੍ਹਾਂ ਕਾਂਗਰਸਹਾਈ ਕਮਾਂਡ ਸਭ ਕੁਝ ਜਾਣਦੀ ਹੋਈ ਚੁੱਪ ਕਰਕੇ ਪਾਸਾ ਵੱਟ ਕੇ ਬੈਠੀ ਹੈ।2017 ਦੀ ਪੰਜਾਬ ਵਿਧਾਨ ਸਭਾ ਦੀ ਚੋਣ ਕੈਪਟਨਅਮਰਿੰਦਰ ਸਿੰਘ ਦੇ ਨਾਮ 'ਤੇ ਲੜੀ ਗਈ ਸੀ। ਲੋਕਾਂ ਨੇ ਵੋਟਾਂ ਕਾਂਗਰਸ ਨੂੰ ਨਹੀਂ, ਸਗੋਂ ਕੈਪਟਨ ਅਮਰਿੰਦਰ ਸਿੰਘ ਨੂੰ ਪਾਈਆਂ ਸਨ।ਇਸ ਕਰਕੇ ਉਨ੍ਹਾਂ ਦਾਮੁੱਖ ਮੰਤਰੀ ਬਣਨਾ ਕੁਦਰਤੀ ਸੀ।ਕੁਝ ਨੇਤਾ ਉਦੋਂ ਦੇ ਹੀ ਮੁੱਖ ਮੰਤਰੀ ਦੇ ਵਿਰੁਧ ਝੰਡਾ ਚੁਕੀ ਫਿਰਦੇ ਹਨ। ਇਹਵੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ, ਉਦੋਂ ਤੋਂ ਕਾਂਗਰਸ ਦੇ ਸੀਨੀਅਰ ਲੀਡਰਾਂ ਨੂੰ ਉਨ੍ਹਾਂਦਾ ਮੁੱਖ ਮੰਤਰੀ ਬਣਨਾ ਹਜ਼ਮ ਨਹੀਂ ਹੋ ਰਿਹਾ। ਵਾਰੋ ਵਾਰੀ ਸੀਨੀਅਰ ਨੇਤਾ ਸਰਕਾਰ ਦੀ ਕਾਰਗੁਜ਼ਾਰੀ ਦੀ ਨਿੰਦਿਆ ਕਰਦੇ ਰਹਿੰਦੇਹਨ। ਇਹ ਉਨ੍ਹਾਂ ਦਾ ਹੱਕ ਵੀ ਹੈ ਪ੍ਰੰਤੂ ਪਾਰਟੀ ਪੱਧਰ ਤੇ ਅਜਿਹੀ ਨਿੰਦਿਆ ਜਾਇਜ਼ ਹੈ। ਅਖ਼ਬਾਰਾਂ ਵਿਚ ਖ਼ਬਰਾਂ ਲਗਾਉਣ ਲਈਬਿਆਨਬਾਜ਼ੀ ਕਰਨੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਥਾਂ ਕਮਜ਼ੋਰ ਕਰਨ ਵਿਚ ਸਹਾਈ ਹੁੰਦੀ ਹੈ। ਇਸ ਨਾਲ ਵਿਰੋਧੀ ਪਾਰਟੀਆਂ ਨੂੰ ਵੀਮੁੱਦਾ ਮਿਲ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਵੀ ਲੋਕਾਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉਤਰ ਸਕੇ। ਇਸ ਵਾਰੀ ਉਹ ਨਤੀਜੇ ਨਹੀਂਵਿਖਾ ਸਕੇ ਜਿਹੜੇ 2002 ਵਾਲੀ ਸਰਕਾਰ ਵਿਚ ਵਿਖਾਏ ਸਨ। ਚਾਪਲੂਸੀ ਨੇ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਵਿਚ ਤੇਲ ਦਿੱਤਾ ਹੈ।ਕਾਂਗਰਸ ਪਾਰਟੀ ਵਿਚ ਅਜਿਹੇ ਹਾਲਾਤ ਪੈਦਾ ਕਰਨ ਦੀ ਜ਼ਿੰਮੇਵਾਰ ਕੇਂਦਰੀ ਲੀਡਰਸ਼ਿਪ ਹੈ, ਜਿਹੜੀ ਉਨ੍ਹਾਂ ਨੂੰ ਆਪਸ ਵਿਚ ਬਿਠਾਕੇਮਸਲੇ ਦਾ ਹਲ ਕਰਵਾਉਣਾ ਨਹੀਂ ਚਾਹੁੰਦੀ। ਕਾਂਗਰਸ ਪਾਰਟੀ ਵਿਚ ਅਨੁਸ਼ਾਸ਼ਨ ਨਾ ਦੀ ਕੋਈ ਚੀਜ਼ ਨਹੀਂ ਹੈ। ਜੇਕਰ ਨੇਤਾ ਲੋਕ ਇਸੇਤਰ੍ਹਾਂ ਲੜਦੇ ਰਹੇ ਤਾਂ ਪੰਜਾਬ ਦਾ ਹਾਲ 2022 ਵਿਚ ਦੂਜੇ ਰਾਜਾਂ ਵਾਲਾ ਹੋਵੇਗਾ, ਜਿਥੇ ਸਰਕਾਰ ਬਣਾਉਣੀ ਤਾਂ ਵੱਖਰੀ ਗੱਲ ਹੈ, ਪਾਰਟੀਦੀ ਹੋਂਦ ਵੀ ਨਜ਼ਰ ਨਹੀਂ ਆ ਰਹੀ।ਜਿਸ ਦਿਨ ਤੋਂ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਬਣਨ ਦੇ ਸਪਨੇ ਸਿਰਜਕੇ ਭਾਰਤੀ ਜਨਤਾ ਪਾਰਟੀ ਨੂੰਪਲਟੀ ਮਾਰਕੇ ਕਾਂਗਰਸ ਪਾਰਟੀ ਵਿਚ ਪ੍ਰਿਅੰਕਾ ਗਾਂਧੀ ਦਾ ਸਹਾਰਾ ਲੈ ਕੇ ਸ਼ਾਮਲ ਹੋਏ ਸਨ। ਉਸੇ ਦਿਨ ਤੋਂ ਪੰਜਾਬ ਕਾਂਗਰਸ ਦੇਨੇਤਾਵਾਂ ਵਿਚ ਘੁਸਰ ਮੁਸਰ ਸ਼ੁਰੂ ਹੋ ਗਈ ਸੀ। ਕਾਂਗਰਸ ਵਿਚਲੀ ਹਲਚਲ ਇਸ ਕਰਕੇ ਸੀ ਕਿਉਂਕਿ ਮੁੱਖ ਮੰਤਰੀ ਦੇ ਪਹਿਲਾਂ ਹੀ ਬਹੁਤਉਮੀਦਵਾਰ ਲਾਈਨ ਵਿਚ ਲੱਗੇ ਹੋਏ ਸਨ। ਦੱਬੀ ਜ਼ੁਬਾਨ ਨਾਲ ਉਹ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਸਨ, ਪ੍ਰੰਤੂ ਖੁਲ੍ਹਕੇਬੋਲਦੇ ਨਹੀਂ ਸਨ। ਨਵਜੋਤ ਸਿੰਘ ਸਿੱਧੂ ਨੂੰ ਉਸ ਦਿਨ ਪਤਾ ਹੋਣਾ ਚਾਹੀਦਾ ਸੀ ਕਿ ਉਨ੍ਹਾਂ ਤੋਂ ਪਹਿਲਾਂ ਪ੍ਰਨਾਬ ਮੁਕਰਜੀ ਰਾਹੀਂ ਇਹੋ ਸਬਜ਼ਬਾਗ ਵੇਖਣ ਦੇ ਸਪਨੇ ਸਿਰਜਕੇ ਆਏ ਮਨਪ੍ਰੀਤ ਸਿੰਘ ਬਾਦਲ ਪਹਿਲਾਂ ਹੀ ਲਾਈਨ ਵਿਚ ਲੱਗੇ ਹੋਏ ਹਨ। 100 ਸਾਲ ਪੁਰਾਣੀ ਆਜ਼ਾਦੀ ਸੰਗਰਾਮੀਆਂ ਦੇ ਵਾਰਸਾਂ ਦੀ ਕਾਂਗਰਸ ਪਾਰਟੀ ਦੇ ਪੁਸ਼ਤਾਨੀ ਪਰਿਵਾਰਾਂ ਦੇ ਫਰਜ਼ੰਦ ਕਿਵੇਂ ਉਨ੍ਹਾਂ ਦੇ ਪੈਰ ਲੱਗਣ ਦੇਣਗੇ?

ਸ਼ਾਰਟ ਕੱਟਰਾਹੀਂ ਮੁੱਖ ਮੰਤਰੀ ਦੀ ਕੁਰਸੀ ਕਾਂਗਰਸ ਪਾਰਟੀ ਦੇ ਕੌਮੀ ਪੱਧਰ ਤੇ ਕਮਜ਼ੋਰ ਹੁੰਦਿਆਂ ਹੱਥਿਆਉਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਵੀਹੈ।ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕਾਂਗਰਸ ਵਿਚ ਉਨ੍ਹਾਂ ਤੋਂ ਬਹੁਤ ਸੀਨੀਅਰ ਨੇਤਾ ਬੈਠੇ ਹਨ, ਜਿਨ੍ਹਾਂ ਦਾ ਮੁੱਖ ਮੰਤਰੀ ਦੀ ਕੁਰਸੀ 'ਤੇਦਾਅਵਾ ਕਰਨ ਦਾ ਹੱਕ ਬਣਦਾ ਹੈ। ਉਨ੍ਹਾਂ ਨੇਤਾਵਾਂ ਵਿਚ ਪ੍ਰਤਾਪ ਸਿੰਘ ਬਾਜਵਾ, ਬ੍ਰਹਮ ਮਹਿੰਦਰਾ, ਸੁਨੀਲ ਕੁਮਾਰ ਜਾਖੜ, ਲਾਲ ਸਿੰਘ,ਸ਼ਮਸ਼ੇਰ ਸਿੰਘ ਦੂਲੋ, ਮਹਿੰਦਰ ਸਿੰਘ ਕੇ ਪੀ, ਰਵਨੀਤ ਸਿੰਘ ਬਿੱਟੂ ਅਤੇ ਮਨੀਸ਼ ਤਿਵਾੜੀ ਆਦਿ ਦੀ ਲੰਬੀ ਸੂਚੀ ਹੈ। ਨਵਜੋਤ ਸਿੰਘ ਸਿੱਧੂਤਾਂ ਅਜੇ ਪੰਜਾਬੀ ਦੀ ਕਹਾਵਤ ਦੀ ਤਰ੍ਹਾਂ, ਕਲ੍ਹ ਦੀ ਭੂਤਨੀ ਸਿਵਿਆਂ ਵਿਚ ਅੱਧ ਵਾਲੀ ਗੱਲ ਹੈ। ਉਨ੍ਹਾਂ ਨੂੰ ਪੌੜੀ ਦਰ ਪੌੜੀ ਚੜ੍ਹਨ ਨੂੰ ਹੀਤਰਜ਼ੀਹ ਦੇਣੀ ਬਣਦੀ ਸੀ। ਸਿਆਸਤ ਵਿਚ ਲਚਕੀਲਾਪਣ ਹੋਣਾ ਜ਼ਰੂਰੀ , ਲੱਕੜ ਬਣਕੇ ਕੁਝ ਖੱਟਣਾ ਅਸੰਭਵ ਹੁੰਦਾ ਹੈ। ਸਮੇਂ ਦੀਨਜ਼ਾਕਤ ਨੂੰ ਸਮਝਕੇ ਨਵੇਂ ਮਿਲੇ ਵਿਭਾਗ ਰਾਹੀਂ ਆਪਣੀ ਭੱਲ ਬਣਾਉਂਦੇ, ਬਿਜਲੀ ਵਿਭਾਗ ਦਾ ਸੰਬੰਧ ਪੰਜਾਬ ਦੇ ਹਰ ਘਰ ਨਾਲ ਹੈ।ਅਕਾਲੀ ਦਲ ਦੇ ਬਿਜਲੀ ਦੇ ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਸਮਝੌਤਿਆਂ ਨੂੰ ਰੱਦ ਕਰਵਾਕੇ ਪੰਜਾਬ ਦੇ ਲੋਕਾਂ ਦੇ ਮਸੀਹਾ ਬਣ ਸਕਦੇਸਨ।



ਕਾਂਗਰਸ ਪਾਰਟੀ ਵਿਚ ਥੋੜ੍ਹਾ ਸਮਾਂ ਪਹਿਲਾਂ ਸਰਗਰਮ ਹੋਏ ਪ੍ਰਿਅੰਕਾ ਗਾਂਧੀ, ਸੀਨੀਅਰ ਘਾਗ ਕਾਂਗਰਸੀਆਂ ਤੋਂ ਉਨ੍ਹਾਂ ਨੂੰ ਕਿਵੇਂਉਪ ਮੁੱਖ ਮੰਤਰੀ ਦੀ ਕੁਰਸੀ ਦਿਵਾ ਸਕਣਗੇ।

ਭਾਵੇਂ ਪ੍ਰਿਅੰਕਾ ਗਾਂਧੀ ਕਾਂਗਰਸ ਪਾਰਟੀ ਦੇ ਪ੍ਰਧਾਨ ਦੇ ਧੀ ਹਨ ਪ੍ਰੰਤੂ ਉਹ ਸੀਨੀਅਰਨੇਤਾਵਾਂ ਨੂੰ ਨਰਾਜ਼ ਕਰਕੇ ਕਾਂਗਰਸ ਪਾਰਟੀ ਨੂੰ ਹੋਰ ਕਮਜ਼ੋਰ ਨਹੀਂ ਕਰਨਾ ਚਾਹੁਣਗੇ। ਕਿਉਂਕਿ ਉਨ੍ਹਾਂ ਨੂੰ ਤਾਂ ਕਾਂਗਰਸ ਪਾਰਟੀ ਨੂੰਮਜ਼ਬੂਤ ਕਰਨ ਲਈ ਲਿਆਂਦਾ ਗਿਆ ਹੈ। ਭਾਵੇਂ ਨਵਜੋਤ ਸਿੰਘ ਸਿੱਧੂ ਨੂੰ ਸਿਆਸਤ ਪਰਿਵਾਰਿਕ ਵਿਰਸੇ ਵਿਚੋਂ ਮਿਲੀ ਹੈ ਕਿਉਂਕਿ ਉਨ੍ਹਾਂ ਦੇਪਿਤਾ ਮਰਹੂਮ ਭਗਵੰਤ ਸਿੰਘ ਸਿੱਧੂ ਬੜਾ ਲੰਬਾ ਸਮਾਂ ਜਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਪਟਿਆਲਾ ਦੇ ਪ੍ਰਧਾਨ ਅਤੇ ਦਰਬਾਰਾ ਸਿੰਘ ਦੀਵਜਾਰਤ ਵਿਚ ਪੰਜਾਬ ਦੇ ਐਡਵੋਕੇਟ ਜਨਰਲ ਰਹੇ ਹਨ ਪ੍ਰੰਤੂ ਇਉਂ ਲੱਗਦਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਉਨ੍ਹਾਂ ਤੋਂ ਸਿਆਸਤ ਦੇ ਗੁਰਸਿੱਖਣ ਦੀ ਕੋਸ਼ਿਸ਼ ਨਹੀਂ ਕੀਤੀ। ਉਦੋਂ ਉਹ ਕ੍ਰਿਕਟ ਖੇਡਣ ਵਲ ਹੀ ਧਿਆਨ ਲਾਉਂਦੇ ਰਹੇ। ਨਵਜੋਤ ਸਿੰਘ ਸਿੱਧੂ ਵਿਚ ਦੋ ਗੁਣ ਅਜਿਹੇਹਨ, ਜਿਹੜੇ ਹਰ ਸਿਆਸਤਦਾਨ ਵਿਚ ਬਹੁਤ ਘੱਟ ਮਿਲਦੇ ਹਨ। ਉਹ ਇਮਾਨਦਾਰ ਅਤੇ ਬੁਲਾਰੇ ਬਿਹਤਰੀਨ ਹਨ ਪ੍ਰੰਤੂ ਉਹ ਜ਼ਿਆਦਾਬਿਆਨਬਾਜ਼ੀ ਕਰਕੇ ਕਿਸੇ ਵੀ ਪਾਰਟੀ ਵਿਚ ਉਨ੍ਹਾਂ ਗੁਣਾ ਦਾ ਲਾਭ ਨਹੀਂ ਲੈ ਸਕੇ, ਜਿਤਨਾ ਲਾਭ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ।ਸਿਆਸਤ ਵਿਚ ਸੰਜੀਦਗੀ ਹੋਣੀ ਬਹੁਤ ਜ਼ਰੂਰੀ ਹੁੰਦੀ ਹੈ। ਜਿਸਦੀ ਨਵਜੋਤ ਸਿੰਘ ਸਿੱਧੂ ਵਿਚ ਘਾਟ ਹੈ। ਕੁਰਸੀ ਮਿਲਣਾ ਤਾਂ ਵੱਖਰੀ ਗੱਲਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਵਜੋਤ ਸਿੰਘ ਸਿੱਧੂ ਕੇਂਦਰੀ ਹਾਈ ਕਮਾਂਡ ਦੇ ਨੇੜੇ ਹਨ। ਪਿਛਲੇ ਸਵਾ ਚਾਰ ਸਾਲ ਤੋਂ ਜਦੋਂ ਤੋਂਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਹੈ, ਕਾਂਗਰਸ ਪਾਰਟੀ ਦੇ ਕਈ ਸੀਨੀਅਰ ਨੇਤਾਵਾਂ ਨੇਸਰਕਾਰ ਦੀ ਕਾਰਗੁਜ਼ਾਰੀ ਤੇ ਕਿੰਤੂ ਪ੍ਰੰਤੂ ਕੀਤਾ ਹੈ। ਉਨ੍ਹਾਂ ਵਿਚ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ, ਨਵਜੋਤ ਸਿੰਘ ਸਿੱਧੂ ਵਰਨਣਯੋਗ ਹਨ। ਬੇਅਦਬੀ ਦੇ ਮੁੱਦੇ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ।ਵੇਖਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਿਹੜੀ ਗਿਦੜਸਿੰਗੀ ਨਾਲ ਅਰਥਾਤ ਦਾਅ ਪੇਚ ਨਾਲ ਆਪਣਾ ਅਕਸ ਮੁੜ ਸਥਾਪਤਕਰਨਗੇ। ਜੇਕਰ ਬੇਅਦਬੀ ਦੇ ਮੁੱਦੇ ਕੋਈ ਸਾਰਥਿਕ ਕਾਰਵਾਈ ਨਾ ਕੀਤੀ ਤਾਂ ਕਾਂਗਰਸ ਦਾ ਭਵਿਖ ਖ਼ਤਰੇ ਵਿਚ ਪੈ ਜਾਵੇਗਾ।

# ਬਾ-ਦਲੀਲ ! ਬਾ-ਮੁਲਾਹਿਜ਼ਾ ਹੋਸ਼ਿਆਰ ! ! ਕਿਸਾਨ ਅੰਦੋਲਨ



ਗੁਰਮੀਤ ਸਿੰਘ ਪਲਾਹੀ

ਕਿਸਾਨ ਅੰਦੋਲਨ 'ਚ ਸ਼ਾਮਲ ਕਿਸਾਨ, ਹਾਲ ਦੀ ਘੜੀ ਉਹਨਾ ਤਿੰਨੇ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ, ਇੱਕ ਲੰਮੀ, ਅਣਥੱਕਵੀਂ ਲੜਾਈ ਲੜ ਰਹੇ ਹਨ, ਜਿਹਨਾਂ ਕਾਨੂੰਨਾਂ ਨੇ ਉਹਨਾਂ ਦੀ ਹੋਂਦ ਨੂੰ ਖਤਰਾ ਪੈਦਾ ਕੀਤਾ ਹੈ। ਇਸ ਲੜਾਈ ਤੋਂ ਵੀ ਵੱਡੀ ਲੜਾਈ ਦੇਸ਼ ਦੇ ਕਿਸਾਨਾਂ ਦੇ ਸਾਹਮਣੇ ਭੂ-ਜਲ ਸੰਕਟ, ਇੱਕ ਫਸਲ ਖੇਤੀ (ਮੋਨੋਕਲਚਰ) ਦੇ ਖਤਰਿਆਂ ਅਤੇ ਖੇਤੀ 'ਚ ਅਖੌਤੀ ਹਰੇ ਇਨਕਲਾਬ ਦੇ ਨਤੀਜਿਆਂ ਦੀ ਹੈ, ਜਿਸਨੇ ਕਿਸਾਨਾਂ ਦੀ ਖੇਤੀ ਘਾਟੇ ਦੀ ਕਰ ਦਿੱਤੀ ਹੈ, ਜਿਸਨੇ ਕਿਸਾਨਾਂ ਦਾ ਵਾਲ-ਵਾਲ ਕਰਜ਼ਾਈ ਕਰ ਦਿੱਤਾ, ਜਿਸਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾਇਆ ਅਤੇ ਜਿਸਨੇ ਕਿਸਾਨ ਪਰਿਵਾਰਾਂ ਦੀ ਵੱਡੀ ਗਿਣਤੀ ਇਸ ਕਿੱਤੇ ਵਿੱਚੋਂ ਬਾਹਰ ਧੱਕ ਦਿੱਤੀ।

ਮੌਜੂਦਾ ਕਿਸਾਨ ਅੰਦੋਲਨ ਨੇ ਬਿਨ੍ਹਾਂ ਸ਼ੱਕ ਕਿਸਾਨਾਂ ਵਿੱਚ ਸਮਾਜਿਕ ਚੇਤੰਨਤਾ ਪੈਦਾ ਕੀਤੀ ਹੈ। ਉਹਨਾਂ ਨੂੰ ਇਸ ਅੰਦੋਲਨ ਨੇ ਆਰਥਿਕ, ਸਮਾਜਕ ਅਤੇ ਸਿਆਸੀ ਮੁੱਦਿਆਂ ਤੇ ਇੱਕ ਜੁੱਟ ਹੋ ਕੇ ਸੰਘਰਸ਼ ਲਈ ਪ੍ਰੇਰਿਆ ਹੈ। ਇਸ ਲਹਿਰ ਨੇ ਸਾਫ ਸੁਥਰੇ ਅਕਸ ਵਾਲੇ ਬਹੁਤ ਸਾਰੇ ਆਗੂ ਪੈਦਾ ਕੀਤੇ ਹਨ। ਇਸ ਅੰਦੋਲਨ ਨੇ ਸਮਾਜ ਦੇ ਵੱਖੋ ਵੱਖ ਵਰਗਾਂ ਵਿੱਚ ਆਪਸੀ ਭਾਈਚਾਰਕ ਸਾਂਝ ਪੈਦਾ ਕੀਤੀ ਹੈ। ਔਰਤਾਂ ਨੂੰ ਮਰਦਾਂ ਦੇ ਬਰੋਬਰ ਖੜਕੇ ਸੰਘਰਸ਼ 'ਚ ਆਪਣੀ ਭੂਮਿਕਾ ਨਿਭਾਉਣ ਦਾ ਮੌਕਾ ਦਿੱਤਾ ਹੈ। ਪਰ ਮੌਜੂਦਾ ਦੌਰ ਵਿੱਚ ਇਹ ਗੱਲ ਪ੍ਰਤੱਖ ਤੌਰ ਤੇ ਸਮਝਣ ਵਾਲੀ ਹੈ ਕਿ ਕਿਸਾਨੀ ਮਸਲਿਆਂ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਸਦੀ ਸਰਕਾਰ ਏਨੀ ਸੰਵੇਦਨਸ਼ੀਲ ਨਹੀਂ ਹੈ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਮੰਨਕੇ ਉਹਨਾਂ ਨੂੰ ਘਰੇ ਤੋਰ ਦੇਵੇਗੀ।

ਇਹ ਧਾਰਨਾ ਇਸ ਕਰਕੇ ਵੀ ਪੱਕੀ ਹੋਈ ਦਿਸਦੀ ਹੈ ਕਿ ਮੋਦੀ ਸਰਕਾਰ ਅਤੇ ਉਸਦੇ ਤੰਤਰ ਵਲੋਂ ਮੁੱਖ ਧਾਰਾ ਭਾਰਤੀ ਮੀਡੀਆ, ਨੌਕਰਸ਼ਾਹੀ, ਚੋਣ ਮਸ਼ੀਨਰੀ, ਸੁਰੱਖਿਆ ਤਾਕਤਾਂ ਅਤੇ ਇਥੋਂ ਤੱਕ ਕਿ ਨਿਆਪਾਲਿਕਾ ਨੂੰ ਵੀ ਆਪਣੀ ਇੱਛਾ ਅਨੁਸਾਰ ਢਾਲ ਲਿਆ ਹੈ। ਪ੍ਰਸਿੱਧ ਲੇਖਕ ਅਰੁੰਧਤੀ ਰਾਏ ਦੇ ਸ਼ਬਦ ਇਸ ਸਬੰਧੀ ਪੜ੍ਹਨ ਅਤੇ ਵਿਚਾਰਨਯੋਗ ਹਨ, "ਮੁੱਖ ਭਾਰਤੀ ਮੀਡੀਆ, ਨੌਕਰਸ਼ਾਹੀ, ਚੋਣ ਮਸ਼ੀਨਰੀ, ਸੁਰੱਖਿਆ ਤਾਕਤਾਂ ਅਤੇ ਇਥੋਂ ਤੱਕ ਕਿ ਨਿਆਪਾਲਿਕਾ, ਇਹ ਸਾਰੇ ਮਿਲਕੇ ਸੱਤਾ ਦੀ ਸੇਵਾ 'ਚ ਉਸਦੇ ਪੈਰਾਂ 'ਚ ਵਿੱਚ ਚੁੱਕੇ ਹਨ"।

ਮੌਜੂਦਾ ਹਾਲਤਾਂ ਵਿੱਚ ਦੇਸ਼ ਦੀ ਵਿਰੋਧੀ ਧਿਰ ਦੀਆਂ ਸਿਆਸੀ ਪਾਰਟੀਆਂ ਅਤੇ ਵੱਖ-ਵੱਖ ਜਥੇਬੰਦੀਆਂ ਨੇ ਲੋਕਤੰਤਰ 'ਚ ਨਿਗਰਾਨ ਅਤੇ ਸੰਤੁਲਨ ਦੀ ਭੂਮਿਕਾ ਨਿਭਾਉਣ ਤੋਂ ਕੰਨੀਂ ਕੀਤੀ ਹੋਈ ਸੀ, ਇਸੇ ਕਰਕੇ ਲੋਕਾਂ ਵਲੋਂ ਆਪਣੇ ਤੌਰ ਤੇ ਧਰਨੇ ਵੀ ਲੱਗੇ, ਜਲਸੇ ਵੀ ਹੋਏ। ਮੋਦੀ ਸਰਕਾਰ ਨੇ ਮੁਸਲਿਮ ਵਿਰੋਧੀ ਨਾਗਰਿਕਤਾ ਕਾਨੂੰਨ ਅਤੇ ਇਕੱਲੇ ਅਸਾਮ 'ਚ ਹੀ 20 ਲੱਖ ਲੋਕਾਂ ਨੂੰ ਨਾਗਰਿਕਤਾ ਤੋਂ ਵਿਰਵੇ ਕਰਨ ਵਾਲਾ ਕੌਮੀ ਨਾਗਰਿਕ ਰਜਿਸਟਰ ਬਣਾ ਦਿੱਤਾ। ਲੋਕਾਂ ਵਿੱਚ ਇਸ ਦੇ ਵਿਰੋਧ ਵਿੱਚ, ਖੇਤੀ ਕਾਨੂੰਨ ਦੇ ਵਿਰੋਧ ਵਾਂਗਰ ਵਿਰੋਧ ਉਠਿਆ, ਰੋਸ ਪ੍ਰਦਰਸ਼ਨ ਹੋਏ, ਸਰਕਾਰ ਨੇ ਜਿਵੇਂ ਖੇਤੀ ਕਾਨੂੰਨ ਦੇ ਵਿਰੋਧ ਨੂੰ ਖਤਮ ਕਰਨ ਲਈ ਚਾਲਾਂ ਚੱਲੀਆਂ, ਉਵੇਂ ਹੀ ਕਰੋਨਾ ਮਹਾਂਮਾਰੀ ਦੇ ਨਾਮ ਉਤੇ ਦਿੱਲੀ 'ਚ ਅੰਦੋਲਨ ਖਤਮ ਕਰਨ ਦੇ ਯਤਨ ਕੀਤੇ। ਉਤਰ-ਪੂਰਬੀ ਦਿੱਲੀ 'ਚ ਮਜ਼ਦੂਰਾਂ ਦੀ ਬਹੁਤਾਤ ਵਾਲੇ ਇਲਾਕਿਆਂ 'ਚ ਮੁਸਲਮਾਨਾਂ ਦਾ ਕਤਲੇਆਮ ਹੋਇਆ, ਜਿਸਦਾ ਦੋਸ਼ੀ ਵੀ ਮੁਸਲਮਾਨਾਂ, ਵਿਦਿਆਰਥੀਆਂ ਅਤੇ ਸਮਾਜਕ ਕਾਰਕੁੰਨਾਂ ਨੂੰ ਠਹਿਰਾਇਆ ਗਿਆ। ਸਿੱਟੇ ਵਜੋਂ ਸੈਂਕੜੇ ਲੋਕ ਜੇਲ੍ਹਾਂ 'ਚ ਬੰਦ ਹਨ। ਬਹੁਤਿਆਂ ਵਿਰੁੱਧ ਤਫਤੀਸ ਚੱਲ ਰਹੀ ਹੈ ਅਤੇ ਉਹਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਕਿਸਮ ਦੀ ਸਰਕਾਰੀ ਅਸੰਵੇਦਨਸ਼ੀਲਤਾ ਮੁਲਕ ਵਿੱਚ ਸ਼ਾਇਦ ਹੀ ਕਦੇ ਪਹਿਲਾਂ ਵੇਖਣ ਨੂੰ ਮਿਲੀ ਹੋਵੇ।

ਕਿਸਾਨ ਮੋਰਚੇ ਦੇ ਦਿੱਲੀ ਵਿੱਚ 6 ਮਹੀਨੇ ਪੂਰੇ ਹੋ ਰਹੇ ਹਨ। ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਅਣਗੌਲਿਆਂ ਕਰ ਰਹੀ ਹੈ। ਇਸ ਅੰਦੋਲਨ 'ਚ 500 ਤੋਂ ਵੱਧ ਕਿਸਾਨ ਫੌਤ ਹੋ ਚੁੱਕੇ ਹਨ। ਕੀ ਸਰਕਾਰ ਦਾ ਉਹਨਾਂ ਲੋਕਾਂ ਦੇ ਦੁੱਖ ਦਰਦ ਨਾਲ ਕੋਈ ਵਾਸਤਾ ਨਹੀਂ ਹੈ ਜੋ ਅਤਿ ਦੀ ਗਰਮੀ,ਸਰਦੀ 'ਚ ਦਿੱਲੀ ਦੀਆਂ ਬਰੂਹਾਂ ਤੇ ਭੈੜੀਆਂ ਹਾਲਤਾਂ ਵਿੱਚ ਰਹਿ ਰਹੇ ਹਨ? ਕੀ ਸਰਕਾਰ ਨੂੰ ਸਿਰਫ ਵਿਸ਼ਵ ਵਪਾਰ ਸੰਸਥਾ ਅਤੇ ਕਾਰਪੋਰੇਟ ਘਰਾਣਿਆਂ ਦੀ ਹੀ ਚਿੰਤਾ ਹੈ? ਲੋਕ ਇਹ ਸਵਾਲ ਲਗਾਤਾਰ ਪੁੱਛਦੇ ਹਨ। ਸਰਕਾਰ ਚੁੱਪ ਹੈ, ਗੋਦੀ ਮੀਡੀਆ ਵੀ ਚੁੱਪ ਹੈ।

ਮੁੱਖ ਧਾਰਾ ਮੀਡੀਏ ਦਾ ਕਿਸਾਨ ਅੰਦੋਲਨ ਪ੍ਰਤੀ ਨਿਭਾਇਆ ਰੋਲ ਕਿਸੇ ਤੋਂ ਲੁਕਿਆ-ਛੁਪਿਆ ਨਹੀਂ ਰਿਹਾ। ਇਹ ਜਾਣਦਿਆਂ ਹੋਇਆ ਵੀ ਕਿ ਕਿਸਾਨ ਕਾਰਪੋਰੇਟ ਜਗਤ ਵਿਰੁੱਧ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਿਹਾ ਹੈ, ਮੀਡੀਆ ਨੇ ਇਸ ਅੰਦੋਲਨ ਪ੍ਰਤੀ ਚੁੱਪੀ ਧਾਰੀ ਰੱਖੀ। ਪਰ 26 ਜਨਵਰੀ 2021 ਦੀਆਂ ਲਾਲ ਕਿਲੇ ਦੇ ਬਾਹਰ ਵਾਪਰੀਆਂ ਘਟਨਾਵਾਂ ਨੂੰ ਪੂਰੇ ਦੇਸ਼ 'ਚ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਭੰਡੀ ਪ੍ਰਚਾਰ ਕਰਨ ਤੋਂ ਰਤਾ ਵੀ ਇਹ ਮੀਡੀਆ ਪਿੱਛੇ ਨਹੀਂ ਰਿਹਾ। ਕਿਸਾਨਾਂ ਨੂੰ ਖਾਲਿਸਤਾਨੀ, ਅੱਤਵਾਦੀ ਅਤੇ ਪਤਾ ਨਹੀਂ ਹੋਰ ਕੀ ਕੁਝ ਮਰਦਾਨਿਆ ਗਿਆ।

ਉਹ ਮੀਡੀਆ ਜਿਹੜਾ ਹਰ ਛੋਟੀ ਮੋਟੀ ਫਿਲਮੀ ਘਟਨਾ ਨੂੰ ਤੂਲ ਦਿੰਦਾ ਹੈ, ਜਿਹੜਾ ਦੇਸ਼ 'ਚ ਵਾਪਰੀ ਕਿਸੇ ਵੀ ਸਿਆਸੀ, ਸਮਾਜਿਕ, ਮੋਦੀ ਹਿੱਤ ਵਾਲੀ ਘਟਨਾ ਦਾ ਡੋਰੂ ਫੜਕੇ ਪ੍ਰਚਾਰ ਕਰਦਾ ਹੈ, ਉਹ ਇਸ ਕਾਨੂੰਨ ਦੇ ਫਾਇਦੇ ਤਾਂ ਦੱਸਣ ਨੂੰ ਮੋਹਰੀ ਰਿਹਾ, ਕਾਨੂੰਨ ਨੂੰ ਕਿਸਾਨ ਹਿੱਤ ਵਿੱਚ ਦੱਸਦਾ ਰਿਹਾ, ਪਰ ਇਹਨਾਂ ਕਾਨੂੰਨਾਂ ਦਾ ਸ਼ਹਿਰੀ ਅਬਾਦੀ ਉਤੇ ਕੀ ਅਸਰ ਪੈਣਾ ਹੈ? ਕਿਸਾਨਾਂ ਨੂੰ ਇਸਦਾ ਕੀ ਨੁਕਸਾਨ ਹੈ? ਜਮਾਂਖੋਰਾਂ ਨੇ ਕਿਵੇਂ ਇਸ ਕਾਨੂੰਨ ਨੂੰ ਆਪਣੇ ਹਿੱਤ 'ਚ ਵਰਤਣਾ ਹੈ, (ਜਿਵੇਂ ਕਿ ਹੁਣ ਕਰੋਨਾ ਮਹਾਂਮਾਰੀ ਸਮੇਂ ਲੁੱਟ ਮਚਾ ਰਹੇ ਹਨ) ਇਸ ਬਾਰੇ ਇੱਕ ਸ਼ਬਦ ਵੀ ਇਹਨਾਂ ਵਲੋਂ ਬੋਲਿਆ ਨਹੀਂ ਗਿਆ।

ਅਸਲ ਵਿੱਚ ਜਿਵੇਂ ਪੁਲਵਾਮਾ ਘਟਨਾ ਨੂੰ ਰਾਸ਼ਟਰਵਾਦ 'ਚ ਲਪੇਟਕੇ ਹਿਦੂੰਤਵੀ ਪੱਤਾ ਵਰਤਕੇ, ਗੋਦੀ ਮੀਡੀਆ ਰਾਹੀਂ ਦੂਜੀ ਵੇਰ, ਭਾਜਪਾ ਨੇ ਤਾਕਤ ਹਥਿਆਈ, ਚੋਣਾਂ ਜਿੱਤੀਆਂ। ਗੋਦੀ ਮੀਡੀਆ ਰਾਹੀਂ ਹੀ ਨਾਗਰਿਕ ਕਾਨੂੰਨ ਦੇ ਵਿਰੋਧ 'ਚ ਲੜ ਰਹੇ ਲੋਕਾਂ ਨੂੰ ਬਦਨਾਮ ਕਰਨ ਅਤੇ ਉਹਨਾਂ ਦੇ ਅੰਦਲਨ ਨੂੰ ਫੇਲ੍ਹ ਕਰਨ ਲਈ ਹੱਥ ਕੰਡੇ ਵਰਤੇ, ਉਸ 'ਚ ਗੋਦੀ ਮੀਡੀਆ ਦਾ ਵਿਸ਼ੇਸ਼ ਰੋਲ ਰਿਹਾ। ਇਵੇਂ ਹੀ ਹਾਕਮ ਧਿਰ ਕਿਸਾਨ ਅੰਦੋਲਨ ਨੂੰ ਇਹਨਾ ਰਾਹੀਂ ਖ਼ਤਮ ਕਰਨ ਦੇ ਰਾਹ ਹੈ। ਹਰਿਆਣਾ, ਪੰਜਾਬ, ਬੰਗਾਲ, ਯੂ.ਪੀ. ਇਥੋਂ ਤੱਕ ਕਿ ਦੱਖਣੀ ਰਾਜਾਂ ਵਿੱਚ ਵੀ ਕਿਸਾਨ ਅੰਦੋਲਨ ਮੁਹਿੰਮ ਚੱਲੀ ਹੈ, ਲੋਕ ਰੋਸ ਪ੍ਰਦਰਸ਼ਨ, ਰੋਸ ਸੋਸ਼ਲ ਮੀਡੀਆ ਉਤੇ ਵੇਖਿਆ ਜਾ ਸਕਦਾ ਹੈ, ਪਰ ਮੁੱਖ ਮੀਡੀਆ ਵਲੋਂ ਇੱਕ ਸਤਰ ਵੀ ਆਪਣੇ ਚੈਨਲਾਂ, ਅਖਬਾਰਾਂ, ਇਲੈਕਟ੍ਰੋਨਿਕ ਮੀਡੀਏ ਤੇ ਬੋਲੀ ਜਾਂ ਲਿਖੀ ਨਹੀਂ ਜਾਂਦੀ।

ਕਿਸਾਨ ਅੰਦੋਲਨ 9 ਅਗਸਤ 2020 ਨੂੰ ਪੰਜਾਬ ਤੋਂ ਆਰੰਭਿਆ ਗਿਆ। ਤਿੰਨ ਕਾਲੇ ਕਾਨੂੰਨ ਰੱਦ ਕਰਨ ਅਤੇ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨੀਅਤ ਕਰਵਾਉਣਾ ਕਿਸਾਨਾਂ ਦੀ ਮੰਗ ਸੀ ਅਤੇ ਹੈ। ਕਿਸਾਨਾਂ ਘਿਰਾਓ ਕੀਤੇ। ਕਿਸਾਨਾਂ ਧਰਨੇ ਦਿੱਤੇ। ਕਿਸਾਨਾਂ ਰਸਤਾ ਰੋਕੋ, ਮੁਹਿੰਮ ਚਲਾਈ। ਕਿਸਾਨਾਂ ਵੱਡੇ ਮੁਜਾਹਰੇ ਕੀਤੇ। ਕਈ ਕਿਸਾਨਾਂ ਮੰਗਾਂ ਮੰਨਾਉਣ ਲਈ ਖੁਦਕੁਸ਼ੀਆਂ ਕੀਤੀਆਂ। ਪੰਜਾਬ ਸਰਕਾਰ ਅਤੇ ਕੁਝ ਹੋਰ ਕਾਂਗਰਸੀ ਸਰਕਾਰਾਂ ਨੇ ਇਹਨਾਂ ਕਾਨੂੰਨਾਂ ਦੇ ਉਲੱਟ ਬਿੱਲ ਆਪੋ-ਆਪਣੀਆਂ ਅਸੰਬਲੀਆਂ ਵਿੱਚ ਲਿਆਂਦੇ। ਕੁਝ ਸੂਬਿਆਂ ਨੇ ਮਤੇ ਪਾਕੇ ਇਹਨਾ ਕਾਨੂੰਨਾਂ ਦਾ ਵਿਰੋਧ ਕੀਤਾ।

9 ਮਹੀਨੇ 9 ਦਿਨਾਂ ਬਾਅਦ ਵੀ ਇਹ ਅੰਦੋਲਨ ਕਿਸੇ ਬੰਨੇ-ਕੰਨੇ ਲੱਗਣ ਦੇ ਕਿਨਾਰੇ ਨਹੀਂ। ਹਰ ਚੌਥੇ, ਦਸਵੇਂ ਦਿਨ ਕੇਂਦਰ ਦਾ ਖੇਤੀ ਮੰਤਰੀ ਕਿਸਾਨਾਂ ਨੂੰ ਕਰੋਨਾ ਮਹਾਂਮਾਰੀ ਦਾ ਵਾਸਤਾ ਦੇਕੇ ਅੰਦੋਲਨ ਮੁਲਤਵੀ ਕਰਨ ਦਾ ਬਿਆਨ ਦਾਗਦਾ ਹੈ। ਹਰਿਆਣੇ ਦਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਉਪਰਲਿਆਂ ਦੇ ਇਸ਼ਾਰੇ ਉਤੇ ਅੰਦੋਲਨਕਾਰੀ ਕਿਸਾਨਾਂ ਨੂੰ ਇੱਕ ਪਾਸੇ ਅਪੀਲ ਕਰਦਾ ਹੈ, ਦੂਜੇ ਪਾਸੇ ਕੁੱਟਦਾ ਹੈ, ਉਹਨਾਂ ਉਤੇ ਲਾਠੀਚਾਰਜ ਕਰਵਾਉਂਦਾ ਹੈ, ਪਲਾਸਟਿਕ ਦੀਆਂ ਗੋਲੀਆਂ ਚਲਵਾਉਂਦਾ ਹੈ, ਪਾਣੀ ਦੀਆਂ ਬੁਛਾੜਾਂ ਸੁਟਵਾਉਂਦਾ ਹੈ। ਕਿਸਾਨ ਅੰਦੋਲਨਕਾਰੀਆਂ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਅੰਦੋਲਨਜੀਵੀ ਅਤੇ ਪਤਾ ਨਹੀਂ ਹੋਰ ਕੀ ਕੁਝ ਆਖਦਾ ਹੈ। ਪਰ ਦੂਜੇ ਪਾਸੇ ਦੇਸ਼ ਦੇ ਕਿਸਾਨਾਂ ਨੂੰ 500 ਰੁਪਏ ਪ੍ਰਤੀ ਪਰਿਵਾਰ ਵੱਡੀ ਰਾਸ਼ਨ ਉਹਨਾਂ ਦੇ ਖਾਤੇ ਪਾਉਂਦਾ ਹੈ। ਲੋਕ ਨਰਾਜ਼ ਨਾ ਹੋ ਜਾਣ ਕਰੋਨਾ ਕਾਲ ਸਮੇਂ ਨੌਕਰੀਆਂ ਤੇ ਜੀਵਨ ਦੀ ਖੁਸ਼ਹਾਲੀ ਨਾ ਦੇਕੇ 80 ਕਰੋੜ ਲੋਕਾਂ ਨੂੰ ਭੁੱਖ ਤੋਂ ਬਚਾਉਣ ਲਈ 5 ਕਿਲੋ ਅਨਾਜ ਦਾ ਦਾਣਾ ਚੋਗਾ ਪਾਉਂਦਾ ਹੈ, ਪਰ ਕਿਸਾਨ ਅੰਦੋਲਨ ਬਾਰੇ ਕੁਝ ਨਹੀਂ ਬੋਲਦਾ।

ਸਰਕਾਰੀ ਤੰਤਰ, ਹਾਕਮ, ਗੋਦੀ ਮੀਡੀਆ ਤੋਂ ਅੱਗੇ ਦੇਸ਼ ਦੇ ਅਦਾਲਤੀ ਢਾਂਚਾ ਵੀ ਕਿਸਾਨਾਂ ਪੱਲੇ ਕੁਝ ਨਹੀਂ ਪਾ ਸਕਿਆ। ਭਾਵੇਂ ਕਿ ਦੇਸ਼ ਦੀ ਸੁਪਰੀਮ ਕੋਰਟ ਨੂੰ ਤਿੰਨੇ ਕਾਲੇ ਕਾਨੂੰਨ ਲਾਗੂ ਕਰਨ ਉਤੇ ਹਾਲ ਦੀ ਘੜੀ ਰੋਕ ਲਗਾ ਦਿੱਤੀ ਹੋਈ ਹੈ, ਜਿਸਦਾ ਕਿਸਾਨਾਂ ਦੀਆਂ ਅੰਦੋਲਨਕਾਰੀ ਜੱਥੇਬੰਦੀਆਂ ਨੇ ਸਵਾਗਤ ਕੀਤਾ ਹੈ, ਪਰ ਸੁਪਰੀਮ ਕੋਰਟ ਨੇ ਇਹਨਾ ਕਾਨੂੰਨਾਂ ਤੇ ਵਿਚਾਰ ਕਰਨ ਲਈ ਜੋ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ, ਉਸ ਨਾਲ ਕਿਸਾਨਾਂ ਨੇ ਸਹਿਮਤੀ ਨਹੀਂ ਪ੍ਰਗਟਾਈ, ਕਿਉਂਕਿ ਇਹਨਾ ਵਿੱਚ ਬਹੁਤਾਤ ਖੇਤੀ ਕਾਨੂੰਨ ਹਿਮੈਤੀ ਬੰਦਿਆਂ ਦੀ ਹੈ। ਜਿਵੇਂ ਕਿਸਾਨ ਜੱਥੇਬੰਦੀਆਂ ਨਾਲ ਗਿਆਰਾਂ ਵੇਰ ਗੱਲਬਾਤ ਕਰਨ ਵਾਲੀ ਸਰਕਾਰ ਕਿਸਾਨ ਅੰਦੋਲਨ ਪ੍ਰਤੀ ਟਾਲਣ ਵਾਲੀ ਨੀਤੀ ਦੇ ਤਹਿਤ ਕੰਮ ਕਰਦਿਆਂ ਇਸਨੂੰ ਲਟਕਾਅ ਵਾਲੀ ਸਥਿਤੀ ਵਿੱਚ ਰੱਖ ਰਹੀ ਹੈ ਤਾਂ ਕਿ ਕਿਸਾਨ ਥੱਕ ਜਾਣ ਅਤੇ ਉਹਨਾ ਦਾ ਅੰਦੋਲਨ ਆਪੇ ਖ਼ਤਮ ਹੋ ਜਾਏਗਾ, ਉਵੇਂ ਹੀ ਸੁਪਰੀਮ ਕੋਰਟ ਵਲੋਂ ਵੀ ਗਿਆਰਾਂ ਮੈਂਬਰੀ ਕਮੇਟੀ ਦੀ ਰਿਪੋਰਟ, ਜੋ ਕਮੇਟੀ ਨੇ ਪੇਸ਼ ਕਰ ਦਿੱਤੀ ਹੋਈ ਹੈ, ਸਬੰਧੀ ਅੱਗੋਂ ਕੋਈ ਸੁਣਵਾਈ, ਕਾਰਵਾਈ ਨਹੀਂ ਕੀਤੀ ਜਾ ਰਹੀ। ਦੇਸ਼ ਦੀਆਂ ਵੱਖੋ-ਵੱਖਰੀਆਂ ਹਾਈ ਕੋਰਟਾਂ ਵਲੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਲੋਂ ਕਰੋਨਾ ਮਹਾਂਮਾਰੀ ਨਾਲ ਨਜਿੱਠਣ 'ਚ ਢਿੱਲ ਅਤੇ ਆਕਸੀਜਨ ਸਪਲਾਈ ਦੇ ਮਾਮਲੇ ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਸੁਪਰੀਮ ਕੋਰਟ ਵੀ ਇਸ ਸਬੰਧੀ ਕਾਫ਼ੀ ਸੰਜੀਦਾ ਹੈ, ਕੀ ਕਿਸਾਨ ਅੰਦੋਨਲ ਸਬੰਧੀ ਇੰਨੀ ਸੰਜੀਦਗੀ, ਵਿਖਾਕੇ ਇਹ ਖੇਤੀ ਕਾਨੂੰਨ ਸੁਪਰੀਮ ਕੋਰਟ ਵਲੋਂ ਰੱਦ ਨਹੀਂ ਕੀਤੇ ਜਾ ਸਕਦੇ? ਕਿਉਂਕਿ ਖੇਤੀ ਸੂਬਿਆਂ ਦੇ ਖੇਤਰ ਵਿੱਚ ਆਉਂਦੀ ਹੈ, ਕੇਂਦਰ ਨੇ ਇਸਨੂੰ ਵਪਾਰ ਨਾਲ ਜੋੜਕੇ ਇਹ ਕਾਨੂੰਨ ਕਾਰਪੋਰੇਟ ਹਿੱਤ 'ਚ ਬਣਾਏ ਹਨ ਅਤੇ ਸੂਬਿਆਂ ਦੇ ਅਧਿਕਾਰਾਂ 'ਚ ਸਿੱਧੀ ਦਖ਼ਲ ਅੰਦਾਜ਼ੀ ਕੀਤੀ ਹੈ। ਪਰ ਸੁਪਰੀਮ ਕੋਰਟ ਵਲੋਂ ਇਹ ਤਾਂ ਕਿਹਾ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਰੋਸ, ਵਿਰੋਧ ਪ੍ਰਗਟ ਕਰਨ ਦਾ ਹੱਕ ਹੈ। ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਖ਼ਤਮ ਕਰਨ ਲਈ ਸੰਜੀਦਾ ਨਹੀਂ ਹੈ। ਪਰ ਇਸ ਤੋਂ ਅੱਗੇ ਸੁਪਰੀਮ ਕੋਰਟ ਦੀ ਚੁੱਪੀ ਅੱਖਰਦੀ ਹੈ!

ਕਿਸਾਨ ਅੰਦੋਲਨ ਦੌਰਾਨ ਸਿਆਸੀ ਪਾਰਟੀਆਂ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿੱਚ ਹੈ। ਭਾਜਪਾ ਤਾਂ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਹੀ ਹੈ, ਪਰ ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਜਿਹਨਾ ਨੇ ਕਿਸਾਨ ਅੰਦੋਲਨ ਦੇ ਹੱਕ 'ਚ ਹਾਅ ਦਾ ਨਾਹਰਾ ਮਾਰਿਆ, ਕਦੇ-ਕਦੇ ਕਿਸਾਨ ਅੰਦੋਲਨ ਲਈ ਪਰਦੇ ਪਿੱਛੇ ਸਹਾਇਤਾ ਵੀ ਕੀਤੀ। ਪਰ ਅੱਜ ਇਹ ਪਾਰਟੀਆਂ ਘੱਟੋ-ਘੱਟ ਪੰਜਾਬ ਵਿੱਚ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇ ਨਜ਼ਰ ਕਿਸਾਨਾਂ ਦੇ ਇਸ ਅੰਦੋਲਨ ਪ੍ਰਤੀ ਠੰਡਾ ਵਤੀਰਾ ਧਾਰਨ ਕਰਦੀਆਂ ਜਾਪਦੀਆਂ ਹਨ, ਅਤੇ ਹੋਰ ਮੁੱਦਿਆਂ ਨੂੰ ਸੂਬੇ ਵਿੱਚ ਉਛਾਲ ਰਹੀਆਂ ਹਨ। ਕਦੇ ਪੰਜਾਬ 'ਚ ਕਿਸਾਨ ਅੰਦੋਲਨ ਸਮੇਂ ਇਹ ਜਾਪਣ ਲੱਗ ਪਿਆ ਸੀ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਪਿੱਛੇ-ਪਿੱਛੇ ਹਨ ਤੇ ਕਿਸਾਨ ਆਗੂ ਤੇ ਕਿਸਾਨ ਜੱਥੇਬੰਦੀਆਂ ਮੋਹਰੀ ਰੋਲ ਅਦਾ ਕਰ ਰਹੀਆਂ ਹਨ। ਪਰ ਅੱਜ ਹਾਲਾਤ ਵੱਖਰੇ ਦਿਸਦੇ ਹਨ। ਪੰਜਾਬ 'ਚੋਂ ਉਠੇ ਕਿਸਾਨ ਅੰਦੋਲਨ ਨੇ ਨਵੇਂ ਦਿਸਹੱਦੇ ਸਿਰਜੇ ਹਨ। ਕਿਸਾਨ ਅੰਦੋਲਨ ਦੀ ਵਗਦੀ ਧਾਰਾ ਨੇ ਨਵੇਂ ਹੌਸਲੇ, ਨਵੀਆਂ ਸੋਚ-ਉਡਾਰੀਆਂ ਪੈਦਾ ਕੀਤੀਆਂ ਹਨ। ਵਿਆਪਕ ਵਿਰੋਧ ਪ੍ਰਦਰਸ਼ਨ ਦੇਸ਼ 'ਚ ਉੱਠ ਰਹੀ ਬਗਾਵਤ ਵੱਲ ਇਸ਼ਾਰਾ ਹਨ। ਆਜ਼ਾਦੀ ਦਾ ਇੱਕ ਨਵਾਂ ਬਿਗਲ ਵੱਜਿਆ ਹੈ। ਦੇਰ ਨਾਲ ਹੀ ਸਹੀ ਪਰ ਇਹ ਕਿਸਾਨ ਅੰਦੋਲਨ ਸਫ਼ਲ ਹੋਏਗਾ, ਕਿਉਂਕਿ ਇਹ ਅੰਦੋਲਨ ਹੁਣ ਜਨ ਅੰਦੋਲਨ ਬਣ ਚੁੱਕਾ ਹੈ। ਲੋਕ, ਪਾਣੀ-ਬਿਜਲੀ, ਹੋਰ ਬੁਨਿਆਦੀ ਢਾਂਚੇ ਦੇ ਨਿੱਜੀਕਰਨ, ਨਿਆਇਕ ਸੁਤੰਤਰਤਾ ਮੀਡੀਆ ਅਤੇ ਲੋਕਤੰਤਰ ਨੂੰ ਬਚਾਉਣ ਲਈ ਅੱਗੇ ਆ ਰਹੇ ਹਨ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ, ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Gagandeep Jattana
639 742 0203
639 999 1000
Email-gaganjattana0203@gmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

ਕਬੱਡੀ ਜਗਤ

# ਗਰੇਵਾਲ, ਘੱਲਾਂ ਆਲੇ ਘੱਕੇ ਉੱਤੇ ਆਪਣੇ ਹੱਥ ਖੋਲ੍ਹਦਾ ਸੀ



ਜੋਗਿੰਦਰ ਸੰਘਾ ਕੈਲਗਰੀ
403-836-2500

ਡਰੋਲੀ ਆਲਾ ਗਰੇਵਾਲ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ । ਜਿਨਾਂ ਨੇ ਖੇਡ ਕਬੱਡੀ ਸੱਤਰਵਿਆਂ ਦੇ ਦਹਾਕੇ ਦੇ ਵਿੱਚ ਜਾਂ ਨੇੜੇ ਤੇੜੇ ਖੇਡੀ ਜਾਂ ਕਬੱਡੀ ਵੇਖਣ ਦੇ ਸ਼ੌਕੀਨ ਸਨ, ਉਹ ਜਾਫੀ ਗਰੇਵਾਲ ਦੀ ਖੇਡ ਤੋਂ ਚੰਗੀ ਤਰ੍ਹਾਂ ਜਾਣੂ ਹੋਣਗੇ। ਗਰੇਵਾਲ ਦਾ ਪੂਰਾ ਨਾਮ ਅਜਮੇਰ ਸਿੰਘ ਗਰੇਵਾਲ ਹੈ । ਛੋਟਾ ਨਾਮ ਕਾਕਾ ਹੈ ਪਰ ਸਾਰੇ ਜਾਨਣ ਵਾਲੇ ਉਸ ਗਰੇਵਾਲਾ ਕਹਿ ਕੇ ਹੀ ਬੁਲਾਉਂਦੇ ਸਨ । ਕਬੱਡੀ ਜਗਤ ਵਿੱਚ ਉਹ ਡਰੋਲੀ ਆਲਾ ਗਰੇਵਾਲ ਨਾਲ ਮਸ਼ਹੂਰ ਸੀ। ਪਿੰਡ ਡਰੋਲੀ ਭਾਈ ਕੀ (ਮੋਗਾ) ਦਾ ਜੰਮਪਲ ਗੋਰਾ ਨਿਛੋਹ ਸਡੌਲ ਸਰੀਰ ਆਲਾ ਗਰੇਵਾਲ ਤਿੰਨ ਭਰਾਵਾਂ ’ਚੋਂ ਸਭ ਤੋਂ ਛੋਟਾ ਹੈ । ਤਿੰਨੇ ਭਰਾ ਹੀ ਕਬੱਡੀ ਖੇਡਦੇ ਸਨ। ਗਰੇਵਾਲ ਹਾਈ ਸਕੂਲ ਤੋਂ ਹੀ ਆਪਣੇ ਪਿੰਡ ਡਰੋਲੀ ਦੀ ਕਬੱਡੀ ਟੀਮ ਦਾ ਗਹਿ ਗੱਡਵਾਂ ਪਲੇਅਰ ਸੀ। ਮੈਂ ਓਨਾ ਕੁ ਹੀ ਲਿਖਾਂਗਾ ਜਿੰਨਾ ਕੁ ਮੈਨੂੰ ਪਤਾ ਹੈ ਅਤੇ ਜੋ ਮੇਰੇ ਨਾਲ ਹੁੰਦਿਆਂ ਗਰੇਵਾਲ ਨੇ ਕਬੱਡੀ ਖੇਡ ਵਿੱਚ ਝੰਡੇ ਗੱਡੇ ਸਨ। ਕਿਉਂਕਿ ਮੈਂ ਇਹ ਲਿਖਤ ਗਰੇਵਾਲ ਨੂੰ ਦੱਸੇ ਬਿਨਾਂ ਹੀ ਲਿਖ ਰਿਹਾ ਹਾਂ ਅਤੇ ਨਾ ਹੀ ਓਸ ਟਾਇਮ ਦੇ ਸਾਡੇ ਨਾਲ ਦੇ ਜੋਟੀਦਾਰਾਂ ਨੂੰ ਪੁੱਛਿਆ ਦੱਸਿਆ ਹੈ ਕਿਉਕਿ ਗਰੇਵਾਲ ਨਹੀਂ ਚਾਹੁੰਦਾ ਕਿ ਕੋਈ ਉਸ ਦੀਆਂ ਤਾਰੀਫਾਂ ਕਰੇ। ਗੱਲ ਬਾਤ ਕਰਦਿਆਂ ਮੈਂ ਕਈ ਵਾਰ ਗਰੇਵਾਲ ਨੂੰ ਪੁੱਛਿਆ ਕਿ ਗਰੇਵਾਲਾ ਆਹ ਮੀਡੀਏ ਆਲੇ, ਚੈਨਲਾਂ ਆਲੇ ਹੋਰ ਕਬੱਡੀ ਖਿਡਾਰੀਆਂ ਦੀਆਂ ਇੰਟਰਵਿਊ ਲੈ ਕੇ ਵੀਡੀਓ ਬਣਾ ਕੇ ਪਾਈ ਜਾਂਦੇ ਐ, ਕੋਈ ਤੇਰੇ ਕੋਲ ਨੀ ਆਇਆ ਇੰਟਰਵਿਊ ਲੈਣ ? ਨਾਲੇ ਜਿਨ੍ਹਾਂ ਮਸ਼ਹੂਰ ਰੇਡਰਾਂ ਦੀਆਂ ਵੀਡੀਓ ਹੁਣ ਤਾਈਂ ਮੈਂ ਦੇਖੀਆਂ, ਉਹਨਾਂ ਨੂੰ ਰੋਕਣ ਆਲੇ ਗਰੇਵਾਲ ਨੂੰ ਨੀ ਕਿਸੇ ਨੇ ਪੁੱਛਿਆ ? ਮੈ ਘੱਲਾਂ ਕਿਸੇ ਨੂੰ ਤੇਰੀ ਇੰਟਰਵਿਊ ਲੈਣ ? ਗਰੇਵਾਲ ਦਾ ਜੁਆਬ ਸੀ ਕਿ ਨਾ ਵਈ ਆਪਾਂ ਨਹੀਂ ਆੜੀ ਇੰਟਰਵਿਊ ਕਰ ਕੇ ਰਾਜੀ, ਮੇਰੇ ਕੋਲ ਨਾ ਘੱਲੀਂ ਕਿਸੇ ਨੂੰ । ਤਾਹੀਂ ਮੈਂ ਉਸ ਨੂੰ ਦੱਸੇ ਬਿਨਾਂ ਹੀ ਲਿਖ ਰਿਹਾ ਹਾਂ।

ਗਰੇਵਾਲ ਨੇ 1975 ’ਚ ਗੁਰੂ ਨਾਨਕ ਕਾਲਜ ਮੋਗਾ ਵਿੱਚ ਪੈਰ ਪਾਇਆ ਹੋ ਸਕਦਾ ਹੈ ਕਿ 1974 ਵਿੱਚ ਹੀ ਆਗਿਆ ਹੋਵੇ ਕਿਉਂਕਿ ਮੈਂ 75-76 ’ਚ ਦਸਵੀਂ ਪਾਸ ਕੀਤੀ ਅਤੇ ਓਸੇ ਸਾਲ ਹੀ ਗੁਰੂ ਨਾਨਕ ਕਾਲਜ ਮੋਗਾ ਵਿੱਚ ਆ ਗਿਆ ਸੀਤਾਂ ਗਰੇਵਾਲ, ਭਿੰਡਰਾਂ ਵਾਲਾ ਸੀਰਾ, ਕਪੂਰਿਆਂ ਆਲਾ ਦਿਆਲਾ ਅਤੇ ਦੋਸਾਂਝਾਂ ਆਲਾ ਕਰਮਾ ਇੱਕ ਸਾਲ ਪਹਿਲਾਂ ਹੀ ਕਾਲਜ ਦੀ ਟੀਮ ’ਚ ਖੇਡ ਚੁੱਕੇ ਸਨ। ਕਰਮੇ ਨੇ ਮੇਰੀ ਪਹਿਲੇ ਦਿਨ ਈ ਡੀ.ਪੀ. ਜਸਵੰਤ ਸਿੰਘ ਗਰੇਵਾਲ ਨਾਲ ਮੁਲਾਕਾਤ ਕਰਾ ਦਿੱਤੀ ਕਿ ਮੁੰਡਾ ਹਾਈ ਸਕੂਲ ਦੀ ਟੀਮ ’ਚ ਕੌਡੀ ਖੇਡਦਾ ਆਇਆ ਅਤੇ ਦੋ ਕੁ ਪ੍ਰੈਕਟਿਸਾਂ ਕਰ ਕੇ ਮੈ ਵੀ ਗੁਰੂ ਨਾਨਕ ਕਾਲਜ ਮੋਗਾ ਦੀ ਟੀਮ ਕਬੱਡੀ ਓਪਨ ਦਾ ਮੈਂਬਰ ਬਣ ਗਿਆ। ਮੈਥੋਂ ਪਹਿਲਾਂ ਵੀ ਗਰੇਵਾਲ ਹੋਣੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਧੁੰਮਾਂ ਪਾ ਆਏ ਸੀ। ਹੁਣ ਮੇਰੇ ਵੇਲੇ ਗਰੇਵਾਲ, ਭਿੰਡਰਾਂ ਵਾਲਾ ਸੀਰਾ, ਕਪੂਰਿਆਂ ਆਲਾ ਦਿਆਲਾ, ਦੋਸਾਂਝਾਂ ਆਲਾ ਕਰਮਾ, ਜੈ ਸਿਹੁੰ ਆਲਾ ਦਰਸ਼ਨ, ਸੈਦੋ ਆਲਾ ਬੀਘੱੜ, ਦੀਨੇ ਕਾਂਗੜ ਆਲਾ ਪਰਗਟ, ਬੁੱਧ ਸਿੰਹੁ ਆਲਾ ਚਰਨਾਂ ਅਤੇ ਧੱਲੇਕਿਆਂ ਆਲਾ ਰਾਜਾ ਸਾਰੇ ਗੁਰੂ ਨਾਨਕ ਕਾਲਜ ਮੋਗਾ ਦੀ ਕਬੱਡੀ ਓਪਨ ਦੇ ਗੈਹ ਗੱਡਵੇਂ ਪਲੇਅਰ ਸਨ। ਲੰਡਿਆਂ ਆਲਾ ਮੰਦਰ ਬਾਅਦ ਵਿੱਚ ਆਇਆ ਸੀ । ਚਲ ਨਾਲ ਲੱਗਦੇ ਮੰਦਰ ਦਾ ਗੁਰੂ ਨਾਨਕ ਕਾਲਜ ਮੋਗਾ ਵਿੱਚ ਆਉਣ ਦਾ ਕਾਰਨ ਵੀ ਦੱਸ ਦਿਆਂ। ਮੇਰੇ ਖਿਆਲ ਚ 1976 ਆਲੇ ਸੰਨ ’ਚ ਜਦੋਂ ਅਸੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਖੇਡਣ ਗਏ ਤਾਂ ਓਥੇ ਢੁੱਡੀਕੇ ਕਾਲਜ ਦੀ ਕਬੱਡੀ ਟੀਮ ਵੀ ਆਈ ਸੀ ਜੋ ਕਿ ਸਾਡੇ ਕਾਲਜ ਨਾਲੋਂ ਵੱਖਰੇ ਜੋਨ () ’ਚ ਪੈਂਦੀ ਸੀ । ਲੰਡਿਆਂ ਆਲਾ ਮੰਦਰ ਢੁੱਡੀਕੇ ਕਾਲਜ ਦੀ ਟੀਮ ਦਾ ਸਟਾਰ ਪਲੇਅਰ ਸੀ । ਚੰਡੀਗੜ੍ਹ ਚ ਸਾਡਾ ਪਹਿਲਾ ਮੈਚ ਈ ਢੁੱਡੀਕੇ ਕਾਲਜ ਨਾਲ ਪੈ ਗਿਆ। ਮੰਦਰ ਉਹਨਾਂ ਦਾ ਸਭ ਤੋਂ ਤਕੜਾ ਪਲੇਅਰ ਸੀ ਤਾ ਹੀਂ ਪਹਿਲੀ ਕੌਡੀ ਵੀ ਉਹਨੇ ਹੀ ਪਾਉਣੀ ਸੀ । ਐਧਰ ਗਰੇਵਾਲ ਨੇ ਸਾਨੂੰ ਪਹਿਲਾਂ ਈ ਕੈਹਤਾ ਸੀ ਕਿ ਇਹਨੂੰ ਮੈਂ ਈ ਸਾਂਭੂ ਗਾ ਹੋਰ ਕੋਈ ਹੱਥ ਨਾ ਪਾਵੇ । ਗਰੇਵਾਲ ਨੇ ਮੰਦਰ ਨੂੰ ਹਿੱਲਣ ਈ ਨਾ ਦਿੱਤਾ । ਪਹਿਲੀ ਕੌਡੀ ਚ ਈ ਮੰਦਰ ਸ਼ੱਕੀ ਕਰ ਤਾ । ਮੰਦਰ ਨੇ ਸਾਹ ਲੈ ਕੇ ਤਿੰਨ ਕੌਡੀਆਂ ਗੁੱਸੇ ਜਿਹੇ ਨਾਲ ਪਾਈਆਂ ਪਰ ਗਰੇਵਾਲ ਨੇ ਮੰਦਰ ਨੂੰ ਹੋਰ ਕੌਡੀ ਪਾਉਣ ਯੋਗਾ ਈ ਨਾ ਛੱਡਿਆ। ਹਾਫ ਟਾਇਮ ਵੇਲੇ ਈ ਮੰਦਰ ਸਾਡੇ ਕੋਲ ਆ ਕੇ, ਗਾਲ੍ਹ ਜਿਹੀ ਕੱਢ ਕੇ ਆਂਹਦਾ, ਮੈਂ ਤਾਂ ਆਹ ਮੈਚਾਂ ਤੋਂ ਬਾਅਦ ਮਾਈਗਰੇਸ਼ਨ ਕਰਾ ਕੇ ਗੁਰੂ ਨਾਨਕ ਕਾਲਜ ’ਚ ਆਉਨੈ ਅਤੇ ਸੱਚੀਂ ਹੀ ਦੋ ਕੁ ਹਫਤਿਆਂ ਚ ਮੰਦਰ ਗੁਰੂ ਨਾਨਕ ਕਾਲਜ ਮੋਗਾ ਦੀ ਕਬੱਡੀ ਟੀਮ ਦਾ ਮੈਂਬਰ ਬਣ ਗਿਆ। ਟੀਮ ਤਾਂ ਪਹਿਲਾਂ ਹੀ ਤਕੜੀ ਸੀ ਪਰ ਮੰਦਰ ਆਉਣ ਨਾਲ ਗੁਰੂ ਨਾਨਕ ਕਾਲਜ ਮੋਗਾ ਦੀ ਕਬੱਡੀ ਟੀਮ ਗਹਿ ਗੱਡਵੀਂ ਟੀਮ ਬਣ ਗਈ ਸੀ।

ਹੁਣ ਮੈਂ ਫੇਰ ਮੇਨ ਵਿਸ਼ੇ ’ਤੇ ਜਾਣੀ ਕਿ ਗਰੇਵਾਲ ਦੀ ਗੱਲ ਕਰਦਾ ਹਾਂ ਕਿ ਗਰੇਵਾਲ ਕਿਵੇਂ ਹੋਰ ਵਿਸ਼ਵ ਭਰ ਦੇ ਜਾਫੀਆਂ ਨਾਲੋਂ ਅਲੈਹਦਾ ਜਾਫੀ ਸੀ। ਆਮ ਕੋਈ ਸੱਜਾ ਜਾਂ ਖੱਬੇ ਹੱਥ ਵਾਲੇ ਹੁੰਦੇ ਨੇ ਪਰ ਗਰੇਵਾਲ ਦੋਨੋਂ ਹੱਥਾਂ ਵਿੱਚ ਇੱਕੋ ਜਿਹੀ ਜਾਨ ਸੀ, ਜਾਨ ਵੀ ਅੰਨੀ। ਗਰੇਵਾਲ ਖਾਸ ਕਰਕੇ ਘੱਲਾਂ ਆਲੇ ਘੱਕੇ ਉੱਤੇ ਆਪਣੇ ਹੱਥ ਬੜੇ ਖੋਲਦਾ ਸੀ। ਘੱਕਾ ਵੀ ਬਹੁਤ ਤਕੜਾ ਰੇਡਰ ਸੀ। ਘੱਲਾਂ ਦੀ ਪਿੰਡ ਦੀ ਟੀਮ ’ਚ ਖੇਡਣ ਤੋਂ ਬਿਨਾਂ ਜਲੰਧਰ ਅੱਲ ਦੀ ਕਿਸੇ ਟੀਮ ਨੇ ਘੱਕੇ ਦਾ ਅਸ਼ਟਾਮ ਲਿਖਾਇਆ ਹੋਇਆ ਸੀ । ਪਰ ਜਦੋ ਵੀ ਗਰੇਵਾਲ ਅਤੇ ਘੱਕੇ ਦਾ ਕਬੱਡੀ ਚ ਮੇਲ ਹੁੰਦਾ ਤਾਂ ਗਰੇਵਾਲ ਘੱਕੇ ਦੀ ਐਨੀ ਕੁਟਾਈ ਕਰਦਾ ਕਿ ਦਰਸ਼ਕ ਪੱਬਾਂ ਭਾਰ ਹੋ ਹੋ ਕੇ ਵੇਖਦੇ ਸੀ । ਕੁਟਾਈ ਤੋਂ ਮੇਰਾ ਮਤਲਬ ਐ ਕਿ ਗਰੇਵਾਲ ਰੇਡਰ ਨੂੰ ਉੱਪਰ ਚੜ੍ਹਾਕੇ ਦੋਨੋਂ ਹੱਥਾਂ ਨਾਲ ਧੌਲਾਂ ਇਉਂ ਮਾਰਦਾ ਸੀ ਕਿ ਰੇਡਰ ਦੀ ਧੌਣ ਥੱਲੇ ਹੀ ਨੱਪੀ ਰੱਖਦਾ ਸੀ, ਸਿਰ ਚੱਕਣ ਈ ਨੀਂ ਦਿੰਦਾ ਸੀ। ਗਰੇਵਾਲ ਦਾ ਝੰਬਿਆ ਰੇਡਰ ਡਬਲ ਰੇਡ ਨਹੀਂ ਸੀ ਕੱਢ ਸਕਦਾ ਭਾਵੇਂ ਸਟਾਰ ਪਲੇਅਰ ਈ ਹੋਵੇ । 1977 ਵਿੱਚ ਜਦੋਂ ਬਾਦਲ ਗੌਰਮਿੰਟ ਆਈ ਸੀ ਤਾਂ ਬਾਦਲ ਟੂਰਨਾਮੈਂਟ ਵਿੱਚ ਜਿਲਿਆਂ ਦੇ ਮੈਚ ਹੋਏ। ਓਦੋਂ ਕਪੂਰਥਲੇ ਆਲਾ ਬਲਵਿੰਦਰ ਫਿੱਡੂ ਇੰਗਲੈਂਡ ਖੇਡ ਕੇ ਵਾਪਸ ਗਿਆ ਸੀ। ਓਥੇ ਬਾਦਲ ਟੂਰਨਾਮੈਂਟ ਵਿੱਚ ਕੌਮੈਂਟਰੀ ਕਰਨ ਆਲਾ ਸਪੀਕਰ ਚ ਬੋਲੀ ਜਾਵੇ, ਅਖੇ ਆਹ ਫਿੱਡੂ ਇੰਗਲੈਂਡ ਖੇਡ ਕੇ ਆਇਆ, ਓਥੇ ਇਹ ਕਿਸੇ ਤੋਂ ਨਹੀਂ ਰੁਕਿਆ । ਇੱਕ ਤੋਂ ਤਾਂ ਇਹਨੇ ਰੁਕਣਾ ਕੀ ਸੀ, ਇਹਨੂੰ ਦੋ ਦੋ ਜਾਣਿਆਂ ਨੇ ਫੜਨ ਦੀ ਕੋਸ਼ਿਸ਼ ਕੀਤੀ ਤਾਂ ਫਿੱਡੂ ਨੇ ਦੋਹ ਦੋਹ ਨੂੰ ਚਲਾ ਕੇ ਮਾਰਿਆ। ਸਾਹਨ ਜਿੰਨਾ ਜੋਰ ਐ ਫਿੱਡੂ ਚ ਅਸੀਂ ਕਿਹਾ ਅਜੇ ਫਿੱਡੂ ਗਰੇਵਾਲ ਨੂੰ ਨਹੀਂ ਮਿਲਿਆ ਹੋਣਾ । ਓਹੀ ਗੱਲ ਕਪੂਰਥਲੇ ਅਤੇ ਫਰੀਦਕੋਟ ਦਾ ਮੈਚ ਹੋਇਆ। ਬਾਦਲ ਆਪ ਵੀ ਸਟੇਜ ’ਤੇ ਬੈਠਾ ਸੀ। ਕੁਮੈਂਟਰੀ ਆਲਾ ਕਹੀ ਜਾਵੇ, ਜਿਹੜਾ ਫਿੱਡੂ ਨੂੰ ਰੋਕੂ ਉਹਨੂੰ ਬਾਦਲ ਸਾਹਿਬ ਨੋਟਾਂ ਦੀਆਂ ਢੇਰੀਆਂ ਲਾ ਦੇਣਗੇ । ਫਲਾਨਾ ਆਹ ਦੇਊਗਾ, ਧਿਉਂਕਾ ਆਹ ਦੇਊਗਾ ਪਰ ਕਹਿੰਦੇ ਐ ਕਿ ਫਿੱਡੂ ਨੂੰ ਰੋਕਣ ਆਲਾ ਅਜੇ ਕੋਈ ਜੰਮਿਆਂ ਨਹੀਂ ਫਿੱਡੂ ਨੇ ਪਹਿਲੀ ਰੇਡ ਪਾਈ । ਲੋਕਾਂ ਦੀਆਂ ਨਜ਼ਰਾਂ ਫਿੱਡੂ ਤੇ ਗੱਡੀਆਂ ਸੀ ਕਿ ਇਹਨੇ ਕੀ ਰੁਕਣਾ ਐ ! ਗਰੇਵਾਲ ਨੇ ਫਿੱਡੂ ਨੂੰ ਚੜਾਹ ਲਿਆ ਉਤਲੇ ਪਾਸੇ, ਬੱਸ ਕਰਾ ਤੀ ਫਿੱਡੂ ਦੀ । ਲਗਾਤਾਰ ਤਿੰਨ ਹੱਥ ਗਰੇਵਾਲ ਨੇ ਫਿੱਡੂ ਨੂੰ ਰੱਖਿਆ । ਬਾਦਲ ਨੇ ਵੀ ਗਰੇਵਾਲ ਤੇ ਨੋਟ ਵਾਰੇ। ਅੱਜ ਵੀ ਮੈਂ ਫਿੱਡੂ ਕਹਿੰਦਾ ਸੁਣਿਆ ਐ ਕਿ ਉਹ ਟੂਰਨਾਮੈਂਟ ਯਾਦਗਾਰੀ ਸੀ ਜਿੱਥੇ ਗਰੇਵਾਲ ਵਰਗੇ ਜਾਫੀ ਨੇ ਮੈਨੂੰ ਰੋਕਿਆ ਸੀ । ਏਸ ਟੂਰਨਾਮੈਂਟ ਚ ਦੂਜੇ ਜਿਲਿਆਂ ਨਾਲ ਵੀ ਮੈਚ ਹੋਏ। ਗਰੇਵਾਲ ਨੇ ਖੁੱਲ੍ਹ ਕੇ ਖੇਡ ਦਿਖਾਈ। ਇਸ ਟੂਰਨਾਮੈਂਟ ਚ ਗਰੇਵਾਲ ਦਾ ਬੁੱਲ੍ਹ ਪਾਟ ਗਿਆ ਕਿਉਂਕਿ ਕਈ ਤਕੜੇ ਖਿਡਾਰੀ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕਰਦੇ ਨੇ। ਪਰ ਗਰੇਵਾਲ ਬੁੱਲ੍ਹ ਤੇ ਟੰਕੇ ਲੁਆ ਕੇ ਵੀ ਸਾਰਾ ਟੂਰਨਾਮੈਂਟ ਖੇਡਿਆ। ਜਿਹੜੇ ਸਾਲਾਂ ਚ ਮੈਂ ਗਰੇਵਾਲ ਨਾਲ ਗੁਰੂ ਨਾਨਕ ਕਾਲਜ ਮੋਗਾ ਵਿੱਚ ਖੇਡਿਆ ਉਸ ਟਾਇਮ ਗੁਰੂ ਨਾਨਕ ਕਾਲਜ ਮੋਗਾ ਦੀ ਕਬੱਡੀ ਟੀਮ ਦੀ ਬਹੁਤ ਚੜ੍ਹਾਈ ਰਹੀ ਸੀ । ਪੰਜਾਬ ਯੂਨੀਵਰਸਿਟੀ ਤੋਂ ਬਿਨਾਂ ਵੀ ਪਿੰਡਾਂ ਦੇ ਟੂਰਨਾਮੈਂਟ ਜਿੱਤੇ। ਕਾਲਜ ਦੀ ਟੀਮ ਦਾ ਐਨਾ ਸੋਹਣਾ ਸੈਟ ਬਣਿਆ ਵਿਆ ਸੀ ਕਿ ਜਿੱਥੇ ਵੀ ਜਾ ਕੇ ਟੀਮ ਇੰਟਰ ਕਰਨੀ ਓਥੇ ਈ ਗੱਲਾਂ ਇਉਂ ਹੋਣ ਲੱਗ ਜਾਣੀਆਂ ਕਿ ਗੁਰੂ ਨਾਨਕ ਕਾਲਜ ਆਲੇ ਨਹੀਂ ਕਿਸੇ ਨੂੰ ਛੱਡਦੇ। ਇੱਕ ਤਰ੍ਹਾਂ ਦਹਿਸ਼ਤ ਫੈਲੀ ਹੋਈ ਸੀ। ਖਾਸ ਕਰਕੇ ਗਰੇਵਾਲ ਨੂੰ ਦੇਖ ਕੇ ਤਾਂ ਕਈ ਰੇਡਰ ਕੰਨੀ ਕਤਰਾਉਂਣ ਲੱਗਦੇ ਸੀ। ਕਈ ਤਾਂ ਕਾਲਜ ਦੀ ਟੀਮ ਦਾ ਨਾਮ ਸੁਣ ਕੇ ਆਪਣੀ ਇੰਟਰੀ ਵਾਪਸ ਲੈ ਲੈਂਦੇ ਸੀ ।



ਅਜਮੇਰ ਗਰੇਵਾਲ- ਕਬੱਡੀ ਦਾ ਰੋਪੜੀਆ ਜਿੰਦਰਾ

ਗਰੇਵਾਲ ਦੇ ਨਾਮ ਦੀ ਦਹਿਸ਼ਤ ਕਰਕੇ ਇੱਕ ਵਾਰੀ ਇਉਂ ਹੋਇਆ ਕਿ ਜਨਵਰੀ ਚ ਭਾਈ ਰੂਪੇ (ਬਹਾਲੇ ਦਾ ਪਿੰਡ) ਗੁਰੂਨਾਨਕ ਕਾਲਜ ਦੀ ਟੀਮ ਇੰਟਰ ਕਰ ਦਿੱਤੀ। ਓਸ ਟਾਇਮ ਮਾਘੀ ਦੇ ਮੇਲਿਆਂ ਦੇ ਦਿਨ ਸਨ । ਥਾਂ-ਥਾਂ ਤੇ ਕਬੱਡੀ ਟੂਰਨਾਮੈਂਟ ਰੱਖੇ ਹੋਏ ਸਨ । ਓਸੇ ਦਿਨ ਈ ਘੱਲ ਕਲਾਂ ਵੀ ਟੂਰਨਾਮੈਂਟ ਸੀ। ਜਦੋਂ ਅਸੀਂ ਭਾਈ ਰੂਪੇ ਪਹੁੰਚੇ ਤਾਂ ਪਤਾ ਲੱਗਾ ਕਿ ਗਰੇਵਾਲ ਅਤੇ ਸੀਰੇ ਨੂੰ ਘੱਲਾਂ ਆਲਿਆਂ ਨੇ ਸ਼ੋਅ ਮੈਚ (ਦੋ ਜਿਲਿਆਂ ਦ ਮੈਚ) ਵਾਸਤੇ ਰੱਖ ਲਿਆ । ਓਦੋਂ ਕਿਹੜਾ ਸੈਲ ਫੋਨ ਹੁੰਦੇ ਸੀ ਵਈ ਗਰੇਵਾਲ ਹੋਣੀ ਸਾਨੂੰ ਦੱਸ ਦਿੰਦੇ ਵਈ ਭਾਈ ਰੂਪੇ ਐਂਟਰੀ ਨਾ ਪਾਇਓ ਕਿ ਅਸੀਂ ਨਹੀਂ ਆ ਰਹੇ। ਅਸੀਂ ਤਾਂ ਸਦੇਹਾਂ ਹੀ ਜਾ ਕੇ ਗੁਰੂ ਨਾਨਕ ਕਾਲਜ ਦਾ ਨਾਂ ਲਿਖਾ ਤਾ। ਬਹਾਲੇ ਨੇ ਸਾਨੂੰ ਦੱਸਿਆ ਕਿ ਮੱਖਣ ਡੀ ਪੀ ( ਚੜਿੱਕ ਆਲਾ) ਦੋ ਤਿੰਨ ਟੀਮਾਂ ਐਂਟਰ ਕਰੀ ਬੈਠਾ (ਚੜਿੱਕ, ਪੱਤੋ ਸਕੂਲ ਦੀ ਤੇ ਇੱਕ ਹੋਰ)। ਉਹਨੂੰ ਸ਼ੱਕ ਸੀ ਕਿ ਗੁਰੂ ਨਾਨਕ ਕਾਲਜ ਆਲਿਆਂ ਨੇ ਐਸ ਇਲਾਕੇ ਚ ਕਿੱਧਰ ਆਉਣਾ। ਜਦੋਂ ਆਈਆਂ ਟੀਮਾਂ ਦੀ ਅਨਾਉਂਸਮੈਂਟ ਹੋਈ ਤਾਂ ਮੱਖਣ ਡੀ ਪੀ ਬਹਾਲੇ ਨੂੰ ਕਹਿ ਕੇ ਦੋ ਟੀਮਾਂ ਕਢਵਾ ਦਿੱਤੀਆਂ, ਇਕੱਲੀ ਚੜਿੱਕ ਦੀ ਟੀਮ ਰਹਿਣ ਦਿੱਤੀ। ਬਹਾਲਾ ਦੱਸਦਾ ਸੀ ਕਿ ਡੀ ਪੀ ਕਹਿੰਦਾ ਕਿ ਗਰੇਵਾਲ ਆ ਗਿਆ, ਧੌਲਾਂ ਮਾਰ ਕੇ ਕੰਨ ਛਾਂਗ ਦਿੰਦਾ ਐ। ਐਥੇ ਗਲਤ ਨਾ ਸਮਝਣਾ ਕਿ ਮੱਖਣ ਡੀ ਪੀ ਕੋਈ ਮਾੜਾ ਪਲੇਅਰ ਸੀ । ਡੀ ਪੀ ਵੀ ਬਹੁਤ ਤਕੜਾ ਪਲੇਅਰ ਸੀ, ਸਾਨ੍ਹ ਜਿੰਨਾ ਜੋਰ ਸੀ ਪਰ ਗਰੇਵਾਲ ਤਾਂ ਸਾਹਨਾਂ ਨੂੰ ਰੋਕਣ ਆਲਾ ਸੀ। ਮੈਨੂੰ ਚੇਤਾ ਐ ਓਸ ਟੂਰਨਾਮੈਂਟ ਚ ਸਾਨੂੰ ਇੱਕ ਤਰ੍ਹਾਂ ਦਾ ਇਹ ਚੈਲਿੰਜ ਈ ਹੋ ਗਿਆ ਕਿ ਗਰੇਵਾਲ ਅਤੇ ਸੀਰੇ ਤੋਂ ਬਿਨਾਂ ਵੀ ਟੂਰਨਾਮੈਂਟ ਜਿੱਤਣਾ ਐ ! ਮੈਂ, ਕਰਮਾਂ ਤੇ ਬੀਘੱੜ ਜੱਫੇ ਲਾਈ ਜਾਂਦੇ ਸੀ ਅਤੇ ਦਿਆਲਾ ਤੇ ਪਰਗਟ ਰੇਡਰ ਰੁਕਦੇ ਨਹੀਂ ਸੀ । ਓਦੋਂ ਅਜੇ ਮੰਦਰ ਹੈਨੀ ਸੀ । ਦਰਸ਼ਕ ਕਹੀ ਜਾਂਦੇ ਸੀ ਕਿ ਇਹ ਕਾਲਜ ਆਲੇ ਕਿਸੇ ਨੂੰ ਕੀ ਲਈ ਬੈਠੇ ਨੇ, ਚੂਰੀਆਂ ਖਾਂਦੇ ਐ, ਵਣ ਵਣ ਦੀ ਲੱਕੜੀ ਇਕੱਠੀ ਹੋਈ ਵੀ ਐ। ਗੱਲ ਗਰੇਵਾਲ ਦੀ ਚੱਲਦੀ ਐ । ਮੈਂ ਕਿਹੜੇ ਕਿਹੜੇ ਮੇਲੇ, ਟੂਰਨਾਮੈਂਟਾਂ ਦੀ ਗੱਲ ਕਰਾਂ ? ਅਣਗਿਣਤ ਮੇਲੇ ਟੂਰਨਾਮੈਂਟਾਂ ਵਿੱਚ ਗਰੇਵਾਲ ਨੇ ਆਪਣੀ ਕਬੱਡੀ ਦੀ ਧੌਂਸ ਜਮਾਈ। ਪੰਜਾਬ ਯੂਨੀਵਰਸਿਟੀ ਦੀਆਂ ਗਰਾਊਂਡਾਂ ਵਿਚ ਜਦੋਂ ਅਸੀਂ ਸਮਰਾਲੇ ਕਾਲਜ ਨਾਲ ਖੇਡ ਕੇ ਹਟੇ ਤਾਂ ਸਮਰਾਲੇ ਆਲੇ ਕਹਿੰਦੇ ਗਰੇਵਾਲਾ ਐਥੇ ਸਾਡੇ ਵਿੱਚ ਆ ਜਾ, ਜੋ ਕਹਾਂਗਾ ਮਿਲੂਗਾ, ਪਾਸ ਵੀ ਕਰਾਵਾਂਗੇ। ਏਵੇਂ ਈ ਨਡਾਲੇ ਕਾਲਜ ਆਲੇ ਕਹਿੰਦੇ ਸੀ ਪਰ ਗਰੇਵਾਲ ਨਹੀਂ ਮੰਨਿਆ। ਜਿੰਨੀ ਆਰੀ ਬਾਹਰਲੇ ਮੁਲਕਾਂ (ਇੰਗਲੈਂਡ ਵਗੈਰਾ) ਨੂੰ ਕਬੱਡੀ ਦੀ ਟੀਮ ਚ ਜਾਣ ਨੂੰ ਟਰੈਲ ਦਾ ਸੱਦਾ ਆਇਆ, ਗਰੇਵਾਲ ਨਹੀਂ ਮੰਨਿਆ। ਘੱਲਾਂ ਆਲਾ ਬਲਤੇਜ ਕਬੱਡੀ ਦੀ ਟਰੈਲ ’ਤੇ ਜਾਣ ਲਈ ਮਿੰਨਤਾਂ ਕਰ ਕੇ ਮੁੜ ਗਿਆ ਪਰ ਗਰੇਵਾਲ ਨਹੀਂ ਮੰਨਿਆ ਨਹੀਂ ਯਾਰ ਆਪਾਂ ਤਾਂ ਐਥੇ ਈ ਚੰਗੇ ਐਂ।

ਗਰੇਵਾਲ ਦੇ ਪੇਂਡੂ (ਸਰਪੰਚ) ਪਾਲ ਅਤੇ ਜੀਤੇ ਨਾਲ ਵੀ ਗਰੇਵਾਲ ਦੀ ਆੜੀ ਸੀ। ਪਾਲ ਤਾਂ ਗਰੇਵਾਲ ਦਾ ਖਹਿੜਾ ਈ ਨਹੀਂ ਸੀ ਛੱਡਦਾ । ਪਰੈਕਟਸ ਤੋਂ ਬਾਅਦ ਗੁਰੂ ਨਾਨਕ ਕਾਲਜ ਦੀਆਂ ਗਰਾਊਂਡਾਂ ਚੋਂ ਈ ਲੰਡੀ ਜੀਪ ਤੇ ਬਿਠਾ ਕੇ ਲੈ ਜਾਂਦਾ ਸੀ। ਕਿਤੇ ਕਹਿਣਾ ਅਸੀਂ ਬਠਿੰਡੇ ਅੱਲੀਂ ਰੋਜ ਦਾ ਸ਼ਿਕਾਰ ਖੇਡਣ ਚੱਲੇਂ ਆਂ ਕਿਤੇ ਹੋਰ । ਡੀ ਪੀ ਜਸਵੰਤ ਗਰੇਵਾਲ ਨੇ ਪੁਛ ਦੇ ਰਹਿ ਜਾਣਾ ਕਿ ਗਰੇਵਾਲ ਨੂੰ ਕਦੋਂ ਵਾਪਸ ਲਿਆਂਏਂਗਾ ? ਪਰ ਪਾਲ ਸਰਪੰਚ ਨੂੰ ਕੌਣ ਪੁੱਛੇ ? ਗਰੇਵਾਲ ਨਰੋਆ ਤੇ ਸੋਹਣਾ ਸੁਨੱਖਾ ਹੋਣ ਕਰਕੇ ਪਾਲ ਗਰੇਵਾਲ ਨੂੰ ਨਾਲ ਈ ਰੱਖ ਕੇ ਰਾਜੀ ਸੀ। ਪਾਲ ਵੀ ਸਭ ਕਾਸੇ ਦਾ ਸ਼ੌਕੀਨ ਸੀ । ਜਾਣੀ ਕਿ ਗਰੇਵਾਲ ਦੇ ਕਬੱਡੀ ਦੇ ਫੈਨਾਂ ਤੋਂ ਬਿਨਾਂ ਵੀ ਹੋਰ ਬਹੁਤ ਚਾਹੁੰਣ ਆਲੇ ਸਨ।

ਹੁਣ ਮੈਂ ਗਰੇਵਾਲ ਦੇ ਕਬੱਡੀ ਦੇ ਕਿਹੜੇ ਕਿਹੜੇ ਮੈਚਾਂ ਦੀ ਗੱਲ ਕਰਾਂ । ਪੂਰੀ ਕਿਤਾਬ ਲਿਖੀ ਜਾਊਗੀ। ਚੰਡੀਗੜ੍ਹ ਦੀਆਂ ਗਰਾਊਂਡਾਂ ਤੋਂ ਲੈ ਕੇ ਪਿੰਡਾਂ, ਸ਼ਹਿਰਾਂ, ਮਾਘੀ ਦਾ ਮੇਲੇ, ਮੁਕਤਸਰ ਦੇ ਮੇਲਿਆਂ ਤੇ ਵੀ ਕਬੱਡੀ ਚ ਗਰੇਵਾਲ ਨੇ ਧਾਂਕ ਜਮਾਈ ਸੀ। ਕਾਉਕਿਆਂ ਆਲੇ ਅਰਜਨ ਦੇ ਕਹਿਣ ਅੰਗੂੰ ਕਿ ਮੁਕਤਸਰ ਦੇ ਮੇਲੇ ਚ ਭਾਊ ਕਹਿੰਦੇ ਅਸੀਂ ਤਾਂ ਲੱਤ ਭੰਨ ਦਿੱਨੇ ਸੂ, ਸਾਡੇ ਨਾਲ ਕੌਡੀ ਖੇਡਣ ਆਏਂ ਐਂ ? ਪਰ ਭਾਊਆਂ ਨੂੰ ਓਦੋਂ ਪਤਾ ਲੱਗਣਾ ਜਦੋਂ ਗਰੇਵਾਲ ਨੇ ਦੂਜੀ ਰੇਡ ਪਾਉਣ ਯੋਗਾ ਈ ਨਾ ਛੱਡਣਾ । ਦੇਵੀ ਦਿਆਲ ਵੀ ਕਨੇਡਾ ਆਇਆ ਕਹਿੰਦਾ ਸੀ ਕਿ ਆਹ ਇੱਕ ਬੰਦਾ ਐ ਗਰੇਵਾਲ, ਜੀਹ ਤੋਂ ਮੈਂ ਕਿਤੇ ਡਰਿਆ ਸੀ, ਪਤੰਦਰ ਨੂੰ ਹੱਥ ਲਾ ਕੇ ਪਿੱਛੇ ਮੁੜਨ ਦਾ ਫਿਕਰ ਪੈ ਜਾਂਦਾ ਸੀ। ਕਬੱਡੀ ਦੀ ਗਰਾਊਂਡ ਚ ਗਰੇਵਾਲ ਦੇ ਨਾਲ ਖੜ ਕੇ ਹੌਂਸਲਾ ਐਨਾ ਵਧ ਜਾਂਦਾ ਸੀ ਕਿ ਫਿਕਰ ਈ ਮੁੱਕ ਜਾਂਦਾ ਸੀ ਕਿ ਫਲਾਣੇ ਪਲੇਅਰ ਨੇ ਰੁਕਣਾ ਨਹੀਂ। ਸਾਨੂੰ ਪਤਾ ਸੀ ਕਿ ਕਿਸੇ ਸਟਾਰ ਪਲੇਅਰ ਨੂੰ ਤਾਂ ਗਰੇਵਾਲ ਨਹੀਂ ਛੱਡਦਾ ਤੇ ਬਾਕੀਆਂ ਨੂੰ ਅਸੀਂ ਲਿਪੇਟ ਦਿਆਂਗੇ । ਅੱਜ ਤਾਈਂ ਮੈਂ ਗਰਾਊਂਡ ਚ ਗਰੇਵਾਲ ਤੋਂ ਕਦੇ ਨਹੀਂ ਸੀ ਸੁਣਿਆ ਕਿ ਇਹਨੇ ਕਿਹਾ ਹੋਵੇ ਕਿ ਫਲਾਣੇ ਪਲੇਅਰ ਨੇ ਰੁਕਣਾ ਨਹੀਂ ਜਾਂ ਉਹਨੂੰ ਹੱਥ ਨਹੀਂ ਪਾਉਣਾ। ਐਂ ਈ ਕਹਿੰਦਾ ਸੀ ਕਿ ਬੇਫਿਕਰ ਹੋ ਜੋ ਬੱਸ ਆਉਣ ਦਿਓ । ਜੇ ਕਿਤੇ ਕੋਈ ਟੀਮ ਦੇ ਰੇਡਰ ਟਾਇਮ ਪਾਸ ਕਰਨ ਨੂੰ ਪੱਚੀ ਦੇ ਦਾਇਰੇ ਤੋਂ ਮੁੜਨ ਲੱਗ ਪੈਂਦੇ ਤਾਂ ਗਰੇਵਾਲ ਨੇ ਕਹਿਣਾ ਆਜੋ ਪੱਚੀ ਆਲੀ ਲਾਈਨ ’ਤੇ ਚੱਲਦੇ ਐਂ , ਪਿੱਛੇ ਨੀ ਮੁੜਨ ਦੇਣਾ। ਪਤੰਦਰ ਪੱਚੀ ਆਲੀ ਲਾਈਨ ਤੋਂ ਵੀ ਉੱਤੇ ਚੜ੍ਹਾ ਲੈਂਦਾ ਸੀ । ਗਰੇਵਾਲ ਇਕੱਲਾ ਜਾਫੀ ਈ ਨਹੀਂ ਸੀ, ਰੇਡਾਂ ਵੀ ਕੱਢਣ ਲੱਗ ਪੈਂਦਾ ਸੀ । ਖਾਸ ਕਰਕੇ ਜੇ ਕਿਤੇ ਦੂਜੀ ਟੀਮ ਦੇ ਜਾਫੀ ਤਕੜੇ ਹੋਣੇ ਜਾਂ ਉਹਨਾਂ ਦੇ ਰੇਡਰ ਮਾੜੇ ਹੋਣੇ ਤਾਂ ਗਰੇਵਾਲ ਨੇ ਕਹਿਣਾ ਤੁਸੀਂ ਜਾਫੀ ਬਥੇਰੇ ਐਂ। ਮੈਂ ਰੇਡਾਂ ਕੱਢਦਾ ਐਂ। ਗਰੇਵਾਲ ਨੂੰ ਮਾੜੇ ਰੇਡਰ ਨੂੰ ਫੜ ਕੇ ਸੁਆਦ ਨੀ ਸੀ ਆਊਂਦਾ। ਰੇਡ ਚ ਵੀ ਕੁੱਟ ਕੇ ਪੁਆਇੰਟ ਲਿਆਉਂਦਾ ਸੀ । ਮੈਂ ਤਾਂ ਇਹਨੂੰ ਕਿਤੇ ਰੇਡ ਚ ਵੀ ਰੁਕਿਆ ਨਹੀਂ ਸੀ ਦੇਖਿਆ । ਗਰੇਵਾਲ ਕਨੇਡਾ ਆ ਕੇ ਵੀ ਕਈ ਸਾਲ ਕਬੱਡੀ ਖੇਡਿਆ ਸੀ। ਸਾਨੂੰ ਸਾਡਾ ਇੱਕ ਬੇਲੀ ਦੱਸਦਾ ਸੀ ਕਿ ਜਦੋਂ ਗਰੇਵਾਲ ਟਰਾਂਟੋ ਇਲਾਕੇ ’ਚ ਆ ਕੇ ਕਬੱਡੀ ਖੇਡਣ ਲੱਗਿਆ, ਕੁਝ ਕੁ ਤਾਂ ਕਬੱਡੀ ਖੇਡਣੀ ਛੱਡ ਗੇ ਕਿ ਯਾਰ ਇਹ ਤਾਂ ਬਾਅਲਾ ਕੁਟਦੈ, ਧੌਲਾ ਮਾਰ ਮਾਰ ਕੇ ਜੱਖਣਾ ਕੱਢ ਦਿੰਦਾ ਐ। ਮੇਰੇ ਹਿਸਾਬ ਨਾਲ ਗਰੇਵਾਲ ਅਰਗਾ ਜਾਫੀ ਹੋਰ ਕੋਈ ਨਹੀਂ ਹੋਇਆ ਅਤੇ ਮੈਨੂੰ ਮਾਣ ਹੈ ਕਿ ਮੈਂ ਗਰੇਵਾਲ ਨਾਲ ਖੜ ਕੇ ਦੋ ਸਾਲ ਖੇਡਿਆਂ ਹਾਂ। ਮੈਂ ਮੇਰੇ ਮਿੱਤਰ ਅਜਮੇਰ ਗਰੇਵਾਲ ਦੀ ਚੰਗੀ ਸੇਹਤ ਅਤੇ ਲੰਬੀ ਉਮਰ ਲਈ ਕਾਮਨਾ ਕਰਦਾ ਹਾਂ ।

# ਪੰਜਾਬੀ ਲੋਕ ਗੀਤਾਂ ਦੇ ਚਿਹਰੇ ਮੋਹਰੇ ਦਾ ਹਾਣੀ : ਲੋਕ ਗਾਇਕ ਸੁਰਿੰਦਰ ਛਿੰਦਾ



ਕਾਲਾ ਸਿੰਘ ਸੈਣੀ,
ਮੋਬਾ:99882-80386

ਲੋਕ ਗਾਇਕੀ ਦਾ ਵਾਰਿਸ, ਬੁਲੰਦ ਆਵਾਜ਼ ਦਾ ਮਾਲਿਕ ਸੁਰਿੰਦਰ ਛਿੰਦਾ ਪੰਜਾਬੀਆਂ ਦਾ ਹਰਮਨ ਪਿਆਰਾ ਗਾਇਕ ਹੈ। ਜਦੋਂ ਵੀ ਲੋਕ ਗਾਇਕੀ ਦੀ ਗੱਲ ਚੱਲਦੀ ਹੈ ਤਾਂ ਸੁਰਿੰਦਰ ਛਿੰਦਾ ਦਾ ਨਾਂ ਆਪ ਮੁਹਾਰੇ ਮੂਹਰਲੀਆਂ ਸਫ਼ਾਂ ਵਿੱਚ ਸ਼ੁਮਾਰ ਹੁੰਦਾ ਹੈ। ਗਾਇਕ ਤੋਂ ਲੈ ਕੇ ਉਸ ਨੇ ਫਿਲਮੀਂ ਪਰਦੇ ’ਤੇ ਇੱਕ ਵਿਲੱਖਣ ਪਛਾਣ ਬਣਾਈ ਹੈ। ਉਸ ਨੇ ਹਮੇਸ਼ਾਂ ਹੀ ਖ਼ੂਬਸੂਰਤ ਪਰਿਵਾਰਕ ਲੋਕ ਗੀਤ ਪੰਜਾਬੀਆਂ ਨੂੰ ਦਿੱਤੇ ਹਨ। ਗਾਇਕੀ ਸੁਰਿੰਦਰ ਛਿੰਦਾ ਨੂੰ ਵਿਰਾਸਤ ’ਚ ਮਿਲੀ ਹੈ। ਉਸ ਦੇ ਨਾਨਾ ਸਵ.ਮਿਸਤਰੀ ਆਸਾਰਾਮ ਦੋ ਤਾਰਾ ’ਤੇ ਗਾਉਂਦੇ ਰਹੇ ਸਨ। ਸੁਰਿੰਦਰ ਛਿੰਦਾ ਦਾ ਜਨਮ ਪਿਤਾ ਸਵ.ਮਿਸਤਰੀ ਉਸਤਾਦ ਗਾਇਕ ਸ੍ਰੀ ਬਚਨ ਰਾਮ ਅਤੇ ਮਾਤਾ ਵਿੱਦਿਆ ਵਤੀ ਦੇ ਘਰ ਦੇ 20 ਮਈ 1953 ਨੂੰ ਹੋਇਆ। ਸੁਰਿੰਦਰ ਛਿੰਦਾ ਨੇ ਆਪਣੇ ਪਿਤਾ ਸਵ.ਮਿਸਤਰੀ ਉਸਤਾਦ ਗਾਇਕ ਸ੍ਰੀ ਬਚਨ ਰਾਮ, ਉਸਤਾਦ ਪੰਡਿਤ ਗਵਰਧਨ ਦਾਸ ਅਤੇ ਸਵ: ਉਸਤਾਦ ਜਸਵੰਤ ਸਿੰਘ ਭੰਵਰਾ ਤੋਂ ਵੀ ਗੀਤ, ਸੰਗੀਤ ਦੀਆਂ ਬਰੀਕਿਆਂ ਸਿੱਖਿਆ ਹਨ। ਸਵ. ਉਸਤਾਦ ਜਸਵੰਤ ਸਿੰਘ ਭੰਵਰਾ ਜੀ ਗੀਤ, ਸੰਗੀਤ ਦਾ ਉਹ ਮਾਲੀ ਸੀ ਜਿਨ੍ਹਾਂ ਨੇ ਗਾਇਕੀ ਦੇ ਅਨੇਕਾਂ ਬੂਟਿਆਂ ਨੂੰ ਛਾਂਦਾਰ ਬਣਾਇਆ ਹੈ। ਸੁਰਿੰਦਰ ਛਿੰਦਾ ਦੀ ਗਾਇਕੀ ਦਾ ਆਗਾਜ਼ ਐਲਪੀ ਰਿਕਾਰਡ (ਸੁਪਰ-7 ) ਨਾਲ ਹੋਇਆ। ਇਸ ਐਲਪੀ ਰਿਕਾਰਡ ਵਿੱਚ ਸੁਰੀਲੀ ਆਵਾਜ਼ ਸੁਦੇਸ਼ ਕਪੂਰ, ਰਮੇਸ਼ ਰੰਗੀਲਾ ਅਤੇ ਸੁਰਿੰਦਰ ਛਿੰਦਾ ਦੇ ਤਿੰਨ-ਤਿੰਨ ਦੋਗਾਣੇ ਹਨ। ਇਸ ਐਲਪੀ ਰਿਕਾਰਡ ਦੇ ਸਾਰੇ ਗੀਤਾਂ ਨੂੰ ਸੰਗੀਤਕਾਰ ਜਸਵੰਤ ਸਿੰਘ ਭੰਵਰਾ ਜੀ ਨੇ ਆਪਣੇ ਮਨਮੋਹਕ ਸੰਗੀਤ ਨਾਲ ਸ਼ਿੰਗਾਰਿਆ। ਫਿਰ ਤਿੰਨ ਕੁ ਮਹੀਨੇ ਬਾਅਦ ਗਾਇਕਾ ਸੁਰਿੰਦਰ ਛਿੰਦਾ ਅਤੇ ਗਾਇਕਾ ਸੋਨੀਆ ਨਾਲ ਦੋਗਾਣਾ ‘ **ਕੀ ਕਰਾਂ ਕਰਤਾਰੋ ਗੱਡੀ ਛੇ ਸਿਲੰਡਰ ਦੀ** ’ ਮਾਰਕਿਟ ’ਚ ਆਇਆ ।ਗੀਤਕਾਰ ਦੇਵ ਥਰੀਕੇ ਵਾਲਾ ਨਾਲ ਹੋਈ ਮੁਲਾਕਾਤ ਸੁਰਿੰਦਰ ਛਿੰਦਾ ਲਈ ਜਾਨਦਾਰ ਪਛਾਣ ਦਾ ਸਬੱਬ ਬਣੀ। ਦੇਵ ਥਰੀਕਿਆ ਵਾਲੇ ਦੀ ਕਲਮ ਦੀ ਉਪਜ ਲੋਕ ਗਾਥਾ ‘ ਉੱਚਾ ਬੁਰਜ ਲਾਹੌਰ’ ਨੂੰ ਸੁਰਿੰਦਰ ਛਿੰਦਾ ਦੀ ਆਵਾਜ਼ ’ਚ ਰਿਕਾਰਡ ਹੋਇਆ ਤਾਂ ਗੀਤ, ਸੰਗੀਤ ਦੇ ਖੇਤਰ ’ਚ ਅਜਿਹੀਆਂ ਧੁੰਮਾਂ ਪਾਇਆ ਕਿ ਸੱਥਾਂ ਅੰਦਰ ਸੁਰਿੰਦਰ ਛਿੰਦਾ ਦੀ ਗਾਇਕੀ ਦੀਆਂ ਗੱਲਾਂ ਹੋਣ ਲੱਗਿਆ। ਸੱਭਿਆਚਾਰ ਮੇਲਿਆਂ , ਗਾਇਕੀ ਦੇ ਅਖਾੜਿਆਂ, ਛਿੰਝ ਮੇਲਿਆਂ ਤੋਂ ਲੈ ਕੇ ਵਿਆਹਾਂ ਦੀਆਂ ਸਟੇਜ਼ਾਂ ਤੋਂ ਆਪਣਾ ਸ਼ਾਨਦਾਰ ਸਫਰ ਤੈਅ ਕਰਦੇ ਹੋਏ ਉਸ ਨੇ ਆਪਣੀ ਬੁਲੰਦ ਆਵਾਜ਼ ਦੇ ਜਾਦੂ ਨਾਲ ਤਮਾਮ ਗੀਤ ਰਿਕਾਰਡ ਕਰਵਾਏ। ਅਨੇਕਾਂ ਹੀ ਐਲਪੀ ਰਿਕਾਰਡ ਅਤੇ ਕੈਸਿਟਾਂ ਸੰਗੀਤ ਪ੍ਰੇਮੀਆਂ ਦੀਝੋਲੀ ਪਾਇਆ। ਜਿਨ੍ਹਾਂ ਵਿੱਚ ,‘ **ਰੱਖ ਲੈ ਕਲੀਨਰ ਯਾਰਾ** ’ ‘ **ਪੁੱਤ ਜੱਟਾ ਦ** ’,‘ **ਸੁਰਿੰਦਰਛਿੰਦਾ ਲਾਈਵ** ’,‘ **ਹਾਣੀ** ’,‘ **ਜੰਨ ਚੜੀ ਅਮਲੀ ਦੀ** ’,‘ **ਮੈਂ ਡਿੱਗੀ ਤਿਲਕ ਕੇ** ’,‘ **ਡੋਲੀ**’,‘ **ਯੈਂਕੀ ਲਵ ਯੂ ਕਰਦੇ** ’,‘ **ਜਦ ਮੀਆਂ ਬੀਬੀ ਰਾਜੀ** ’,‘ **ਤੇਰੀ ਫੀਅਟ ’ਤੇ ਜੇਠ ਨਜਾਰੇ ਲੈਂਦਾ**’,‘ **ਇੱਕ ਕੁੜੀ ਮੈਨੂੰ ਟੈਲੀਫੋਨ ਕਰਦੀ** ’,‘ **ਗੱਲਾਂ ਸੋਹਣੇ ਯਾਰ ਦੀਆਂ** ’,‘ **ਜੱਟੀਏਂ ਨੀਂਜੱਟੀਏ** ’,‘ **ਦਿੱਲੀ ਸ਼ਹਿਰ ਦੀਆਂ ਕੁੜਿਆਂ** ’,‘ **ਤਲਾਕ ਅਮਲੀ ਦਾ** ’,‘ **ਕੁੜੀਆਂ ਵਾਜੋਂ ਤਾਹਨਾਂ** ’,‘ **ਪੁੱਤ ਸਰਦਾਰਾਂ ਦੇ** ’,‘ **ਉੱਚਾ ਬੁਰਜ ਲਾਹੌਰ ਦਾ** ’,‘ **ਛਿੰਦੇ ਦੀਆਂ ਕਲੀਆਂ**’,‘**ਉਹ ਤੇਰੀ ਕਿ ਲੱਗਦੀ** ’,‘ **ਬੋਲ ਪੰਜਾਬ ਦੇ** ’,‘ **ਗੱਡੀ ਛੇ ਸਿਲੰਡਰ ਦੀ** ’,‘ **ਜੱਟੀ ਆਸ਼ਿਕ ਤੇਰੇ ਤੇ** ’,‘ **ਜੱਗਾ ਜੱਟ** ’,‘ **ਗੱਡੀ ਛਿੰਦੇ ਦੀ**’,‘**ਜੱਟ ਦਿਲ ਲਾ ਗਿਆ**’,‘ **ਚੋਰੀ ਚੋਰੀ**’,‘ **ਗੱਭਰੂ ਪੰਜਾਬ ਦੇ** ’, **ਤੀਆਂ ਲੋਗੋਂਵਾਲ ਦੀਆਂ** ’,‘**ਭਾਬੀਏ ਪਾ ਸ਼ਰਮਾਂ** ’,‘**ਫੌਜੀ** ’,ਆਦਿ ਜਿਨ੍ਹਾ ਵਿੱਚਲੇ ਤਮਾਮ ਗੀਤ ‘ **ਮੇਰਾ ਮੰਨ ਤੂੰ ਭਾਬੀਏ ਕਹਿਣਾ ਜੇ ਕੰਮ ਛੜੇ ਜੇਠ ਤੋਂ ਲੈਣਾ**’, ‘**ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ ..**’, ‘**ਚਾਹ ਦੀ ਘੁੱਟ ਪਿਲਾਈਆ ਕਰ ..**’,‘**ਇਹ ਮਿੱਤ ਕਿਸ ਦੇ ਨਾ** ’,‘ **ਦਿੱਲੀ ਸ਼ਹਿਰ ਦੀਆਂ ਕੁੜੀਆਂ** ’,‘**ਢੋਲਾ ਵੇ ਢੋਲਾ ਹਾਏ ਢੋਲਾ** ’,‘**ਪੱਟ ਕੇ ਬੇਗਾਨੇ ਪੁੱਤ ਨੂੰ** ’,‘**ਮੈਂ ਡਿੱਗੀ ਤਿਲਕ ਕੇ ਛੜੇ ਜੇਠ ਨੇ ਚੁੱਕੀ ਨੀਂ** ’,‘ **ਮਰਦੀ ਨੇ ਅੱਕ ਚੱਬਿਆ** ’,‘ **ਦੋ ਉੱਠਾਂ ਵਾਲੇ ਨੀਂ ਲੁੱਟ ਕੇ ਸੇਜ ਸੱਸੀ ਦੀ ਲੈ ਗਏ** ’,‘**ਹੀਰ ਸਿਆਲਾਂ ਦੀ**’,‘**ਤੇਰੇ ਵਰਗੀ ਰੰਗ ਸੁਨੱਖੀ ਨਾ ਕੋਈ ਪਿੰਡ ’ਚ ਹੋਰ** ’,‘**ਵੇ ਤੇਰੀ ਫੀਅਟ ਤੇ ਜੇਠ ਨਜ਼ਾਰੇ ਲੈਂਦਾ** ’,‘**ਪਰਦੇ ’ਚ ਖਾਦੀ ਦੁਨੀਆਂ** ’,‘**ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ ...**’,‘**ਸੁੱਖ ਲਈਆਂ ਪੰਜ ਮੱਸਿਆ ਪਹਿਲੀ ਮੱਸਿਆ ਕੰਨਾਂ ਨੂੰ ਹੱਥ ਲਾਵੇ** ’,‘**ਤੈਂਨੂੰ ਹੱਥ ’ਤੇ ਚੋਗ ਚੁਗਾਮਾਂ**’,‘**ਮੈਨੂੰ ਰੱਖ ਲੈ ਕਲੀਨਰ ਯਾਰਾਂ ਖੇ ਲੰਮਿਆਂ ਰੂਟਾਂ ’ਤੇ** ’,‘**ਮੈਂ ਪਾਣੀ ਪਾਣੀ ਹੋ ਗਈ ਮਿੱਤਰਾਂ**’,‘**ਵਿਚੋਲਣ** ’,‘ **ਜਿਊਂਦੇ ਰਹਿਣ ਟਰੱਕਾਂ ਵਾਲੇ** ‘,‘**ਗੱਡੀ ਜੱਟ ਦੀ** ’,ਆਦਿ ਤਮਾਮ ਗੀਤਾਂ ਤ ਇਲਾਵਾ ਧਾਰਮਿਕ ਗੀਤ ਮਾਤਾ ਦੀਆਂ ਭੇਟਾਂ ‘**ਮੁਗਲਾਂ ਨੂੰ ਸਿੱਖ ਕੌਮ ਦੇ ਜੌਹਰ ਵਿਖਾਵਾਂ ਮੈਂ** ’,‘**ਉੱਚਾ ਦਰ ਬਾਬੇ ਨਾਨਕ ਦਾ .....** ’, ‘**ਦੋਵੇਂ ਹੱਸਦੇ ਸ਼ਹੀਦੀਆਂ ਪਾ ਗਏ** ’,‘ **ਝੁਲਤੇ ਨਿਸ਼ਾਨ ਰਹੇਸੱਚੇ ਪਾਤਸ਼ਾਹ ਕੇ**’, ‘**ਮਾਂ ਜਗ ਜਣਨੀਂ** ’,‘**ਸ਼ੇਰਾ ਵਾਲੀ ਤੂੰ ਮੇਹਰਾਂ ਵਾਲੀ ਤੂੰ** ’,‘ **ਜੋਤ ਹੈਜਗਦੀ** ’, ਧਾਰਮਿਕ ਗੀਤ ਅਤੇ ਮਾਤਾ ਦੀਆਂ ਭੇਟਾਂ ਲੋਕ ਮਨਾਂ ਅੰਦਰ ਵਸੇ ਹੋਏ ਹਨ। ਗਾਇਕ ਸੁਰਿੰਦਰਛਿੰਦਾ ਕਿਸਮਤ ਦਾ ਧਨੀ ਹੈ ਕਿ ਉਸ ਨੂੰ ਲੋਕ ਗਥਾਵਾਂ, ਕਲੀਆਂ, ਵੀਰ ਰਸ, ਢਾਡੀ ਵਾਰਾਂ, ਸ਼ਬਦਾਂ ਤੋਂਇਲਾਵਾ ਲੋਕ ਗਥਾਵਾਂ ਨੂੰ ਓਪੇਰੇ ਦੇ ਰੂਪ ’ਚ ਖੁਭ ਕੇ ਰਿਕਾਰਡ ਕਰਵਾਏ ਹਨ। ਜਿਨ੍ਹਾਂ ਵਿੱਚ ‘**ਜਿਊਣਾ ਮੌੜ** ’ ,‘ **ਸੁੱਚਾ ਸੂਰਮਾਂ** ’,‘ **ਜੱਟ ਮਿਰਜਾ ਖਰਲਾ ਦਾ** ’,‘ **ਰੂਪ ਬਸੰਤ** ’, ‘ **ਜੱਗਾਜੱਟ** ’, ‘ **ਦੁੱਲਾ ਭੱਟੀ** ’,ਆਦਿ ਦਾ ਹਨ। ਉਸ ਨੇ ਦੋਗਾਣੇ ਸੁਰੀਲੀ ਗਾਇਕਾ ਸੁਰਿੰਦਰ ਸੋਨੀਆ, ਨਰਿੰਦਰ ਬੀਬਾ, ਗੁਲਸ਼ਨ ਕੋਮਲ, ਸਵ.ਪਰਮਿੰਦਰ ਸੰਧੂ, ਸੁਖਵੰਤ ਕੌਰ ਸੁੱਖੀ ,ਕੁਲਦੀਪ ਕੌਰਆਦਿ ਨਾਲ ਗੀਤ ਰਿਕਾਰਡ ਵੀ ਕਰਵਾਏ ਅਤੇ ਸਟੇਜ਼ਾਂ ’ਤੇ ਗਾਕੇ ਸਰੋਤਿਆਂ ਨੂੰ ਆਪਣੀ ਜਾਦੂ ਮਈ ਆਵਾਜ਼ ਨਾਲ ਹਮੇਸ਼ਾਂ ਹੀ ਕੀਲ ਕੇ ਰੱਖਿਆ ਹੈ। ਗਾਇਕੀ ਦੇ ਖੇਤਰ ’ਚ ਸੁਰਿੰਦਰ ਛਿੰਦੇ ਦਾਇੱਕ ਐਲਪੀ ਰਿਕਾਰਡ ‘ਸ਼ਹੀਦ ਭਗਤ ਸਿੰਘ ’ ਉਸ ਸਮੇਂ ਦੇ ਰਾਸਟਰਪਤੀ ਸਵ.ਗਿਆਨੀ ਜੈਲ ਸਿੰਘਵਲੋਂ ਆਪਣੇ ਕਰ-ਕਮਲਾਂ ਨਾਲ ਰਾਸਟਰਪਤੀ ਭਵਨ ਵਿਚ ਰਿਲੀਜ਼ ਕੀਤਾ ਸੀ। ਜੋ ਕਿ ਸੁਰਿੰਦਰ ਛਿੰਦੇਦੀ ਗਾਇਕੀ ਦੇ ਸਫਰ ਦਾ ਇੱਕ ਵਿਲੱਖਣ ਸੁਨਹਿਰੀ ਪੰਨਾ ਹੈ ।ਗਾਇਕੀ ਦੇ ਖੇਤਰ ’ਚ ਪ੍ਰਸਿੱਧੀ ਹਾਸਿਲ ਕਰਨ ਦੇ ਨਾਲ-ਨਾਲ ਸੁਰਿੰਦਰ ਛਿੰਦਾ ਨੂੰ ਉਸ ਸਮੇਂ ਦੇ ਮਸ਼ਹੂਰ ਨਿਰਦੇਸ਼ਕ ਸਵ.ਜਗਜੀਤ ਸਿੰਘ ਚੂਹੜ ਚੱਕ ਉਸ ਨੂੰ ਸਿਲਵਰ ਸਕਰੀਨ ’ਤੇ ਲੈ ਕੇ ਆਇਆ। ਸੁਰਿੰਦਰ ਛਿੰਦਾ ਨੂੰ ਪਹਿਲੀ ਵਾਰੀ ਕੈਮਰੇ ਦੇ ਅੱਗੇ ਪੰਜਾਬੀ ਸਿਨੇਮੇ ਦੀ ਹਿੱਟ ਫਿਲਮ ‘ ਪੁੱਤਜੱਟਾਂ ਦੇ ’ ਰਾਹੀ ਪਰਦੇ ’ਤੇ ਆਉਣ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਸੁਰਿੰਦਰ ਛਿੰਦਾ ਨੇਪੰਜਾਬੀ ਸਿਨੇਮੇ ਨੂੰ ਇੱਕ ਤੋਂ ਬਾਅਦ ਇੱਕ ਹਿੱਟ ਪੰਜਾਬੀ ਫਿਲਮਾਂ ਦਿੱਤੀਆਂ। ਜਿਨ੍ਹਾਂ ਵਿਚ ‘**ਅਣਖ ਜੱਟਾਂ ਦੀ** ’,‘ **ਜੱਟ ਜਿਊਣਾਂ ਮੌੜ** ’ ,‘ **ਪੁੱਤ ਜੱਟਾਂ ਦੇ** ’ ,‘ **ਉੱਚਾ ਦਰ ਬਾਬੇ ਨਾਨਕ ਦਾ**’,‘ **ਕਿ ਬਣੂੰ ਦੁਨੀਆ ਦਾ** ’,‘ **ਬਗਾਵਤ** ’ , ‘**ਪਟੋਲਾ**’,‘ **ਗੱਭਰੂ ਪੰਜਾਬ ਦਾ** ’,‘**ਤੁਣਕਾ ਪਿਆਰ ਦਾ** ’,‘ **ਬਦਲਾ ਜੱਟੀ ਦਾ**’,‘ **ਦਿਲ ਦਾ ਮਾਮਲਾ** ’,‘ **ਅਣਖੀ ਸੂਰਮਾਂ** ’,‘ **ਚੜ੍ਹਦਾ ਸੂਰਜ** ’,‘**ਤਬਾਹੀ**’,‘ **ਟਰੱਕ ਡਰਾਈਵਰ** ’,‘ **ਸਿਕੰਦਰਾ**’,‘ **ਜੱਟ ਦਾ ਗੰਡਾਸਾ**’ ’,‘**ਅਣਖੀ ਜੱਟ** ’,‘**ਜੱਟ ਦੀ ਦੁਸਮਨੀਂ** ’,‘**ਜੱਗਾ ਜੱਟ** ’,‘ **ਇੱਕ ਜਿੰਦ ਇੱਕ ਜ਼ਾਨ** ’,‘**ਜਸਟ ਪੰਜਾਬੀ**’,‘**ਰਹਿਮਤਾਂ** ’,‘ **ਕਾਇਮ ਸਰਦਾਰੀ** ’,‘ **ਪੰਜਾਬ ਬੋਲਦਾ** ’,‘ **ਗਨ ਐਂਡ ਗੋਲ** ’, ਆਦਿ 17-18 ਪੰਜਾਬੀ ਫਿਲਮਾਂ ’ਚ ਵੱਖ-ਵੱਖ ਅਹਿਮ ਕਿਰਦਾਰ ਨਿਭਾਕੇ ਆਪਣੀ ਵਿਲੱਖਣ ਅਦਾਕਾਰੀ ਦਾ ਲੋਹਾ ਮਨਵਾਇਆ। ਸੁਰਿੰਦਰ ਛਿੰਦਾ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ ਅੰਦਰ ਹਰਮਨ ਪਿਆਰੇ ਅਦਾਕਾਰ ਵੱਜੋਂ ਪਛਾਣ ਬਣਾਈ ਹੋਈ ਹੈ। ਲੋਕ ਗਾਇਕ ਅਤੇ ਅਦਾਕਾਰ ਪਛਾਣ ਬਣਾਉਣ ਵਾਲੇ ਪੰਜਾਬੀ ਦੇ ਹਰਮਨ ਪਿਆਰੇ ਗਾਇਕ ਸੁਰਿੰਦਰ ਛਿੰਦਾ ਨੇ ਆਪਣੀ ਦਮਦਾਰ ਆਵਾਜ ਨਾਲ ਪੰਜਾਬੀ ਫਿਲਮਾਂ ’ਚ ਹਿੰਦੀ ਫਿਲਮਾਂ ਦੇ ਪਿੱਠਵਰਤੀ ਗਾਇਕ ਅਤੇ ਗਾਇਕਾਵਾਂ ਨਾਲ ਗੀਤ ਰਿਕਾਰਡ ਕਰਵਾਕੇ ਖੁਦ ਵੀ ਪਿੱਠਵਤੀ ਗਾਇਕ ਵੱਜੋਂ ਕਾਮਯਾਬੀ ਹਾਸਿਲ ਕੀਤੀ ਹੈ। ਸੁਰਿੰਦਰ ਛਿੰਦਾ ਨੇਮਕਬੂਲ ਪਿੱਠਵਤੀ ਗਾਇਕ ਸ਼ਰੇਸ਼ ਵਾਡੇਕਰ ਨਾਲ ਫਿਲਮ ‘ ਜੱਟ ਪੰਜਾਬ ਦਾ ’ ਲਈ, ਨਰਿੰਦਰ ਬੀਬੀ, ਅਨੂਰਾਧਾ ਪੌਡਵਾਲ ਨਾਲ ਗੀਤ ‘ ਜੱਗ ਵਾਲਾ ਮੇਲਾ ’, ਫਿਰ ਸੁਰਿੰਦਰ ਕਪੂਰ, ਸ਼ੇਵਿਤਾ ਸਾਥੀ, ਕਵਿਤਾ ਪੌਡਵਾਲ, ਚੰਦਰਾਨੀ ਮੁੱਖਰਜੀ, ਨਾਲ ਬਤੌਰ ਪਿੱਠਵਰਤੀ ਗਾਇਕ ਗੀਤ ਰਿਕਾਰਡ ਕਰਵਾਏਹਨ। ਸੁਰਿੰਦਰ ਛਿੰਦਾ ਨੇ ਜਿੱਥੇ ਲੋਕ ਗਾਇਕ ਵਜੋਂ ਦੁਨੀਆਂ ’ਚ ਆਪਣੀ ਪਛਾਣ ਬਣਾਈ ਹੈ। ਉਸਦੇ ਨਾਲ-ਨਾਲ ਉਸ ਨੇ ਉਸਤਾਦ ਅਤੇ ਚੇਲੇ ਦੀ ਪ੍ਰੰਪਰਾ ਨੂੰ ਵੀ ਅੱਗੇ ਤੋਰਿਆ ਹੈ। ਜਿਨ੍ਹਾਂ ’ਚ ਸੋਲੋ ’ਤੇ ਦੋਗਾਣਾ ਗਾਇਕੀ ਦੇ ਖੇਤਰ ’ਚ ਅਮਰ ਹੋਈ ਆਵਾਜ਼ ਮਰਹੂਮ ਗਾਇਕ ਅਮਰ ਸਿੰਘ ਚਮਕੀਲਾ ਨੂੰ ਗਾਇਕੀ ਦੇ ਖੇਤਰ ’ਚ ਅੱਗੇ ਲੈ ਕੇ ਆਇਆ। ਸੁਰਿੰਦਰ ਛਿੰਦਾ ਦੱਸਦਾ ਮੁਲਾਕਾਤ ਦੀ ਉਹ ਸ਼ਾਮ ਉਸ ਦੇ ਮਨ ਅੰਦਰ ਅੱਜ ਵੀ ਇੱਕ ਫਿਲਮ ਦੀ ਕਹਾਣੀ ਵਾਂਗ ਉੱਕਰੀ ਪਈ ਹੈ.. .....। ਇਸ ਤੋਂ ਇਲਾਵਾ ਗਾਇਕ ਕੁਲਦੀਪ ਪਾਰਸ, ਸੋਹਣ ਸਿਕੰਦਰ, ਐਂਡੀ ਅਮਰੀਕਾ, ਦੇਵਿੰਦਰ ਗਿੱਲ, ਦੀਪ, ਸੁਰਿੰਦਰ ਛਿੰਦਾ ਦੇ ਦੋਨੇ ਬੇਟੇ ਮਨਿੰਦਰ ਛਿੰਦਾ, ਸਿਮਰਨ ਛਿੰਦਾ, ਪ੍ਰੇਮ ਸਿੰਘ ਪ੍ਰੇਮ ( ਸਿੰਘ ਪੂਰੀਆ) ਆਦਿ ਦਾ ਨਾਂ ਸ਼ਗਿਰਦਾ ’ਚ ਆਉਦਾ ਹੈ ।ਲੋਕ ਗਾਇਕੀ ਦੇ ਖੇਤਰ ’ਚ ਅਮਿੱਟ ਪੈੜਾਂ ਪਾਉਣ ਵਾਲੇ ਰਹੇ ਪੰਜਾਬੀ ਮਾਂ ਬੋਲੀ ਦੇ ਸਪੂਤ ਗਾਇਕ ਸੁਰਿੰਦਰ ਛਿੰਦਾ ਦਾ ਕਹਿਣਾ ਹੈ ਕਿ ਗਾਇਕ ਲਈ ਸਰੋਤੇ ਹੀ ਸਭ ਤੋਂ ਵੱਡਾ ਸਨਮਾਨ ਹੁੰਦੇ ਹਨ। ਪਰਫਿਰ ਵੀ ਉਸ ਨੂੰ ਪੰਜਾਬ ਸਰਕਾਰ ਅਤੇ ਕਈ ਸੰਸਥਾਵਾਂ ਵੱਲੋਂ ਸਮੇਂ ਸਮੇਂ ਸਿਰ ਵੱਡੇ ਮਾਣ-ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਪੰਜਾਬ ਸਰਕਾਰ ਰਤਨ ਐਵਾਰਡ, ਪੰਜਾਬ ਸਰਕਾਰ ਸ੍ਰੋਮਣੀ ਗਾਇਕ ਐਵਾਰਡ, ਪ੍ਰਾਊਡ ਆਫ ਇੰਡੀਆ ( ਯੂ.ਐੱਸ.ਏ.) ’ਚ ਹੋਇਆ ਸਨਮਾਨ, ਪੀ.ਟੀ.ਸੀ. ਪੰਜਾਬੀ ਐਵਾਰਡ, ਉਸਤਾਦ ਨੁਸਰਤ ਫਤਿਹ ਅਲੀ ਖਾਨ ਐਵਾਰਡ, ਉਸਤਾਦ ਲਾਲ ਚੰਦ ਯਮਲਾ ਐਵਾਰਡ, ਉਸਤਾਦ ਜਸਵੰਤ ਸਿੰਘ ਭੰਵਰਾ ਐਵਾਰਡ, ਹਾਊਸ ਆਫ ਕੋਮਨ ਕੈਨੇਡਾ ’ਚ ਮਿਲਿਆ ਐਵਾਰਡ, ਪਹਿਲਵਾਨਾਂ ਦੀਆਂ ਛਿੰਝਾਂ ’ਚ ਲੱਗਦੇ ਅਖਾੜਿਆਂ ’ਚ ਸੁਰਿੰਦਰ ਛਿੰਦਾ ਦੀ ਗਾਇਕੀ ਨੂੰਦੇਖਦੇ ਹੋਏ ਵੱਖ-ਵੱਖ ਛਿੰਝ ਮੇਲਿਆਂ ’ਚ ਪੰਜ ਵਾਰੀ ‘ ਗੁਰਜਾ ’ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਫਿਲਮ ‘ਉੱਚਾ ਦਰ ਬਾਬੇ ਨਾਨਕ ਦਾ ’ ਫਿਲਮ ਹਿੱਟ ਹੋਣ ’ਤੇ ਤੋਂ ਇਲਾਵਾ 26 ਵਾਰੀ ਸੁਰਿੰਦਰ ਛਿੰਦਾ ਨੂੰ ਗੋਲਡ ਮੈਡਲਾਂ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ। ਸੁਰਿੰਦਰ ਛਿੰਦਾ ਦੇ ਬੇਟੇ ਮਨਿੰਦਰ ਛਿੰਦਾ ਅਤੇ ਸਿਮਰਨ ਛਿੰਦਾ ਗਾਇਕੀ ਦੇ ਖੇਤਰ ’ਚ ਵੀ ਖ਼ੂਬ ਸਰਗਰਮ ਹਨ। ਮਨਿੰਦਰ ਛਿੰਦਾ ਨੇਹੁਣ ਤੱਕ 25-30 ਗੀਤ ਮਾਰਕਿਟ ਵਿਚ ਆ ਚੁੱਕੇ ਹਨ। ਬੇਟਾ ਸਿਮਰਨ ਛਿੰਦਾ ਨੇ ਵੀ 5-6 ਸ਼ਿੰਗਲਟਰੈਕ ਦਿੱਤੇ ਹਨ। ਸੁਰਿੰਦਰ ਛਿੰਦਾ ਦੇ ਦੋਵੇਂ ਹੋਣਹਾਰ ਬੇਟੇ ਗਾਇਕੀ ਦੇ ਖੇਤਰ ’ਚ ਅੱਗੇ ਵੱਧਰਿਹਾ ਹੈ। ਸ੍ਰੋਮਣੀ ਗਾਇਕ ਸੁਰਿੰਦਰ ਛਿੰਦਾ ਨੇ ਛਿੰਦਾ ਫੋਕਸ ਸਟੂਡਿਓ ਦੇ ਨਿਰਦੇਸ਼ਨਾਂ ਹੇਠ ਸਿੱਖਕੌਮ ਦੇ ਮਹਾਨ ਯੋਗੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਨੂੰ ਸਮਰਪਿਤ ਧਾਰਮਿਕ ਗੀਤ ਰਿਲੀਜ਼ ਕੀਤਾ ਹੈ। । ਜਿਸ ਦਾ ਵੀਡੀਓ ਐਨੀਮੇਟਿਡ ਤਿਆਰ ਕੀਤਾ ਗਿਆ ਹੈ। ਗੀਤਕਾਰ ਕਾਲੇ ਸੰਘਿਆ ਵਾਲੇ ਦੀ ਕਲਮ ਦੇ ਲਿਖੇ ਗੀਤ ਦੀ ਕੁਮੈਂਟਰੀ ਦੇਵ ਥਰੀਕੇ ਵਾਲਾ ਨੇ ਕੀਤੀ ਹੈ ।ਸੰਗੀਤ ਦੀਆਂ ਮਨਮੋਹਕ ਧੁੰਨਾਂ ’ਚ ਕਰਨ ਪ੍ਰਿੰਸ ਨੇ ਪਰੋਇਆ ਹੈ। ਗੀਤ ਦਾ ਵੀਡੀਓ ਹਨੀ ਹਰਦੀਪਵੱਲੋਂ ਤਿਆਰ ਕੀਤਾ ਗਿਆ ਹੈ। ਜਲਦੀ ਹੀ ਸੱਤਰੰਗ ਇੰਟਰਟੈਂਨਰਸ਼ ਅਤੇ ਗੀਤਕਾਰ ਭੱਟੀਭੜੀਵਾਲੇ ਦੀ ਕੰਪਨੀ ’ਚ ਗੀਤਕਾਰ ਭੱਟੀ ਭੜੀਵਾਲਾ ਅਤੇ ਦੇਵ ਥਰੀਕੇ ਵਾਲਾ ਦਾ ਲਿਖਿਆਦੋਗਾਣਾ ਗੀਤ ‘ ਟਰੱਕ 2021 ’ ਵੀ ਰਿਲੀਜ਼ ਹੋਣ ਵਾਲਾ ਹੈ। ਇਸ ਨੂੰ ਸੰਗੀਤ ਲਾਲੀ ਧਾਲੀ ਵਾਲਦਾ ਹੈ। ਪ੍ਰੋਡਿਊਸਰ ਕਸਮੀਰ ਸਿੰਘ ਸੋਹਲ ਹਨ। ਗੀਤ ਦੇ ਵੀਡੀਓ ਖ਼ੂਬਸੂਰਤ ਲੋਕੇਸ਼ਨਾਂ ’ਤੇ ਬੌਬੀਬਾਜਵਾ ਨੇ ਤਿਆਰ ਕੀਤਾ ਹੈ। ਗਾਇਕ ਸੁਰਿੰਦਰ ਛਿੰਦਾ ਅਤੇ ਗਾਇਕਾ ਹਰਿੰਦਰ ਹੁੰਦਲ ਦੀਆਵਾਜ਼ ਦਾ ਜਾਦੂ ਸਰੋਤਿਆਂ ਦੇ ਦਿਲਾਂ ਦੀਆਂ ਤਾਰਾਂ ਨੂੰ ਛੂਹਦਾ ਪ੍ਰਤੀਤ ਹੋਵੇਗਾ।

☛ 20 ਮਈ ਜਨਮਦਿਨ ’ਤੇ ਵਿਸ਼ੇਸ਼






ਗੀਤਕਾਰ ਦੇਵ ਥਰੀਕੇ ਵਾਲਾ ਅਤੇ ਲੋਕ ਗਾਇਕ ਸੁਰਿੰਦਰ ਛਿੰਦਾ



ਗੀਤਕਾਰ ਭੱਟੀ ਭੜੀ ਵਾਲਾ ਅਤੇ ਲੋਕ ਗਾਇਕ ਸੁਰਿੰਦਰ ਛਿੰਦਾ

# ਮਕਬਰੇ ਸਰਹਿੰਦ ਦੇ



ਅਮਰਬੀਰ ਸਿੰਘ
ਮੋਬਾਈਲ ਨੰ: 9888940211





ਸ਼ਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਦੇ ਆਲੇ ਦੁਆਲੇ, ਖਾਸ ਕਰਕੇ ਸਰਹਿੰਦ ਸ਼ਹਿਰ ਨੇੜਲੀਆਂ ਜ਼ਮੀਨਾਂ ਦੇ ਖੇਤਾਂ 'ਚ ਮੁਗਲਾਂ ਸਮੇਂ ਦੇ ਕਈਵਿਰਾਸਤੀ ਸਮਾਰਕ ਬਣੇ ਹੋਏ ਹਨ। ਆਪਣੀ ਵਿਲੱਖਣਤਾ ਤੇ ਕਾਰੀਗਰੀ ਲਈਮਸ਼ਹੂਰ ਇਹ ਮਕਬਰੇ ਦਿਨੋ ਦਿਨ ਖੰਡਰਾਂ ਦਾ ਰੂਪ ਧਾਰਨ ਕਰ ਰਹੇ ਹਨ। ਕਰੀਬ ਚਾਰ-ਪੰਜ ਸੌ ਸਾਲ ਪਹਿਲਾਂ ਬਣੀਆਂ ਇਹ ਇਤਿਹਾਸਕ ਇਮਾਰਤਾਂ ਸਾਂਭਣ ਤੇ ਦੇਖਣਯੋਗਹਨ, ਪੇਸ਼ ਹੈ ਇਨ੍ਹਾਂ ਦੀ ਵਿਸਥਾਰਿਤ ਰਿਪੋਰਟ-ਭਗਤ ਸਦਨੇ ਦੀ ਮਸੀਤ-ਭਾਰਤ ਦੀਆਂ ਪੁਰਾਣੀਆਂ ਮਸੀਤਾਂ 'ਚੋਂ ਇੱਕਸਦਨੇ ਕਸਾਈ ਦੀ ਮਸੀਤ ਸਰਹਿੰਦ-ਰੋਪੜ ਰੇਲਵੇਅ ਲਾਈਨ ਦੇ ਬਿਲਕੁਲਨਜਦੀਕ ਸਰਹਿੰਦ ਸ਼ਹਿਰ ਤੋਂ ਡੇਰਾ ਮੀਰਾਂ ਮੀਰ ਵਾਲੇ ਫਾਟਕ ਦੇ ਕੋਲ ਸੜਕ ਦੇਖੱਬੇ ਪਾਸੇ ਸਥਿਤ ਹੈ, ਜੋ ਕਿ ਪੁਰਾਤਣ ਵਿਭਾਗ ਦੇ ਅਧੀਨ ਹੈ। ਇਹ ਮਸੀਤ ਦਾਸਬੰਧ ਸਦਨੇ ਭਗਤ (ਜੋ ਕਿ ਪਹਿਲਾਂ ਕਸਾਈ ਸੀ) ਨਾਲ ਹੈ। ਸਦਨਾ ਭਗਤ ਆਪਣੇ ਸਮੇਂਦਾ ਇੱਕ ਮਸ਼ਹੂਰ ਮੁਸਲਿਮ ਕਵੀ ਅਤੇ ਸੂਫੀ-ਸੰਤ ਸੀ। ਇਸ ਮਸੀਤ ਦੀਇਮਾਰਤ ਸਰਹਿੰਦੀ ਇੱਟਾਂ ਨਾਲ ਬਣੀ ਹੋਈ ਹੈ, ਜਿਹੜੀ ਕਿ ਮੁਗਲਾਂ ਦੇ ਸਮੇਂਦਾ ਬਿਹਤਰੀਨ ਆਰਕੀਟੈਕਟ ਦਾ ਨਮੂਨਾ ਹੈ। ਪੁਰਾਣੇ ਸਮੇਂ ਦੇ ਮੁਗਲ ਕਾਰੀਗਰਾਂਵੱਲੋਂ ਬਣਾਈਆਂ ਪੇਟਿੰਗ ਅੱਜ ਵੀ ਉਨ੍ਹਾਂ ਦੀ ਕਾਰੀਗਰੀ ਦਾ ਲੋਹਾ ਮੰਨਵਾਰਹੀਆਂ ਹਨ। ਦੱਸਣਯੋਗ ਹੈ ਕਿ ਸਦਨੇ ਭਗਤ ਦਾ ਲਿਖਿਆ ਸ਼ਬਦ ਸ੍ਰੀ ਗੁਰੂ ਗ੍ਰੰਥਸਾਹਿਬ ਵਿੱਚ ਵੀ ਦਰਜ ਹੈ।ਜਹਾਜ਼ ਹਵੇਲੀ-ਸਦਨੇ ਕਸਾਈ ਦੀ ਮਸੀਤ ਤੋਂ ਅੱਗੇ ਫਾਟਕ ਟੱਪ ਕੇਨਾਲ ਹੀ ਸੱਜੇ ਹੱਥ ਮੁੜਨ ਉਪਰੰਤ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀਆਉਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਦੀਵਾਨ ਟੋਡਰ ਮੱਲ ਨੇਛੋਟੇ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਦੇ ਸਸਕਾਰ ਲਈ ਸੋਨੇ ਦੀਆਂਮੋਹਰਾਂ ਖੜੀਆਂ ਕਰਕੇ ਜਗਾ ਖਰੀਦੀ ਅਤੇ ਇਸ ਹਵੇਲੀ ਤੋਂ ਖੁਰਜ਼ੀਆਂ ਭਰਵਾਕੇ ਖੱਚਰਾਂ 'ਤੇ ਲੱਦ ਕੇ ਰਵਾਨਾ ਹੋਏ। ਉਨ੍ਹਾਂ ਨੇ ਸਿੱਖੀ ਦੀ ਆਨ ਤੇ ਸ਼ਾਨ'ਤੇ ਪਹਿਰਾ ਦੇ ਕੇ ਸੁਨਹਿਰੀ ਅੱਖਰਾਂ ਵਿੱਚ ਸੇਵਾ ਦਾ ਇਤਿਹਾਸਸਿਰਜਿਆ। ਇਸ ਇਤਿਹਾਸਕ ਹਵੇਲੀ ਦੀ ਸੇਵਾ ਸੰਭਾਲ ਦਾ ਕੰਮ ਕਈਵਾਰੀ ਸ਼ੁਰੂ ਵੀ ਹੋਇਆ ਪਰ ਕਿਸੇ ਨਾ ਕਿਸੇ ਅੜਿਕੇ ਕਾਰਨ ਕੰਮ ਸਿਰੇਨਹੀਂ ਚੜ੍ਹ ਸਕਿਆ। ਜਹਾਜ਼ ਹਵੇਲੀ ਤੋਂ ਅੱਗੇ ਖੇਤਾਂ 'ਚੋਂ ਹੁੰਦੇ ਹੋਏ ਪਹੇਦੇ ਖੱਬੇ ਹੱਥ ਅੱਗੇ ਇੱਕ ਹੋਰ ਖੰਡਰ ਨੁਮਾ ਇਮਾਰਤ ਆਉਂਦੀ ਹੈ, ਜਿਸ ਦੀਮੁਰੰਮਤ ਦਾ ਕੰਮ ਤਾਂ ਕਰਵਾਇਆ ਹੋਇਆ ਹੈ ਪਰ ਇਥੇ ਇਸ ਇਮਾਰਤ ਸਬੰਧੀਕੋਈ ਜਾਣਕਾਰੀ ਬੋਰਡ ਨਹੀਂ ਲੱਗਿਆ ਹੋਇਆ ਤੇ ਨਾ ਹੀ ਕੋਈ ਮੁਲਾਜਮਹੀ ਤਾਇਨਾਤ ਕੀਤਾ ਹੋਇਆ ਹੈ।ਉਸਤਾਦ ਅਤੇ ਸ਼ਾਗਿਰਦ ਦੇ ਮਕਬਰੇ-ਸ਼ਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹਸਾਹਿਬ ਦੇ ਪਿੰਡ ਤਲਾਣੀਆਂ ਅਤੇ ਸਰਹਿੰਦ ਸ਼ਹਿਰ ਦੇ ਖੇਤਾਂ 'ਚ ਪੁਰਾਣੇ ਮਕਬਰੇਬਣੇ ਹੋਏ ਹਨ, ਜਿਹੜੇ ਕਿ ਇਥੋਂ ਦੀ ਧਰਤੀ ਦੇ ਇਤਿਹਾਸਕ ਹੋਣ ਦੀਗਵਾਹੀ ਭਰਦੇ ਹਨ। ਉਸਤਾਦ ਅਤੇ ਸ਼ਾਗਿਰਦ ਦੇ ਨਾਂਅ ਨਾਲ ਮਸ਼ਹੂਰ ਇਨ੍ਹਾਂ ਮਕਬਰਿਆਂਨੂੰ ਮੁਗਲਾਂ ਸਮੇਂ ਦੇ ਬਿਹਰਤਰੀਨ ਆਰਟੀਟੈਕਟਾਂ ਉਸਤਾਦ ਸਈਅਦ ਖਾਨ ਅਤੇ ਉਨ੍ਹਾਂਦੇ ਸ਼ਾਗਿਰਦ ਖਵਾਜ਼ਾ ਖਾਨ ਨੇ ਕਰੀਬ 450 ਸਾਲ ਪਹਿਲਾਂ ਬਣਾਇਆ ਸੀ। ਇਨ੍ਹਾਂਮਕਬਰਿਆਂ ਦੀ ਖਾਸੀਅਤ ਇਹ ਹੈ ਕਿ ਇਹ ਉਸਤਾਦ ਅਤੇ ਸ਼ਾਗਿਰਦ ਵਿਚਾਲੇਲੱਗੀ ਸ਼ਰਤ ਕਾਰਨ ਇੱਕੋ ਰਾਤ 'ਚ ਬਣਾਏ ਗਏ ਸਨ। ਕਹਿੰਦੇ ਹਨ ਕਿਸ਼ਾਗਿਰਦ ਖਵਾਜ਼ਾ ਖਾਨ ਨੂੰ ਆਪਣੇ ਉਸਤਾਦ ਸਈਅਦ ਖਾਨ ਤੋਂ ਕੰਮ ਸਿੱਖਣਉਪਰੰਤ ਹੰਕਾਰ ਹੋ ਗਿਆ ਅਤੇ ਉਹ ਆਪਣੇ ਆਪ ਨੂੰ ਆਪਣੇ ਉਸਤਾਦ ਤੋਂ ਵੀਵੱਡਾ ਕਾਰੀਗਰ ਸਮਝਣ ਲੱਗਿਆ। ਇਸੇ ਹੰਕਾਰ ਨੂੰ ਤੋੜਨ ਲਈ ਉਨ੍ਹਾਂ ਦੋਵਾਂਵਿਚਾਲੇ ਸ਼ਰਤ ਲੱਗ ਗਈ ਕਿ ਦੋਵੇਂ ਜਣੇ ਇੱਕੋ ਦਿਨ ਇੱਕ-ਇੱਕ ਵੱਖ-ਵੱਖ ਮਕਬਰਾ ਬਣਾਉਣਗੇ ਤੇ ਬਾਅਦ 'ਚ ਮਕਬਰਾ ਬਣਾਉਣ ਵਾਲੇ ਦਾ ਸਿਰ ਕਲਮ ਕਰਦਿੱਤਾ ਜਾਵੇਗਾ। ਮਿੱਥੇ ਸਮੇਂ ਤੱਕ ਉਸਤਾਦ ਨੇ ਤਾਂ ਆਪਣਾ ਮਕਬਰਾ ਪੂਰਾ ਕਰਲਿਆ ਪਰ ਸ਼ਾਗਿਰਦ ਵਾਲੇ ਮਕਬਰੇ ਦੀ ਸਿਖਰਲੀ ਬੋਦੀ (ਗੁਬੰਦ) ਬਣਨ ਤੋਂ ਰਹਿਗਈ, ਜਿਸ ਕਾਰਨ ਉਹ ਸ਼ਰਤ ਹਾਰ ਗਿਆ। ਸ਼ਰਤ ਹਾਰਨ ਉਪਰੰਤ ਖਵਾਜ਼ਾ ਖਾਨਆਪਣਾ ਸਿਰ ਪੇਸ਼ ਕਰਨ ਲਈ ਆਪਣੇ ਉਸਤਾਦ ਕੋਲ ਗਿਆ, ਪਰ ਉਸਤਾਦ ਨੇਕਿਹਾ ਕਿ ਤੇਰਾ ਨਹੀਂ, ਬਲਕਿ ਤੇਰੇ ਅੰਦਰ ਆਏ ਹੰਕਾਰ ਦਾ ਸਿਰ ਕਲਮ ਕਰਨਾਹੈ। ਇਸ ਤਰਾਂ ਉਸਤਾਦ ਨੇ ਆਪਣੇ ਸ਼ਾਗਿਰਦ ਦਾ ਹੰਕਾਰ ਤੋੜਿਆ, ਜਿਸ ਕਾਰਨਇਨ੍ਹਾਂ ਮਕਬਰਿਆਂ ਨੂੰ ਹੰਕਾਰ ਤੋੜਨ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ ਅਤੇ ਇਹਵੀ ਸਿੱਧ ਹੁੰਦੈ ਹੈ ਕਿ ਉਸਤਾਦ ਹਮੇਸ਼ਾ ਉਸਤਾਦ ਹੀ ਰਹਿੰਦਾ ਹੈ। ਅੱਜ ਵੀਸ਼ਾਗਿਰਦ ਖਵਾਜ਼ਾ ਖਾਨ ਵੱਲੋਂ ਬਣਾਇਆ ਮਕਬਰਾ ਸਿਖਰਲੀ ਬੋਦੀ ਤੋਂ ਸੱਖਣਾਹੈ ਜਦਕਿ ਉਸਤਾਦ ਵੱਲੋਂ ਬਣਾਏ ਮਕਬਰੇ ਦੇ ਸਾਰੇ ਗੁਬੰਦ ਬਣੇ ਹੋਏ ਹਨ। ਇਨ੍ਹਾਂਮਕਬਰਿਆਂ 'ਤੇ ਭਾਰਤ ਸਰਕਾਰ ਦੇ ਪ੍ਰਾਚੀਨ ਤੇ ਇਤਿਹਾਸਕ ਵਿਭਾਗ ਵੱਲੋਂਇਮਾਰਤਾਂ ਨੂੰ ਨੁਕਸਾਨ ਨਾ ਪਹੁੰਚਾਉਣ ਸਬੰਧੀ ਤਾਂ ਬੋਰਡ ਲਗਾਇਆ ਹੋਇਆ ਹੈਪਰ ਇਸ ਸਮਾਰਕ ਦੀ ਜਾਣਕਾਰੀ ਜਾਂ ਇਤਿਹਾਸ ਸਬੰਧੀ ਕੋਈ ਬੋਰਡ ਨਹੀਂ ਹੈ।ਫਲੋਟਿੰਗ ਰੈਸਟੋਰੈਂਟ-ਸਰਹਿੰਦ ਤੋਂ ਮੰਡੀ ਗੋਬਿੰਦਗੜ੍ਹ ਵੱਲ ਜਾਂਦਿਆਂ 5ਕਿੱਲੋਮੀਟਰ ਦੂਰ ਦਿੱਲੀ-ਅੰਮ੍ਰਿਤਸਰ ਜਰਨੈਲੀ ਸੜਕ 'ਤੇ ਮੇਨ ਭਾਖੜਾ ਨਹਿਰਦੇ ਅੰਦਰ ਬਣਿਆ ਭਾਰਤ ਵਿਚਲਾ ਇੱਕੋ-ਇੱਕ ਹੋਟਲ ਵੀ ਕੁਝ ਮਹੀਨੇ ਪਹਿਲਾਂਮੁਰੰਮਤ ਦੇ ਨਾਂ 'ਤੇ ਬੰਦ ਕਰ ਦਿੱਤਾ ਗਿਆ ਹੈ। 'ਪੰਜਾਬ ਟੂਰਿਜ਼ਮ ਡਿਵੈਪਮੈਂਟਕਾਰਪੋਰੇਸ਼ਨ' ਵਿਭਾਗ ਦੇ ਪ੍ਰਬੰਧਾਂ ਹੇਠ 70ਵਿਆਂ 'ਚ ਸ਼ੀਸ਼ਿਆਂ ਦਾ ਬਣਿਆਇਹ ਰੈਸਟੋਰੈਂਟ 5 ਵੱਡੇ-ਵੱਡੇ ਗੈਸ ਸਿਲੰਡਰਾਂ ਦੇ ਸਹਾਰੇ ਭਾਖੜਾ ਨਹਿਰ'ਚ ਤੈਰਦਾ ਹੈ, ਜਿਸ ਨੂੰ ਚਾਰੇ ਪਾਸਿਆਂ ਤੋਂ ਮੋਟੇ ਸੰਗਲਾਂ ਨਾਲ ਬੰਨਿਆ ਹੋਇਆਹੈ, ਜਿਸ ਕਾਰਨ ਇਸ ਦਾ ਨਾਂ ਫਲੋਟਿੰਗ ਰੈਸਟੋਰੈਂਟ ਰੱਖਿਆ ਗਿਆ। ਬਾਅਦ 'ਚਇਸਦਾ ਪ੍ਰਬੰਧ ਨਵੇਂ ਬਣੇ 'ਪੰਜਾਬ ਹੈਰੀਟੇਜ਼ ਟੂਰੀਜ਼ਮ ਪ੍ਰਮੋਸ਼ਨ ਬੋਰਡ' ਨੂੰ ਸੌਂਪਦਿੱਤਾ ਗਿਆ। ਭਾਰਤ ਤੇ ਪਾਕਿਸਤਾਨ ਦੇ ਸੁਖਾਵੇਂ ਸਮੇਂ ਦਿੱਲੀ ਤੋਂ ਲਾਹੌਰਚੱਲਣ ਵਾਲੀ ਬੱਸ ਦੀ ਇਥੇ ਠਹਿਰ ਹੁੰਦੀ ਸੀ। ਇਸ ਦਾ ਨਾਂ 'ਲਿਮਕਾ ਬੁੱਕਆਫ ਰਿਕਾਰਡਜ਼' 'ਚ ਵੀ ਦਰਜ ਹੈ। ਪੰਜਾਬ ਦੇ ਆਰਕੀਟੈਕਟ ਵਿਭਾਗ ਦੇਆਰਕੀਟੈਕਟ ਜੀਤ ਮਲਹੋਤਰਾ ਅਤੇ ਅਮਰ ਰਜਿੰਦਰ ਸਿੰਘ ਨੇ ਇਸ ਦਾਡਿਜ਼ਾਈਨ ਤਿਆਰ ਕੀਤਾ ਸੀ। ਇਸਦੇ ਲੱਕੜ ਵਾਲੀ ਡੈੱਕ ਨੂੰ ਹਟਾ ਕੇਸ਼ੀਸ਼ੇ ਲਗਾਏ ਹੋਏ ਹਨ ਤਾਂ ਜੋ ਸੈਲਾਨੀਆਂ ਨੂੰ ਹੇਠਾਂ ਭਾਖੜਾ ਨਹਿਰ ਦਾਚੱਲਦਾ ਨੀਲੇ ਰੰਗ ਦਾ ਪਾਣੀ ਸਾਫ ਨਜ਼ਰ ਆਵੇ। ਜੁਲਾਈ 1976 ਨੂੰ ਉਸ ਸਮੇਂ ਦੇਪੰਜਾਬ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨੇ ਫਲੋਟਿੰਗ ਰੈਸਟੋਰੈਂਟ ਦਾਨੀਂਹ ਪੱਥਰ ਰੱਖਿਆ ਸੀ। ਇਥੇ ਦੂਰੋਂ ਆਉਣ ਵਾਲੇ ਸੈਲਾਨੀਆਂ ਦੇਠਹਿਰਨ ਲਈ 8 ਕਮਰੇ ਵੀ ਬਣੇ ਹੋਏ ਹਨ। ਫਲੋਟਿੰਗ ਰੈਸਟੋਰੈਂਟ ਦੇ ਨਾਲਲੰਘਦੀ ਜਰਨੈਲੀ ਸੜਕ ਦੇ ਦੋਹੀਂ ਪਾਸੇ ਉੱਚੇ ਫਲਾਈ ਓਵਰ ਬਣ ਜਾਣ ਕਾਰਨਹੁਣ ਇਹ ਸੜਕ ਤੋਂ ਲੰਘਣ ਵਾਲੇ ਯਾਤਰੀਆਂ ਨੂੰ ਨਜ਼ਰੀਂ ਪੈਣ ਤੋਂ ਹਟ ਗਿਆ ਹੈ।ਆਮ ਖਾਸ ਬਾਗ ਸਰਹਿੰਦ-ਉੱਤਰੀ ਭਾਰਤ ਦੇ ਸਭ ਤੋਂ ਅਲੰਕਾਰ ਬਾਗਾਂ 'ਚੋਂ ਇੱਕਆਮ ਖਾਸ ਬਾਗ ਦੀ ਸ਼ੁਰੂ 'ਚ ਉਸਾਰੀ ਬਾਬਰ ਵਲੋਂ ਕਰਵਾਈ ਗਈ ਸੀ, ਉਪਰੰਤਸ਼ਾਹਜਹਾਂ ਨੇ ਇਸਨੂੰ ਦੁਬਾਰਾ ਤਿਆਰ ਕਰਵਾਇਆ ਸੀ, ਤਾਂ ਜੋ ਆਮ ਖਾਸ ਬਾਗ ਨੂੰਮੁਗਲ ਸਮਰਾਟਾਂ ਵੱਲੋਂ ਲਾਹੌਰ ਤੋਂ ਆਉਂਦੇ-ਜਾਂਦੇ ਸਮੇਂ ਠਹਿਰਾਓ ਲਈ ਵਰਤਿਆਜਾ ਸਕੇ। ਇਸ ਨੂੰ 2 ਹਿੱਸਿਆਂ 'ਚ ਵੰਡਿਆ ਗਿਆ ਸੀ, ਇੱਕ ਆਮ ਲੋਕਾਂਲਈ ਤੇ ਦੂਜਾ ਰਾਜਿਆਂ ਲਈ ਰਾਖਵਾਂ ਸੀ। ਇਸ ਲਈ ਇਸ ਦਾ ਨਾਂ ਆਮ ਖਾਸਬਾਗ ਰੱਖਿਆ ਗਿਆ। ਇਸ ਵਿੱਚ ਸਦਰਖਾਨਾ, ਸ਼ੀਸ਼ ਮਹਿਲ, ਸ਼ਾਹੀ ਹਮਾਮ ਅਤੇਦੌਲਤ-ਖਾਨਾ-ਏ-ਖਾਸ ਨਾਂ ਦੀਆਂ ਵਿਲੱਖਣ ਇਮਾਰਤਾਂ ਦੀ ਉਸਾਰੀ ਕੀਤੀਗਈ ਜੋ ਕਿ ਆਪਣੇ ਆਪ 'ਚ ਕਲਾ ਦਾ ਇੱਕ ਨਮੂਨਾ ਹਨ। ਇਥੇ ਬਣੇਸਰਦਖਾਨੇ ਨੂੰ ਗਰਮੀਆਂ 'ਚ ਠੰਢਾ ਰੱਖਣ ਲਈ ਵਿਸੇਸ਼ ਇੰਤਜ਼ਾਮ ਕੀਤੇ ਗਏ ਸਨ। ਜਹਾਂਗੀਰ ਵੱਲੋ ਬਣਾਏ ਸਰਦਖਾਨੇ 'ਚ ਕਮਰੇ ਨੂੰ ਠੰਢਾ ਰੱਖਣ ਲਈ ਨਾਲਲੱਗਦੇ 32 ਚਰਸਾ ਖੂਹ ਵਿੱਚੋਂ ਪਾਣਾ ਕੱਢ ਕੇ ਵੱਡੇ ਹੌਦਾਂ 'ਚ ਸਪਲਾਈਕੀਤਾ ਜਾਂਦਾ ਸੀ ਅਤੇ ਕੰਧਾਂ 'ਚ ਬਣੀਆਂ ਨਾਲੀਆਂ ਰਾਹੀਂ ਪਾਣੀ ਕਮਰੇ ਨੂੰਠੰਢਾ ਰੱਖਦਾ ਸੀ। ਇਥੇ ਅੰਬਾਂ, ਨਾਸ਼ਪਤੀਆਂ ਤੇ ਅਮਰੂਦਾਂ ਦੇ ਬਾਗ ਹਨ, ਜੋ ਕਿ11 ਏਕੜ ਤੱਕ ਫੈਲੇ ਹੋਏ ਹਨ। ਇੰਨਾ ਸਮਾਂ ਪਹਿਲਾਂ ਤੇ ਇੰਨੀ ਉੱਚਤਕਨੀਕ ਨਾਲ ਬਣਿਆ ਆਮ-ਖਾਸ ਬਾਗ ਸੱਚਮੁੱਚ ਹੀ ਵੇਖਣਯੋਗ ਹੈ।ਅੱਜ ਸਾਂਭ-ਸੰਭਾਲ ਦੀ ਘਾਟ ਕਾਰਨ ਇਥੇ ਬਣੀਆਂ ਜਿਆਦਾਤਰ ਸਮਾਰਕਾਂਖੰਡਰਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਭਾਰਤ ਅਤੇ ਪੰਜਾਬ ਸਰਕਾਰ ਦੇ ਪੁਰਾਤਨਤੇ ਸੈਰ ਸਪਾਟਾ ਵਿਭਾਗ ਨੂੰ ਇਨ੍ਹਾਂ ਇਮਾਰਤਾਂ ਨੂੰ ਸਾਂਭਣ ਲਈ ਯੋਗ ਉਪਰਾਲੇ ਕਰਨ ਦੀਜਰੂਰਤ ਹੈ। ਨਹੀਂ ਤਾਂ ਉਹ ਦਿਨ ਵੀ ਦੂਰ ਨਹੀਂ ਜਦੋਂ ਇਨ੍ਹਾਂ ਖੰਡਰ ਬਣ ਰਹੀਆਂਜਾਂ ਬਣ ਚੁੱਕੀਆਂ ਇਮਾਰਤਾਂ ਦਾ ਨਾਮੋ-ਮਿਸ਼ਾਨ ਵੀ ਮਿਟ ਜਾਵੇਗਾ ਅਤੇ ਸਾਡੀਆਂਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਇਤਿਹਾਸਕ ਇਮਾਰਤਾਂ ਨੂੰ ਦੇਖਣ ਤੋਂਵਾਂਝੀਆਂ ਰਹਿ ਜਾਣਗੀਆਂ। ਅਜਿਹੀਆਂ ਪੁਰਾਣੀਆਂ ਇਮਾਰਤਾਂ ਪੰਜਾਬ ਦੇਵਿਰਲੇ ਸ਼ਹਿਰਾਂ ਹੀ ਹਨ ਅਤੇ ਵਿਰਲੀਆਂ ਹੀ ਬਚੀਆਂ ਹਨ, ਸੋ ਸਮਾਂ ਰਹਿੰਦਿਆਂਇਨ੍ਹਾਂ ਨੂੰ ਸਾਂਭਣ ਦੀ ਜਰੂਰਤ ਹੈ।.







Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਪੰਜਾਬੀ ਗਾਇਕੀ ਦੀ ਬੁਲੰਦ ਅਵਾਜ਼ ਨਛੱਤਰ ਛੱਤੇ ਨੂੰ ਯਾਦ ਕਰਦਿਆਂ...



ਗੁਰਬਾਜ ਗਿੱਲ ਬਠਿੰਡਾ
98723-62507






ਪੰਜਾਬ ਦੀ ਮਿੱਟੀ ਨੇ ਪੰਜਾਬੀ ਸੰਗੀਤ ਜਗਤ ਨੂੰ ਅਨੇਕਾਂ ਹੀ ਬੇਸ਼-ਕੀਮਤੀ ਲਾਲ ਬਖ਼ਸ਼ੇ ਤੇ ਉਹਨਾਂ ਬੇਸ਼-ਕੀਮਤੀ ਲਾਲਾਂ ਦੀ ਚਮਕ ਲੰਬਾ ਅਰਸਾਂ ਬੀਤ ਜਾਣ ਤੇ ਅੱਜ ਵੀ ਜਿਉਂ ਦੀ ਤਿਉਂ ਬਰਕਰਾਰ ਹੈ। ਬੇਸ਼ੱਕ ਇਹਨਾਂ ਵਿੱਚੋਂ ਜੋ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ, ਪਰ ਲੋਕ ਮਨਾਂ 'ਤੇ ਉਹਨਾਂ ਦਾ ਉਕਰਿਆਂ ਪ੍ਰਭਾਵ ਰਹਿੰਦੀ ਦੁਨੀਆਂ ਤੱਕ ਬਣਿਆ ਰਹੇਗਾ। ਉਹਨਾਂ ਵਿੱਚੋਂ ਹੀ ਇੱਕ ਪੰਜਾਬੀ ਗਾਇਕੀ ਦੀ ਬੁਲੰਦ ਅਵਾਜ਼ ਦਾ ਨਾਂ ਐ ਗਾਇਕ ਨਛੱਤਰ ਛੱਤਾ। ਸਾਡੇ ਤੋਂ ਵਿਛੜਿਆ ਮਰਹੂਮ ਗਾਇਕ ਨਛੱਤਰ ਛੱਤਾ ਨੂੰ ਭਾਵੇ 29 ਸਾਲ ਹੋ ਗਏ ਹਨ, ਪਰ ਅੱਜ ਵੀ ਉਸ ਦੇ ਗਾਏ ਗੀਤ ਸੁਣ ਕੇ ਇੰਞ ਲੱਗਦਾ ਹੈ ਜਿਵੇਂ ਉਹ ਸਾਡੇ ਕੋਲ ਹੀ ਹੋਵੇ, ਭਰ ਜਵਾਨੀ ਵਿੱਚ ਹੋਈ ਛੱਤੇ ਦੀ ਮੌਤ ਅੱਜ ਵੀ ਉਸ ਦੇ ਪ੍ਰਸ਼ੰਸਕਾਂ ਦੇ ਮਨਾਂ ਅੰਦਰ ਚੀਸ ਪੈਦਾ ਕਰਦੀ ਹੈ ਅੱਜ ਵੀ ਉਸ ਦੇ ਚਾਹੁੰਣ ਵਾਲਿਆ ਦੇ ਦਿਲਾਂ 'ਚ ਉਸ ਲਈ ਇੱਕ ਖਾਸ ਜਗ੍ਹਾਂ ਕਾਇਮ ਐ, ਜੋ ਅਮਿੱਟ ਐ।

'ਰੁੱਤ ਪਿਆਰਦੀ' ਕੈਸਿਟ ਨਾਲ ਪੰਜਾਬੀ ਸਰੋਤਿਆਂ ਦੇ ਦਿਲਾਂ ਤੇ ਲੰਮਾਂ ਸਮਾਂ ਰਾਜ ਕਰਨ ਵਾਲੇ ਬੁਲੰਦ ਅਵਾਜ਼ ਦੇ ਧਨੀ ਗਾਇਕ ਨਛੱਤਰ ਛੱਤੇ ਦਾ ਨਾਂ ਕਿਸੇ ਜਾਣ-ਪਹਿਚਾਣ ਦਾ ਮੁਹਤਾਜ ਨਹੀਂ ਹੈ। ਗਾਇਕ ਨਛੱਤਰ ਛੱਤੇ ਦਾ ਜਨਮ ਜ਼ਿਲ੍ਹਾ ਬਠਿੰਡਾ ਦੇ ਪਿੰਡ ਆਦਮਪੁਰਾ ਵਿੱਚ 18 ਜੂਨ 1959 ਨੂੰ ਮਾਤਾ ਅਮਰ ਕੌਰ ਦੀ ਕੁੱਖੋਂ ਪਿਤਾ ਸੁਦਾਗਰ ਸਿੰਘ ਦੇ ਘਰ ਹੋਇਆ। ਘਰ ਵਿੱਚ ਗਰੀਬੀ ਹੋਣ ਕਰਕੇ ਛੱਤਾ ਘੱਟ ਪੜ੍ਹ ਸਕਿਆ। ਬਚਪਨ ਵਿੱਚ ਪਿਤਾ ਨਾਲ ਖੇਤਾਂ ਵਿੱਚ ਕੰਮ ਕਰਨਾ, ਮੱਝਾਂ ਚਾਰਨੀਆਂ ਤੇ ਖੇਤਾਂ ਵਿੱਚ ਗਾਉਂਦੇ ਫਿਰਨਾ। ਗਾਇਕ ਨਛੱਤਰ ਛੱਤਾ ਦੇ ਛੋਟੇ ਭਰਾ ਗਾਇਕ ਹਰਬੰਸ ਛੱਤਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ 'ਪਿੰਡਾਂ 'ਚ ਲੱਗਣ ਵਾਲੇ ਡਰਾਮਿਆਂ ਵਿੱਚ ਅਮਰ ਸਿੰਘ ਚਮਕੀਲੇ ਵਾਂਗ ਛੱਤਾ ਵੀ ਪੂਰਨ ਭਗਤ ਦਾ ਰੋਲ ਕਰਿਆ ਕਰਦਾ ਸੀ, ਛੱਤਾ ਪੁਰਾਣੇ ਗਾਇਕਾ ਵਿੱਚੋਂ ਮੁਹੰਮਦ ਸਦੀਕ ਸਾਹਬ ਦੇ ਗੀਤ ਬਹੁਤ ਸੁਣਦਾ ਸੀ। ਇੱਕ ਦਿਨ ਜਦੋਂ ਬੁਰਜ਼ ਰਾਜਗੜ੍ਹ ਦੇ ਟੂਰਨਾਮੈਂਟ ਤੇ ਛੱਤੇ ਨੇ 'ਚਾਰ ਦਿਨ ਜਿੰਦਗੀ ਦੇ ਰੱਖੀਂ ਸਾਂਭ ਕੇ' ਗੀਤ ਗਾਇਆ ਤਾਂ ਉੱਥੇ ਮੌਜੂਦ ਲੋਕਾਂ ਨੂੰ ਪਤਾ ਲੱਗ ਗਿਆ ਸੀ ਕਿ ਨਛੱਤਰ ਛੱਤਾ ਆਉਣ ਵਾਲੇ ਸਮੇਂ ਦਾ ਮਹਾਨ ਗਾਇਕ ਹੋਵੇਗਾ, ਇੱਥੇ ਹੀ ਬੁਰਜ਼ ਰਾਜਗੜ੍ਹ ਪਿੰਡ ਦੇ ਪ੍ਰਸਿੱਧ ਢਾਡੀ ਮਾਸਟਰ ਗੁਰਬਖਸ਼ ਸਿੰਘ ਅਲਬੇਲਾ ਜੀ ਨੇ ਛੱਤੇ ਦੀਆਵਾਜ਼ ਸੁਣੀ ਤਾਂ ਉਸਨੇ ਛੱਤੇ ਨੂੰ ਆਪਣੇ ਲੜ ਲਾਲਿਆ ਫ਼ਿਰਲੋਕ ਸੰਗੀਤ ਮੰਡਲੀ ਭਦੌੜ ਨੇ ਰਾਮਕੁਮਾਰ ਭਦੌੜ ਦੇ ਸੰਗੀਤ ਚ 13 ਗੀਤਾਂ ਦੀ ਇੱਕ ਮਲਟੀ ਕੈਸਟ 'ਦਾਜ ਦੀ ਲਾਹਨਤ' ਤਿਆਰ ਕੀਤੀ। ਇਸ ਕੈਸੇਟ ਵਿੱਚ ਗਾਇਕ ਨਛੱਤਰ ਛੱਤੇ ਦੀ ਆਵਾਜ਼ ਵਿੱਚ ਆਏ ਦੋ ਗੀਤ 'ਅੱਜ ਦੇ ਜਮਾਨੇ ਵਿੱਚੋਂ' ਅਤੇ 'ਕਿੱਥੋਂ ਆ ਕੇ ਪੈ ਗਈ ਸਾਡੇ ਪੇਸ਼ਨੀਂ' ਬਹੁਤ ਜਿਆਦਾ ਮਕਬੂਲ ਹੋਏ। ਇਸ ਤੋਂ ਬਾਅਦ ਗਾਇਕ ਨਛੱਤਰ ਛੱਤੇ ਨੇ ਕਈ ਸੋਲੋ ਤੇ ਸਾਥੀ ਕਲਾਕਾਰਾਂ ਨਾਲ ਮਿਲ ਕੇ ਕੈਸਿਟਾਂ ਪੰਜਾਬੀ ਸਰੋਤਿਆਂ ਦੀ ਝੋਲੀ ਪਾਈਆਂ। ਜਿੱਦਾਂ 'ਅੱਜ ਦੀ ਰਾਤ ਮੁਕਲਾਵਾ', 'ਸੱਜਣਾਂ ਦੀਯਾਦ', 'ਭੁੱਲ ਚੁੱਕ ਮੁਆਫਕਰੀਂ', 'ਮਤਲਬ ਦੀ ਦੁਨੀਆਂ', 'ਲੱਗੀਆਂ ਪ੍ਰੀਤਾਂ ਤੇਰੀਆਂ', 'ਕਰਨਾ ਛੱਡ ਦੇ ਪਿਆਰ', 'ਮਹਿਰਮ ਦਿਲਾਂ ਦਾ', 'ਬਾਜ ਗੁਰਾਂ ਦੀ ਨਗਰੀ ਦਾ' (ਧਾਰਮਿਕ) ਅਤੇ ਕਈ ਹੋਰਕੈਸਿਟਾਂ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਸਵ. ਗੁਰਬਖ਼ਸ਼ ਸਿੰਘ ਅਲਬੇਲਾ, ਕੇਵਲ ਭਦੌੜ, ਗੀਤਾ ਦਿਆਲਪੁਰਾ, ਬਲਵੰਤ ਖੰਨਾ ਦੇ ਲਿਖੇ ਦਰਦ ਭਰੇ ਗੀਤਾਂ ਨੂੰ ਛੱਤੇ ਨੇ ਬਹੁਤ ਹੀ ਮਿੱਠੀ ਤੇ ਬੁਲੰਦ ਆਵਾਜ਼ ਵਿੱਚ ਗਾਇਆ। ਪਰ ਜਦੋਂ 1987 ਵਿੱਚ ਗਾਇਕ ਨਛੱਤਰ ਛੱਤੇ ਦੀ ਕੈਸੇਟ 'ਰੁੱਤ ਪਿਆਰ ਦੀ' ਆਈ ਤਾਂ ਚਾਰੇ ਪਾਸੇ ਛੱਤਾ-ਛੱਤਾ ਹੋਣ ਲੱਗ ਪਈਅਤੇ ਛੱਤੇ ਦੇ ਹੀ ਗੀਤ ਵੱਜਣ ਲੱਗ ਪਏ, ਇਹ ਕੈਸਿਟ ਪ੍ਰਸਿੱਧੀ ਦੇ ਸਭ ਹੱਦ ਬੰਨ੍ਹੇ ਟੱਪ ਗਈ। ਇਸ ਕੈਸਿਟ ਦੇ ਮਕਬੂਲ ਹੋਣ ਨਾਲ ਪਾਇਲ ਕੰਪਨੀ, ਗਾਇਕ ਨਛੱਤਰ ਛੱਤਾ ਅਤੇ ਸਵ. ਗੁਰਬਖਸ਼ ਸਿੰਘ ਅਲਬੇਲਾ ਵੀ ਲੋਕਾਂ ਵਿੱਚ ਹਰਮਨ ਪਿਆਰੇ ਹੋ ਗਏ। ਇਸ ਕੈਸੇਟ ਨੇ ਗਾਇਕ ਨਛੱਤਰ ਛੱਤੇ ਨੂੰ ਰਾਤੋ ਰਾਤ ਸੁਪਰਸਟਾਰ ਗਾਇਕ ਬਣਾ ਦਿੱਤਾ ਅਤੇ ਛੱਤੇ ਦਾ ਨਾਮ ਪੰਜਾਬ ਦੇ ਨਾਮਵਰ ਗਾਇਕਾਂ ਵਿੱਚ ਸ਼ਾਮਿਲ ਹੋ ਗਿਆ। ਗਾਇਕ ਨਛੱਤਰ ਛੱਤੇ ਦੀਕੈਸਟ 'ਰੁੱਤ ਪਿਆਰ ਦੀ' ਮਾਰਕੀਟ ਵਿੱਚ ਗਰਮ ਜਲੇਬੀਆਂ ਵਾਂਗ ਵਿਕੀ ਤੇ ਗੀਤ ਚਮਕੀਲੇ ਦੇ ਗੀਤਾਂ ਵਾਂਗ ਵੱਜੇ। ਉਹਨਾਂ ਦਿਨਾਂ ਵਿੱਚ ਗਾਇਕ ਨਛੱਤਰ ਛੱਤਾ ਨੇ ਦਿਨ ਵਿੱਚ ਤਿੰਨ ਤਿੰਨ ਪ੍ਰੋਗਰਾਮ ਵੀ ਲਾਏ। ਗਾਇਕ ਨਛੱਤਰ ਛੱਤੇ ਦੇ ਮਸ਼ਹੂਰ ਗੀਤਾਂ ਵਿੱਚੋਂ 'ਮੰਦੜੇ ਬੋਲਨਾ ਬੋਲ ਵੇ ਸੱਜਣਾ', 'ਰੁੱਤ ਪਿਆਰ ਦੀ', 'ਫਿਕਾ ਰੰਗ ਅੱਜ ਦੀਦੁਪਹਿਰਦਾ', 'ਤੈਨੂੰ ਭੁਲਿਆ ਨਹੀਂ ਜਾਂਦਾ ਭੁੱਲ ਜਾਣ ਵਾਲੀਏ', 'ਤੇਰੀ ਗੋਰੀ ਵੀਣੀਂ ਦੇ ਵਿੱਚ ਗਜਰਾ', 'ਬੱਸ ਚੱਲੀ ਵਿਰਕਾਂ ਦੀ', 'ਕਿਹੜੀ ਗੱਲੋਂ ਦੂਰ ਹੋ ਗਿਆ', 'ਦੂਰ ਵਸੇਂਦਿਆ ਸੱਜਣਾਂ ਤੇਰਾ ਕਿੰਨਾ ਸੋਹਣਾ ਸ਼ਹਿਰ ਹੋਊ' ਅਤੇ ਹੋਰ ਬਹੁਤ ਸਾਰੇ ਗੀਤ, ਜਿੰਨ੍ਹਾਂ ਨੂੰ ਸਰੋਤਿਆਂ ਨੇ ਮਨਾਂ-ਮੂੰਹੀ ਪਿਆਰ ਸਤਿਕਾਰ ਦੇ ਕੇ ਖੂਬ ਨਿਵਾਜਿਆਂ ਅਤੇ ਅੱਜ ਵੀ ਛੱਤੇ ਨੂੰ ਪਸੰਦ ਕਰਨ ਵਾਲਿਆਂ ਦੀਗਿਣਤੀ ਜਿਉਂ ਦੀ ਤਿਉਂ ਬਰਕਰਾਰ ਹੈ। ਇੱਕ ਬਹੁਤ ਹੀ ਜ਼ਿਕਰਯੋਗ ਗੱਲ ਓ ਕਿ 'ਇੱਕ ਵਾਰਪ੍ਰੋ. ਮੋਹਨ ਸਿੰਘ ਮੇਲੇ ਵਿੱਚ ਨਛੱਤਰ ਛੱਤੇ ਦੀ ਕੁਲਦੀਪ ਮਾਣਕ ਨਾਲ ਉੱਚੀ ਆਵਾਜ਼ ਵਿੱਚ ਗਾਉਣਦੀਸ਼ਰਤ ਲੱਗ ਗਈ, ਪਰ ਬੁਲੰਦ ਆਵਾਜ਼ ਦੇ ਮਾਲਕ ਛੱਤੇ ਨੇ ਮਾਣਕ ਤੋਂ ਵੱਧ ਉੱਚੀ ਆਵਾਜ਼ ਵਿੱਚ ਗਾ ਕੇ ਸਭ ਨੂੰ ਹੈਰਾਨਕਰ, ਸੋਚੀ ਪਾ ਦਿੱਤਾ ਸੀ। ਇਸ ਸਮੇਂ ਮਰਹੂਮ ਜਨਾਬ ਕੁਲਦੀਪ ਮਾਣਕ ਸਾਹਬ ਨੇ ਵੀ ਨਛੱਤਰ ਛੱਤੇ ਦੀਆਵਾਜ਼ ਤੋਂ ਖੁਸ਼ ਹੋ ਕੇ ਆਪਣੇ ਗਲ੍ਹੇ ਚੋਂ ਹਾਰਲਾਹਕੇ ਛੱਤੇ ਦੇ ਪਾ ਦਿੱਤਾ ਸੀ ਅਤੇ ਕਿਹਾ ਸੀ ਕਿ ਬਠਿੰਡੇ 'ਚ ਇਕ ਹੋਰ ਮਾਣਕ ਪੈਦਾ ਹੋ ਗਿਆ ਹੈ'। ਸਵ. ਗਾਇਕ ਨਛੱਤਰ ਛੱਤੇ ਦੀ ਇਕੋ ਕਮਜ਼ੋਰੀ ਸੀ ਕਿ ਛੱਤਾ ਸ਼ਰਾਬ ਪੀਣ ਦਾਆ ਦੀ ਸੀ। ਪਿੰਡ ਦੇ ਡਾਕਟਰ ਨੇ ਅਤੇ ਛੱਤੇ ਦੇ ਘਰਦਿਆਂ ਨੇ ਉਸ ਨੂੰ ਇਸ ਕੰਮ ਤੋਂ ਬਹੁਤਰੋਕਿਆਪਰ ਛੱਤਾ ਆਪਣੇ ਅੰਤਲੇ ਸਮੇਂ ਤੱਕ ਸ਼ਰਾਬ ਪੀਣੋਂ ਨਹੀਂ ਹਟਿਆਅਤੇ ਜਿਆਦਾ ਬਿਮਾਰ ਰਹਿਣ ਕਰਕੇ ਗਾਇਕ ਨਛੱਤਰ ਛੱਤਾ 7 ਮਈ 1992 ਨੂੰ ਆਪਣੇ ਲੱਖਾਂ ਸਰੋਤਿਆਂ ਨੂੰ ਛੱਡ ਕੇ ਸਦਾਲਈ ਇਸ ਦੁਨੀਆ ਤੋਂ ਤੁਰ ਗਿਆ। ਆਪਣੇ ਅੰਤਲੇ ਸਮੇਂ ਗਾਇਕ ਨਛੱਤਰ ਛੱਤਾ ਧਾਰਮਿਕ ਗੀਤਾਂ ਦੀ ਇੱਕ ਟੇਪ ਰਿਕਾਰਡ ਕਰਨ ਦੀ ਤਿਆਰੀ ਕਰ ਰਿਹਾ ਸੀ। ਮੇਲਿਆਂ ਦੇ ਬਾਦਸ਼ਾਹ ਸਵ. ਜਗਦੇਵ ਸਿੰਘ ਜੱਸੋਵਾਲ ਨੇ ਗਾਇਕ ਨਛੱਤਰ ਛੱਤੇ ਦੇ ਭੋਗ ਸਮੇਂ ਆਖਿਆ ਸੀ ਕਿ 'ਕਲੀਆਂ ਦਾ ਬਾਦਸ਼ਾਹ ਕੁਲਦੀਪ ਮਾਣਕ ਅੱਜ ਏਨ੍ਹੀ ਮਿਹਨਤ ਕਰਕੇ ਜਿੱਥੇ ਪਹੁੰਚਿਆ ਹੈ, ਇੱਥੋਂ ਗਾਇਕ ਨਛੱਤਰ ਛੱਤੇ ਦੀਆਵਾਜ਼ ਸ਼ੁਰੂ ਹੁੰਦੀ ਹੈ, ਕਹਿਣ ਦਾ ਭਾਵ ਛੱਤੇ ਦੀ ਸ਼ੁਰੂਆਤ ਹੀ ਮਾਣਕ ਵਰਗੀ ਸੀ, ਏਨ੍ਹੀਂ ਬੁਲੰਦ ਤੇ ਉੱਚੀ ਆਵਾਜ਼ ਦਾਮਾਲਕ ਸੀ ਛੱਤਾ'। ਗਾਇਕ ਨਛੱਤਰ ਛੱਤੇ ਦੇ ਘਰਦਿਆਂ ਨੂੰ ਇਹ ਗੁੱਸਾ ਹੈ ਕਿ ਛੱਤੇ ਦੇ ਜਿਉਂਦੇ ਜੀਅ ਤਾਂ ਉਸਦੇ ਦੋਸਤ ਉਸ ਨਾਲਸਨ, ਪਰ ਉਸ ਦੀ ਮੌਤ ਤੋਂ ਬਾਅਦ ਕੁੱਝ ਕੁ ਨੂੰ ਛੱਡ ਕੇ ਛੱਤੇ ਦੇ ਪਰਿਵਾਰ ਦਾ ਕਿਸੇ ਨੇ ਹਾਲ ਤੱਕ ਨਹੀਂ ਪੁੱਛਿਆ। ਗਾਇਕ ਲਾਭਹੀਰਾ, ਹਰਭਜਨਮਾਨ ਤੇ ਕੁੱਝ ਦੋਸਤਾਂ ਮਿੱਤਰਾਂ ਤੋਂ ਇਲਾਵਾ ਹਾਲੇ ਤੱਕ ਕਿਸੇ ਨੇ ਵੀ ਛੱਤੇ ਦੇ ਪਰਿਵਾਰਦੀ ਮੱਦਦ ਨਹੀਂ ਕੀਤੀ। ਗਾਇਕ ਨਛੱਤਰ ਛੱਤੇ ਦੇ ਬੇਟੇ ਸੰਦੀਪ ਸਿੰਘ ਦੀ ਥੋੜੇ ਸਮੇਂ ਪਹਿਲਾਂ ਹੀ ਦਿਲ ਦਾ ਦੌਰਾ ਪੈਣਕਾਰਨ ਹੋਈ ਮੌਤ ਨੇ ਪਰਿਵਾਰ ਨੂੰ ਡੂੰਘਾ ਸਦਮਾ ਦਿੱਤਾ ਹੈ। ਛੱਤੇ ਦੀਆਂ ਦੋ ਬੇਟੀਆਂ ਦਾਵਿਆਹ ਹੋ ਚੁੱਕਿਆ ਹੈ, ਪਰ ਛੱਤੇ ਦੀ ਪਤਨੀ ਰਾਣੀ ਕੌਰ, ਛੱਤੇ ਦੀ ਮੌਤ ਤੋਂ ਬਾਅਦ ਮਾਨਸਿਕ ਤੌਰ ਤੇ ਅੱਜ ਵੀਪ੍ਰੇਸ਼ਾਨ ਹੈ। ਜਿਸ ਦੀ ਦੇਖਭਾਲ ਛੱਤੇ ਦਾਭਰਾ ਹਰਬੰਸ ਛੱਤਾ ਹੀ ਕਰਦਾ ਆ ਰਿਹਾ ਹੈ। ਛੱਤੇ ਦੀ ਮੌਤ ਤੋਂ ਬਾਅਦ ਉਸ ਦੇ ਛੋਟੇ ਭਰਾ ਗਾਇਕ ਹਰਬੰਸ ਛੱਤੇ ਨੇ 'ਚੰਨ ਵਰਗੀ ਤਸਵੀਰ' ਕੈਸਿਟ ਨਾਲ ਗਾਇਕੀ ਵਿੱਚ ਆਪਣੀ ਸ਼ੁਰੂਆਤ ਕੀਤੀ ਸੀ ਤੇ ਅੱਜ ਵੀ ਉਹ ਗਾਇਕੀ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ। ਸਮੇਂ-ਸਮੇਂ ਆਪਣੀ ਹਾਜ਼ਰੀ ਲਗਵਾਰਿਹਾ ਹੈ। ਮਰਹੂਮ ਗਾਇਕ ਨਛੱਤਰ ਛੱਤੇ ਨੂੰ ਇਸ ਦੁਨੀਆਂ ਤੋਂ ਗਏ ਅੱਜ 29 ਸਾਲ ਹੋ ਗਏ ਹਨ, ਪਰ ਛੱਤੇ ਦੀ ਯਾਦ ਵਿੱਚ ਸਿਰਫ ਦੋ ਵਾਰ ਹੀ ਭਦੌੜ ਵਿਖੇ ਮੇਲਾ ਲੱਗਿਆ ਹੈ। ਛੱਤੇ ਦੇ ਪਿੰਡ ਆਦਮਪੁਰਾ ਨੂੰ ਦੋ ਵਾਰ ਰਾਸ਼ਟਰੀ ਐਵਾਰਡ ਮਿਲਿਆ ਹੈ, ਪਰ ਇਸ ਪਿੰਡ ਦੇ ਮਸ਼ਹੂਰ ਗਾਇਕ ਨਛੱਤਰ ਛੱਤੇ ਦੇ ਪਰਿਵਾਰ ਦੀ ਕਿਸੇ ਨੇ ਵੀ ਬਣਦੀ ਮੱਦਦ ਨਹੀਂ ਕੀਤੀ ਅਤੇ ਨਾ ਹੀ ਛੱਤੇ ਨੂੰ ਕੋਈ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਉੱਚੀ ਤੇ ਬੁਲੰਦ ਆਵਾਜ਼ ਵਿੱਚ ਗਾਉਣ ਵਾਲੇ ਨਛੱਤਰ ਛੱਤੇ ਵਰਗੇ ਗਾਇਕ ਮੁੜ ਇਸ ਧਰਤੀ ਤੇ ਪੈਦਾਨਹੀਂ ਹੋਣੇ, ਲੋੜ ਹੈ ਜੋ ਸਰੋਤੇ ਛੱਤੇ ਦੇ ਗੀਤਾਂ ਨੂੰ ਪਸੰਦ ਕਰਦੇ ਹਨ, ਉਹ ਛੱਤੇ ਦੇ ਪਰਿਵਾਰ ਦੀ ਜ਼ਰੂਰ ਮਦਦ ਕਰਨ, ਕੀ ਪਤਾ ਆਉਣ ਵਾਲੇ ਸਮੇਂ ਵਿੱਚ ਛੱਤੇ ਦੇ ਪਰਿਵਾਰ ਵਿੱਚੋਂ ਇਕ ਹੋਰ ਨਛੱਤਰ ਛੱਤਾ ਪੈਦਾ ਹੋ ਜਾਵੇ। ਮਰਹੂਮ ਗਾਇਕ ਨਛੱਤਰ ਛੱਤੇ ਦੇ ਗਾਏ ਗੀਤ ਰਹਿੰਦੀ ਦੁਨੀਆਂ ਤੱਕ ਅਮਰ ਰਹਿਣਗੇ ਅਤੇ ਸਰੋਤੇ ਉਨ੍ਹਾਂ ਨੂੰ ਯਾਦਕਰਕੇ ਸੁਣਦੇ ਰਹਿਣਗੇ। ਗਾਇਕ ਨਛੱਤਰ ਛੱਤੇ ਦੇ ਪਰਿਵਾਰਦੀ ਜੋ ਵੀ ਕੋਈ ਮੱਦਦ ਕਰਨਾ ਚਾਹੁੰਦਾ ਹੈ, ਉਹ ਛੱਤੇ ਦੇ ਭਰਾ ਗਾਇਕ ਹਰਬੰਸ ਛੱਤੇ ਨਾਲ 98155-45948 ਨੰਬਰ ਤੇ ਗੱਲ ਕਰਸਕਦਾ ਹੈ। ਭਾਵੇ ਕਿ ਬੁਲੰਦ ਅਵਾਜ਼ ਦਾਧਨੀ ਗਾਇਕ ਨਛੱਤਰ ਛੱਤਾ ਅੱਜ ਸਾਡੇ ਵਿਚਕਾਰ ਨਹੀਂ, ਪਰ ਉਹਨਾਂ ਦੀ ਯਾਦ ਹਮੇਸ਼ਾਂ ਸਾਡੇ ਦਿਲਾਂ ਚ' ਇੰਞ ਹੀ ਵਸੀ ਰਹੇਗੀ।

# ਸਿਆਸੀ ਚੀਕੂ



ਮਿੰਟੂ ਬਰਾੜ
ਮੋ. +61 434 289 905



ਚੀਕੂ ਦਾ ਇਤਿਹਾਸ ਕੀ ਹੈ ਇਹ ਕਿਥੋਂ ਆਇਆ, ਦੁਨੀਆ ਦੇ ਕਿਹੜੇ ਖਿੱਤੇ 'ਚ ਇਸ ਦੀ ਕਾਸ਼ਤ ਹੁੰਦੀ ਹੈ ਤੇ ਕਿੱਥੇ ਨਹੀਂ ਹੁੰਦੀ ਅਤੇ ਕਿਹੜੇ ਮੌਸਮ 'ਚ ਹੁੰਦਾ ਆਦਿ। ਇਹਨਾਂ ਸਾਰੀਆਂ ਗੱਲਾਂ ਤੇ ਸਮਾਂ ਜਾਇਆ ਨਹੀਂ ਕਰਾਂਗਾ ਇਹ ਤੁਸੀਂ ਆਪ ਗੂਗਲ ਤੋਂ ਪੜ੍ਹ ਲਓ ਕਿਉਂਕਿ ਮੈਂ ਵੀ ਉੱਥੋਂ ਹੀ ਨਕਲ ਮਾਰ ਕੇ ਆਪਣੇ ਆਪ ਨੂੰ ਵਿਦਵਾਨ ਦਰਸਾਉਣ ਦੀ ਅਸਫਲ ਕੋਸ਼ਿਸ਼ ਕਰਨੀ ਸੀ। ਬੱਸ ਚੀਕੂ ਬਾਰੇ ਜੋ ਹੁਣ ਤੱਕ ਸੱਚ ਦਾ ਗਿਆਨ ਮੇਰੇ ਜਹਿਨ 'ਚ ਹੈ ਉਹ ਸਿਰਫ ਇਕ ਲਾਈਨ ਦਾ ਹੈ ਕਿ ਜਦੋਂ ਕਦੇ ਬਚਪਨ 'ਚ ਤਾਪ ਚੜ੍ਹ ਜਾਂਦਾ ਤਾਂ ਚਾਅ ਨਹੀਂ ਸੀ ਚੁੱਕਿਆ ਜਾਂਦਾ। ਇਸ ਪਿੱਛੇ ਕਾਰਨ ਹੁੰਦਾ ਸੀ ਕਿ ਇਕ ਤਾਂ ਗੁਲੂਕੋਸ ਦੇ ਬਿਸਕੁਟ ਖਾਣ ਨੂੰ ਮਿਲਣਗੇ, ਦੂਜੀ ਡਬਲ ਰੋਟੀ ਅਤੇ ਤੀਜੇ ਚੀਕੂ। ਸੋ ਇਸ ਦਾ ਮਤਲਬ ਇਹ ਹੋਇਆ ਕਿ ਚੀਕੂ ਬਿਮਾਰਾਂ ਦੇ ਲਈ ਕਾਫੀ ਲਾਹੇਵੰਦ ਫਲ ਹੈ। ਕੱਲ੍ਹ ਦਾ ਚੀਕੂ ਇਕ ਬਾਰ ਫੇਰ ਚਰਚਾ 'ਚ ਹੈ। ਸੋਚਿਆ ਚਰਚਾ ਛੇੜਨ ਵਾਲੇ ਤਾਂ ਬਿਮਾਰ ਵੀ ਨਹੀਂ ਜਾਪਦੇ! ਫੇਰ ਹੁਣ ਅਚਾਨਕ ਇਹ ਚੀਕੂ ਹਰ ਇਕ ਦੀ ਜੁਬਾਨ ਤੇ ਕਿਵੇਂ ਆ ਚੜ੍ਹਿਆ। ਹਰ ਕੋਈ ਇਸ ਤੇ ਵਿਅੰਗ ਕਰਨ ਲਈ ਕਾਹਲਾ, ਵੀਕੀਤੇ ਮੈਂ ਨਾ ਪਿੱਛੇ ਰਹਿ ਜਾਵਾਂ। ਬਹੁਤ ਸਾਰੇ ਸੱਜਣ ਕਹਿ ਰਹੇ ਹਨ ਕਿ ਰਾਜਾ ਸਾਹਿਬ ਦੀ ਫੋਨ ਕਾਲ ਲੀਕ ਹੋ ਗਈ। ਬੜੀ ਤੇਜੀ ਨਾਲ ਇਕ ਵੀਡੀਓਇਕ ਫੋਨ ਤੋਂ ਦੂਜੇ ਫੋਨ 'ਚ ਜਾ ਰਹੀ ਹੈ। ਪਰ ਮੇਰੀ ਪੁੱਠੀ ਖੋਪੜੀ ਦੂਜੇ ਪੱਖ ਲੱਭਣ ਤੁਰੀ ਹੋਈ ਆ। ਮੈਨੂੰ ਲਗਦਾ ਤੁਸੀਂਭੁੱਲ ਗਏ ਪਿਛਲੇ ਦਿਨੀਂ ਇਕ ਡਰਾਮਾ ਹੋਇਆ ਸੀ। ਜਿਸ 'ਚ ਕਪਤਾਨ ਦਾ ਨੀਤੀ ਘਾੜਾ ਕਾਫੀ ਚਰਚਾ 'ਚ ਰਿਹਾ। ਸੋਚਣ ਵਾਲੀ ਗੱਲ ਹੈ ਕਿਤੇ ਇਹ ਵੀ ਇਕ ਚੋਣ ਨੀਤੀ ਤਾਂ ਨਹੀਂ? ਚੋਣਾਂ ਅਕਸਰ ਮੁੱਦਿਆਂ ਤੇ ਲੜੀਆਂ ਜਾਂਦੀਆਂ ਹਨ ਜਦੋਂ ਜਨਤਾ ਰੋ ਪਿੱਟ ਕੇ ਕੋਈ ਮੁੱਦਾ ਚੁੱਕਦੀ ਹੈ ਤਾਂ ਫੇਰ ਸਿਆਸੀ ਲੋਕ ਉਸ ਦੇ ਮੂੰਹ 'ਚ ਚੁੰਘਣੀ ਪਾ ਦਿੰਦੇ ਹਨ। ਐਤਕੀਂ ਲਗਦਾ ਜਨਤਾ ਥੋੜ੍ਹੀ ਜਿਹੀ ਬਿਮਾਰ ਸੀ ਤੇ ਰਾਜੇ ਨੇ ਸੋਚਿਆ ਕਿ ਬਿਮਾਰਾਂ ਲਈ ਚੁੰਘਣੀ ਨਾਲੋਂ ਚੀਕੂ ਕਾਫੀ ਲਾਹੇਵੰਦ ਰਹੇਗਾ। ਸੋ ਹੁਣ ਮੇਰੀ ਪਿਆਰੀ ਜਨਤਾ ਅਤੇ ਵਿਰੋਧੀਆਂ ਨੂੰ ਚੀਕੂ ਮਿਲ ਗਿਆ ਤੇ ਚੋਣਾਂ ਤੱਕ ਚੀਕੂ-ਚੀਕੂ ਦੀ ਆਵਾਜ 'ਚ ਵਿਕਾਸ, ਵਾਅਦੇ ਅਤੇ ਮੁੱਦੇ ਵਿਚਾਰੇ ਖੁੱਡੇ ਲੱਗ ਜਾਣਗੇ। ਰਾਜੇ ਦੇ ਪਿਛਲੇ ਰਾਜ ਵੇਲੇ ਵੀ ਵਿਰੋਧੀਆਂ ਕੋਲ ਰਾਜੇ ਦੇ ਖਲਿਾਫ ਸਿਰਫ ਚੁਟਕਲੇ ਹੀ ਤਾਂ ਸੀ। ਕੋਈ ਰਾਜੇ ਦੀ ਪਜਾਮੀ 'ਚ ਚੂਹੇ ਛੱਡ-ਛੱਡ ਭੋਲੀ ਭਾਲੀ ਜਨਤਾ ਦੇ ਦਿਲ ਲੁੱਟੀ ਜਾਂਦਾ ਸੀ ਕੋਈ ਰਾਜੇ ਦੇ ਪਜਾਮੀ ਪਾਉਣ ਤੋਂ ਲੈ ਕੇ ਢਾਠੀ ਬੰਨ੍ਹਣ ਤੱਕ ਦੇ ਸੀਨ ਦੀ ਰਾਸ-ਲੀਲ੍ਹਾ ਸਟੇਜ 'ਤੇ ਪਰੋਸ ਰਿਹਾ ਸੀ। ਹੁਣ ਚੀਕੂ ਦੇ ਚਾਅ 'ਚ ਕਿਥੇ ਯਾਦ ਰਹਿਣਾ ਕਿ ਪੰਜਾਬ ਦਾ ਵਾਲ-ਵਾਲ ਕਰਜਾਈ ਹੈ, ਕਿਸ ਨੇ ਦਿੱਲੀ ਬੈਠੇ ਕਿਸਾਨਾਂ ਦੀ ਆਵਾਜ ਬਣਨਾ, ਕਿਸ ਨੇ ਨਸ਼ਿਆਂ 'ਚ ਗਲਤਾਨ ਜਵਾਨੀ ਬਾਰੇ ਸੋਚਣਾ ਅਤੇ ਕਿਸ ਨੇ ਜਹਾਜ ਚੜ੍ਹ ਰਹੀ ਜਵਾਨੀ ਨੂੰ ਰੋਕਣ ਦਾ ਉਪਰਾਲਾ ਕਰਨਾ? ਖੁਦਕੁਸ਼ੀਆਂ ਦੇ ਮਸਲੇ ਤਾਂ ਬੀਤੇ ਯੁੱਗ ਦੀਆਂ ਗੱਲਾਂ ਜਾਪਣ ਲੱਗ ਜਾਣੀਆਂ ਹਨ, ਇਸ ਚੀਕੂ ਕਾਂਡ ਮੂਹਰੇ ਹੁਣ ਛੋਟੇ ਬਾਦਲ ਸਾਹਿਬ ਸਟੇਜਾਂ ਤੇ ਲਲਕਾਰੇ ਮਾਰਨਗੇ ਕਿ ਭਾਵੇਂ ਕਿਹੋ ਜਿਹੇ ਮਰਜ਼ੀ ਕਾਂਡ ਅਸੀਂ ਕਿਤੇ ਪਰ ਕਦੇਪਰਾਈ ਜਨਾਨੀਆਂ ਲਈ ਚੀਕੂ ਨਹੀਂ ਤੋੜੇ। ਮਾਨ ਸਾਹਿਬ ਕੋਲੇ ਵੀ ਹੁਣ ਪੰਚ ਜਿਹੇ ਮੁੱਕੇ ਪਏ ਸੀ। ਚਲੋ ਚੀਕੂ ਨੇ ਉਹਨਾਂਦੇ ਚੁਟਕਲਿਆਂ ਦੀ ਪਟਾਰੀ ਵੀ ਫੇਰ ਭਰ ਦਿੱਤੀ। ਜਨਤਾ ਜਨਾਰਧਨ ਵਿਚਾਰੀ ਜੋ ਹਰ ਵਕਤ ਚੱਕੀ ਦੇ ਪੁੜਾਂ 'ਚ ਪਿਸਦੀ ਹੈ, ਚੀਕੂ ਕੁਝ ਦਿਨਾਂ ਲਈ ਉਹਨਾਂ ਦੇ ਚਿਹਰਿਆਂ ਤੇ ਮੁਸਕਾਨ ਲਿਆਉਣ 'ਚ ਜਰੂਰ ਕਾਮਯਾਬ ਹੋ ਜਾਣਾ। ਅੱਜ ਮੇਰਾ ਇਕ ਅਣਭੋਲ ਮਿੱਤਰ ਮੈਨੂੰ ਕਹਿੰਦਾ ਯਾਰ ਤੈਨੂੰ ਨਹੀਂ ਲਗਦਾ ਰਾਜੇ ਨੂੰ ਨੱਕ ਡਬੋ ਕੇ ਮਰ ਜਾਣਾ ਚਾਹੀਦਾ। ਮੈਂ ਪੁੱਛਿਆ ਕਾਹਦੇ ਲਈ? ਕਹਿੰਦਾ ਆਹ ਚੀਕੂ ਕਾਂਡ ਲਈ। ਹੁਣ ਉਸ ਭਲੇ ਮਾਣਸ ਨੂੰ ਕੀ ਦੱਸੀਏ! ਓਏ ਭਰਾਵਾ ਮੈਂ ਵੀ ਇਕਵਾਰ ਭਾਵੁਕ ਪਣੇ 'ਚ ਇਹ ਸਵਾਲ ਇਕ ਮੁਲਾਕਾਤ ਦੌਰਾਨ ਮਹਾਰਾਣੀ ਸਾਹਿਬਾ ਨੂੰ ਅਸਿੱਧੇ ਰੂਪ 'ਚ ਪੁੱਛ ਲਿਆ ਸੀ ਕਿਤੁਹਾਨੂੰ ਕੋਈ ਗਿਲਾ ਸਕਿਵਾ ਨਹੀਂ ਹੁੰਦਾ ਜਦੋਂ ਪੱਤਰਕਾਰ ਰਾਜਾ ਸਾਹਿਬ ਦਾ ਨਾਂ ਐਵੇਂ ਕਿਸੇ ਹੋਰ ਔਰਤ ਨਾਲ ਜੋੜਦੇ ਹਨ? ਮੂਹਰੋਂ ਮਹਾਰਾਣੀ ਸਾਹਿਬਾ ਨੇ ਬੜੇ ਸਹਿਜਤਾ ਨਾਲ ਮੇਰੀ ਬੋਲਤੀ ਇਹ ਕਹਿ ਕੇ ਬੰਦ ਕਰ ਦਿੱਤੀ ਕਿ ਭਾਈ ਇਸ'ਚ ਕੀ ਗਲਤ ਹੈ? ਇਹ ਤਾਂ ਰਾਜੇ ਮਹਾਰਾਜਿਆਂ ਦੇ ਮੁੱਢ ਕਦੀਮੋਂ ਸ਼ੌਂਕ ਰਹੇ ਹਨ। ਸੋ ਇਹ ਕੁਝ ਕਰਨ ਦੀ ਤਾਂ ਕਪਤਾਨ ਸਾਹਿਬ ਨੂੰ ਘਰੋਂ ਵੀ ਖੁੱਲ ਮਿਲੀ ਹੋਈ ਹੈ, ਤੂੰ ਨਾ ਫਕਿਰ ਕਰ। ਰਾਜਾ ਤਾਂ ਕੱਲ੍ਹ ਦਾ ਮੁੱਛਾਂ ਥਾਣੀ ਹੱਸਦਾ ਹੋਣਾ। ਇਕ ਤਾਂ ਸੋਚਦਾ ਹੋਣਾ ਕਿ ਜਨਤਾ ਮੈਨੂੰ ਐਵੇਂ ਬੁੱਢਾ ਸਮਝੀ ਬੈਠੀ ਸੀ ਹੁਣ ਗੱਲਬਾਤ ਸੁਣ ਕੇ ਕਹਿੰਦੀ ਫਿਰਦੀ ਹੈ ਕਿ ਯਾਰ ਇਹ ਤਾਂ ਕਾਲਜਾਂ ਵਾਲੇ ਜੁਆਕਾਂ ਵਾਂਗੂ ਗੱਲ ਕਰਦੇ ਹਨ। ਦੂਜਾ ਰਾਜੇ ਦੇ ਖੁਸ਼ੀ ਦਾ ਕਾਰਨ ਇਹ ਵੀ ਹੋਣਾ ਕਿ ਜੋ ਲੋਕ ਕਹਿੰਦੇ ਸਨ ਕਿ ਰਾਜਾ ਐਵੇਂ ਸਲਾਹਕਾਰ ਤੇ ਪੈਸੇ ਬਰਬਾਦ ਕਰ ਰਿਹਾ। ਉਸ ਪਤੰਦਰ ਨੇ ਆਪਣੀ ਪਹਿਲੀ ਚਾਲ 'ਚ ਹੀ ਲੋਕਾਂ ਦੇ ਮੂੰਹ 'ਚ ਚੀਕੂ ਦੇ ਕੇ ਉਹਨਾਂ ਦੀ ਸਵਾਲ ਪੁੱਛਣ ਦੀ ਬਿਮਾਰੀ ਦਾ ਹੱਲ ਕਰ ਦਿੱਤਾ। ਓਏ ਭਰਾਵੋ ਜਿਹੜੀਆਂ ਕਹਾਵਤਾਂ ਬਣਦੇ-ਬਣਦੇ ਯੁੱਗ ਲੱਗ ਜਾਂਦੇ ਆ, ਉਹਨਾਂ ਦਾ ਸਤਿਕਾਰ ਕਰ ਲਿਆ ਕਰੋ। ਸਾਡੀਆਂ ਕਹਾਵਤਾਂ 'ਲੰਡੇ' ਅਤੇ 'ਲੁੱਚੇ' ਨੂੰ ਚੌਧਰੀ ਦੱਸਦਿਆਂ। ਸੋ ਇਹੋ ਜਿਹੇ ਚੌਧਰੀਆਂ ਨੂੰ ਕੀ ਫਰਕ ਪੈਂਦਾ ਸਿਰਫ ਇਕ ਆਵਾਜਦੀ ਵੀਡੀਓ ਲੀਕ ਹੋਣ ਦਾ। ਜਿਹੜੇ ਲੋਕ ਗੁਟਕੇ ਫੜ ਕੇ ਸੌਂਹ ਖਾ ਕੇ ਉਸ ਤੇ ਪੂਰੇ ਨਹੀਂ ਉੱਤਰਦੇ। ਉਹਨਾਂ ਦੀ ਤਾਂ ਭਾਵੇਂ ਨਗਨ ਵੀਡੀਓ ਲੀਕ ਕਰ ਦਿਓ ਉਸ ਦਾ ਵੀ ਕੀ ਫਰਕ ਪੈਣਾ। ਆਹ ਸਾਲ ਕੁ ਪਹਿਲਾਂ ਉੱਤੋਂ ਫੜਿਆ ਗਿਆ ਅਕਾਲੀਮੰਤਰੀ ਕਿਹੜਾ ਚੱਪਣੀ ਭਾਲਦਾ ਫਿਰਦਾ ਨੱਕ ਡਬੋਣ ਨੂੰ। ਚੀਕੂ ਵਾਲਾ ਕੜਾ ਵਿਰੋਧੀਆਂ ਦੇ ਵੀ ਸੂਤ ਆ ਗਿਆ। ਉਹ ਵੀ ਕਿਥੋਂ ਚਾਹੁੰਦੇ ਹਨ ਕਿ ਜਨਤਾ ਉਹਨਾਂ ਨੂੰ ਸਵਾਲ ਕਰੇ ਤੇਵੱਡੇ ਵੱਡੇ ਵਾਅਦੇ ਕਰਨੇ ਪੈਣ, ਜੋ ਬਾਅਦ 'ਚ ਉਹਨਾਂ ਦੀ ਗਲੇ ਦੀ ਹੱਡੀ ਬਣਨ। ਹੈਰਾਨ ਨਾ ਹੋਇਓ ਜੇ ਐਤਕੀਂ ਚੋਣਾਂ 'ਚ ਵਿਰੋਧੀ ਧਿਰ ਇਹ ਵਾਅਦਾ ਕਰੇ ਕਿ "ਸਾਨੂੰ ਰਾਜ ਦਿਓ ਅਸੀਂ ਇਕ ਵੀ ਚੀਕੂ ਬਾਰਡਰ ਨਹੀਂ ਟੱਪਣ ਦੇਵਾਂਗੇ।" ਸਿਆਣੇ ਬਣੋ ਮਿੱਤਰੋ, ਉਹ ਰਾਜੇ ਦੀ ਨਿੱਜੀ ਜੀਂਦਗੀ ਹੈ ਉਹ ਭਾਵੇਂ ਚੀਕੂ ਭੇਜੇ ਭਾਵੇਂ ਸੀਤਾ ਫਲ। ਉਹ ਜਨਤਾ ਦਾ ਪਤੀਨਹੀਂ ਕਿ ਅਸੀਂ ਉਸ ਦੀ ਰਾਖੀ ਰੱਖੀਏ ਤੇ ਏਧਰ ਉੱਧਰ ਮੂੰਹ ਮਾਰਨ ਤੋਂ ਰੋਕੀਏ। ਉਹ ਤਾਂ ਸਾਡਾ ਮੁੱਖ ਮੰਤਰੀ ਹੈ ਤੇ ਉਹ ਸਾਡੀ ਵੋਟ ਕੁਝ ਵਾਅਦਿਆਂ ਬਦਲੇ ਲੈ ਕੇ ਗਿਆ ਸੀ। ਬੱਸ ਥੋੜ੍ਹਾ ਜਿਹਾ ਚਿਰ ਰਹਿ ਗਿਆ, ਆਉਣਾ ਹੀ ਪੈਣਾ ਤੁਹਾਡੀ ਕਚਹਿਰੀ 'ਚ ਫੇਰ ਉਸ ਨੂੰ। ਸੋ ਹੁਣ ਸਮਾਂ ਹੈ ਆਪਣੇ ਸਵਾਲ ਸਾਣ 'ਤੇ ਲਾਉਣ ਦਾ। ਦੰਦੇ ਕਢਾ ਲਵੋ ਸਵਾਲਾਂ ਰੂਪੀ ਦਾਤੀਆਂ ਦੇ। ਚੀਕੂ ਦੇ ਚੱਕਰ 'ਚ ਫੇਰ ਨਾ ਪੰਜ ਸਾਲ ਲਈ ਗੋਡਣੀਆਂ ਲਵਾ ਲਿਓ। ਇਹ ਨੀਲੇ ਚਿੱਟੇ ਅਤੇ ਪੀਲੇ ਤੁਹਾਡੀਵੋਟ ਦੇ ਯਾਰ ਹਨ, ਉਂਜ ਤਾਂ ਇਹਨਾਂ ਸਾਡਾ ਖੂਨ ਹੀ ਚੂਸਣਾ। ਜੇ ਕਰ ਤੁਸੀਂ ਰਾਜੇ ਨੂੰ ਇਸ ਬਾਰ ਸਿਰਫ ਇਸ ਲਈ ਵੋਟਨਹੀਂ ਪਾਉਂਦੇ ਕਿ ਉਹਨੇ ਚੀਕੂ ਕਾਂਡ ਕੀਤਾ ਤਾਂ ਤੁਹਾਨੂੰ ਆਪਣੀ ਯਾਦਦਾਸ਼ਤ ਦਾ ਇਲਾਜ ਕਰਵਾਉਣਾ ਚਾਹੀਦਾ। ਇਸ ਬਾਰ ਜਦੋਂ ਕੋਈ ਵੀ ਸਿਆਸੀ ਬੰਦਾ ਵੋਟ ਮੰਗਣ ਆਵੇ ਭੁੱਲ ਜਾਓ ਉਸ ਨੇ ਕੀ ਕੀਤਾ। ਬੱਸ ਸਿਰਫ ਯਾਦ ਰੱਖਿਓ ਜੋ ਉਸ ਨੇ ਵਾਅਦਾ ਕਰ ਕੇ ਪੂਰਾ ਨਹੀਂ ਕੀਤਾ। ਯਾਦ ਰੱਖਿਓ ਬਰਗਾੜੀ ਕਾਂਡ। ਯਾਦ ਰੱਖਿਓ ਪੋਹ 'ਚ ਬਾਰਡਰ 'ਤੇ ਠਰੇਕਿਸਾਨ। ਪੁੱਛਿਓ ਇਹਨਾਂ ਨੂੰ ਜਹਾਜਾਂ 'ਚ ਚੜ੍ਹਦੀ ਜਵਾਨੀ ਨੂੰ ਠੱਲ੍ਹਣ ਲਈ ਕੀ ਸਕੀਮ ਹੈ ਤੁਹਾਡੇ ਕੋਲ। ਯਾਦ ਰੱਖਿਓ ਰੱਸਿਆਂ ਨਾਲ ਲਟਕਦੇ ਉਹ ਸਰੀਰ ਜੋ ਵੀ ਕਦੇ ਇਹਨਾਂ ਦੀ ਵੋਟ ਹੁੰਦੇ ਸਨ। ਅੰਤ 'ਚ ਰਾਜਾ ਸਾਹਿਬ ਨੂੰ ਸਵਾਲ ਹੈ ਕਿ ਰਾਜਾ ਸਾਹਿਬ ਤੁਹਾਨੂੰ ਨਹੀਂ ਲਗਦਾ ਜੇ ਐਨਾ ਫਕਿਰ ਤੁਸੀਂ ਆਪਣੀ ਪਰਜਾਦਾ ਕਰ ਲੈਂਦੇ ਜਿੰਨਾਂ ਆਪਣੀ ਪਰਦੇਸਣ ਮਿੱਤਰ ਦਾ ਕਰ ਰਹੇ ਹੋ ਤਾਂ ਪਰਜਾ ਤੁਹਾਨੂੰ ਫੇਰ ਅੱਖਾਂ ਤੇ ਬਿਠਾ ਲੈਂਦੀ?

# ਮਹਾਂਮਾਰੀ ਦੀ ਦੂਜੀ ਲਹਿਰ ਦਾ .ਗਰੀਬਾਂ ਅਤੇ ਰੁਜ਼ਗਾਰ ਤੇ ਪ੍ਰਭਾਵ



ਵਿਜੈ ਗਰਗ ਸਾਬਕਾ
ਪੀਈਐਸ-1
ਸੇਵਾ ਮੁਕਤ ਪ੍ਰਿੰਸਪਲ
ਮਲੋਟ







ਕੋਵਿਡ-19 ਤੋਂ ਪਹਿਲਾਂ ਵੀ ਭਾਰਤ ਦੇ ਅਰਥਚਾਰੇ ਦੀ ਵਿਕਾਸ ਦਰ ਬਹੁਤ ਘਟ ਗਈ ਸੀ ਪਰ ਇਸ ਮਹਾਮਾਰੀ ਨੇ ਅਰਥਚਾਰੇ ਨੂੰ ਚਾਰ-ਚੁਫੇਰਿਓਂ ਸੱਟ ਮਾਰੀ ਹੈ। ਅਜੀਮ ਪ੍ਰੇਮਜੀ ਯੂਨੀਵਰਸਿਟੀ ਦੁਆਰਾ ਕਰਾਏ ਗਏ ਸਰਵੇਖਣ ਅਨੁਸਾਰ ਇਸ ਮਹਾਮਾਰੀ ਨੇ 23.6 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਧੱਕ ਦਿੱਤਾ ਹੈ। ਸਰਵੇਖਣ ਅਨੁਸਾਰ ਸਭ ਤੋਂ ਗਰੀਬ ਪਰਿਵਾਰਾਂ ਨੂੰ ਸਭ ਤੋਂ ਜਆਿਦਾ ਕਰਜੇ ਲੈਣੇ ਪਏ। ਜੇ ਇਨ੍ਹਾਂ ਕਰਜਆਿਂ ਨੂੰ ਗਰੀਬ ਪਰਿਵਾਰਾਂ ਦੀ ਆਮਦਨ ਦੇ ਹਿਸਾਬ ਨਾਲ ਦੇਖਿਆ ਜਾਏ ਤਾਂ ਉਨ੍ਹਾਂ ਲਈ ਇਹ ਕਰਜੇ ਮੋੜਨੇ ਬਹੁਤ ਮੁਸ਼ਕਲ ਹਨ। ਬਹੁਤੇ ਕਰਜੇ ਗੈਰ-ਰਸਮੀ ਖੇਤਰ ’ਚੋਂ ਲਏ ਗਏ ਜਿਸ ਵਿਚ ਵਿਆਜ ਦੀ ਦਰ ਵੀ ਜਆਿਦਾ ਹੈ। ਇਸ ਤਰ੍ਹਾਂ ਕਰੋੜਾਂ ਪਰਿਵਾਰ ਕਈ ਵਰ੍ਹਿਆਂ ਤਕ ਅਤਿਅੰਤ ਗਰੀਬੀ ਵਿਚ ਜਿਊਣ ਲਈ ਮਜਬੂਰ ਹੋਣਗੇ ਜਿਸ ਦੇ ਸਭ ਤੋਂ ਵੱਡੇ ਅਰਥ ਇਹ ਹਨ ਕਿ ਉਨ੍ਹਾਂ ਪਰਿਵਾਰਾਂ ਦੀ ਵਿੱਦਿਆ ਅਤੇ ਸਿਹਤ-ਸੰਭਾਲ ਦੇ ਖੇਤਰਾਂ ਤਕ ਪਹੁੰਚ ਲਗਭਗ ਨਾਮੁਮਕਿਨ ਹੋ ਜਾਵੇਗੀ। ਸਰਵੇਖਣ ਵਿਚ ਇਹ ਵੀ ਕਿਹਾ ਗਿਆ ਕਿ ਸਰਕਾਰਾਂ ਨਾ ਤਾਂ ਤਾਲਾਬੰਦੀ ਦੇ ਅਰਥਚਾਰੇ ’ਤੇ ਪਏ ਪ੍ਰਭਾਵਾਂ ਬਾਰੇ ਸਪੱਸ਼ਟਤਾ ਦਿਖਾ ਰਹੀਆਂ ਅਤੇ ਨਾ ਹੀ ਉਨ੍ਹਾਂ ਘੱਟ ਸਾਧਨਾਂ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਨ ਦੀਆਂ ਨਿਸ਼ਚਿਤ ਯੋਜਨਾਵਾਂ ਬਣਾਈਆਂ ਗਈਆਂ ਹਨ। ਦੂਸਰੇ ਪਾਸੇ ਦੇਸ਼ ਦੇ ਕੇਂਦਰੀ ਬੈਂਕ ਰਿਜਰਵ ਬੈਂਕ ਆਫ ਇੰਡੀਆ (ਆਰਬੀਆਈ) ਦੇ ਗਵਰਨਰ ਸ਼ਕਤੀਕਾਂਤਾ ਦਾਸ ਅਨੁਸਾਰ ਵਿੱਤੀ ਸਾਲ 2021-22 ਵਿਚ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਵਿਕਾਸ ਦੀ ਦਰ ਔਸਤਨ 10.5 ਫੀਸਦੀ ਹੋਵੇਗੀ। ਆਰਬੀਆਈ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਿਹਾਤੀ ਇਲਾਕਿਆਂ ’ਚ ਵਸਤਾਂ ਦੀ ਮੰਗ () ਮਜਬੂਤ ਰਹੇਗੀ ਅਤੇ ਸ਼ਹਿਰੀ ਖੇਤਰ ਵਿਚ ਵਧੇਗੀ। ਅਪਰੈਲ ਦੇ ਪਹਿਲੇ ਹਫਤੇ ਜਾਰੀ ਕੀਤੀ ਗਈ ਇਸ ਰਿਪੋਰਟ ਵਿਚ ਆਸ ਪ੍ਰਗਟਾਈ ਗਈ ਸੀ ਕਿ ਕੋਵਿਡ-19 ਦੇ ਕੇਸਾਂ ਦੇ ਘਟਣ ਅਤੇ ਵੈਕਸੀਨ ਦਾ ਟੀਕਾਕਰਨ ਵਧਣ ਨਾਲ ਅਰਥਚਾਰੇ ਨੂੰ ਹੁਲਾਰਾ ਮਿਲੇਗਾ। ਅਪਰੈਲ ਵਿਚ ਕੋਵਿਡ-19 ਦੇ ਕੇਸ ਬਹੁਤ ਤੇਜੀ ਨਾਲ ਵਧੇ ਅਤੇ ਦੇਸ਼ ਦਾ ਸਿਹਤ-ਸੰਭਾਲ ਦਾ ਢਾਂਚਾ ਬਿਖਰਦਾ ਨਜਰ ਆਇਆ ਹੈ। ਦੂਸਰੇ ਪਾਸੇ ਸਿਹਤ ਖੇਤਰ ਨਾਲ ਜੁੜੇ ਮਾਹਿਰਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਮਾਰਚ ਦੇ ਪਹਿਲੇ ਹਫਤੇ ਸਰਕਾਰ ਨੂੰ ਖਬਰਦਾਰ ਕੀਤਾ ਸੀ ਕਿ ਕੋਵਿਡ-19 ਦੇ ਬਦਲੇ ਹੋਏ ਰੂਪਾਂ ਕਾਰਨ ਵੱਡੀ ਗਿਣਤੀ ਵਿਚ ਲੋਕ ਇਸ ਮਹਾਮਾਰੀ ਤੋਂ ਪ੍ਰਭਾਵਿਤ ਹੋਣਗੇ ਅਤੇ ਉਸ ਲਈ ਅਗਾਊਂ ਤਿਆਰੀਆਂ ਕਰਨ ਦੀ ਜਰੂਰਤ ਹੈ। ਮੁੱਖ ਸਵਾਲ ਇਹ ਹੈ ਕਿ ਕੀ ਸਰਕਾਰ ਨੇ ਉਪਲੱਬਧ ਜਾਣਕਾਰੀ ’ਤੇ ਅਮਲ ਨਹੀਂ ਕੀਤਾ। ਇਉਂ ਪ੍ਰਤੀਤ ਹੁੰਦਾ ਹੈ ਕਿ ਉਹ ਜਾਣਕਾਰੀ ਸਹਿਯੋਗੀ ਮਹਿਕਮਿਆਂ, ਜਿਨ੍ਹਾਂ ਵਿਚ ਦੇਸ਼ ਦਾ ਕੇਂਦਰੀ ਬੈਂਕ ਆਰਬੀਆਈ ਵੀ ਸ਼ਾਮਲ ਹੈ, ਨਾਲ ਸਾਂਝੀ ਨਹੀਂ ਕੀਤੀ ਗਈ। ਹੋ ਸਕਦਾ ਹੈ ਜੇ ਆਰਬੀਆਈ ਨੂੰ ਇਹ ਜਾਣਕਾਰੀ ਹੁੰਦੀ ਤਾਂ ਉਹ ਦੇਸ਼ ਦੀ ਵਿਕਾਸ ਦਰ ਬਾਰੇ ਅਜਿਹੇ ਦਾਅਵੇ ਨਾ ਕਰਦਾ।

ਅਜੀਮ ਪ੍ਰੇਮਜੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ ਮਹਾਮਾਰੀ ਕਾਰਨ ਬੇਰੁਜਗਾਰ ਹੋਏ ਮਰਦਾਂ ਵਿਚੋਂ 7 ਫੀਸਦੀ ਅਤੇ ਔਰਤਾਂ ਵਿਚੋਂ 46.6 ਫੀਸਦੀ ਨੂੰ ਮੁੜ ਰੁਜਗਾਰ ਨਹੀਂ ਮਿਲਿਆ। ਇੱਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਮਹਾਮਾਰੀ ਤੋਂ ਪਹਿਲਾਂ ਵੀ ਦੇਸ਼ ਵਿਚ ਬੇਰੁਜਗਾਰੀ ਦੀ ਦਰ ਪਿਛਲੇ 45 ਸਾਲਾਂ ਵਿਚ ਸਭ ਤੋਂ ਵੱਧ ਸੀ। ਸਰਵੇਖਣ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਪੱਕੀ ਤਨਖਾਹ ਪਾਉਣ ਵਾਲੇ ਕਾਮਿਆਂ ਵਿਚੋਂ 53 ਫੀਸਦੀ ਅਜਿਹੇ ਕੰਮਾਂ-ਕਾਰਾਂ ਵਿਚ ਚਲੇ ਗਏ ਜਿੱਥੇ ਪੱਕੀ ਤਨਖਾਹ ਨਹੀਂ ਮਿਲਦੀ; 9.8 ਫੀਸਦੀ ਦਿਹਾੜੀਦਾਰ ਬਣ ਗਏ, 8.5 ਫੀਸਦੀ ਅਸਥਾਈ ਨੌਕਰੀਆਂ ਅਤੇ 34.1 ਫੀਸਦੀ ਆਪਣਾ ਕੰਮ (ਸ੍ਵੈ-ਰੁਜਗਾਰ) ਕਰਨ ਲੱਗ ਪਏ। ਇਸ ਤਰ੍ਹਾਂ ਆਰਬੀਆਈ ਦੇ ਦਾਅਵਿਆਂ ਅਤੇ ਤੱਥਾਂ ਵਿਚ ਕੋਈ ਮੇਲ ਦਿਖਾਈ ਨਹੀਂ ਦਿੰਦਾ। ਦੇਸ਼ ਦੀਆਂ ਮੁੱਖ ਸਨਅਤਾਂ ਜਿਵੇਂ ਸੈਰ-ਸਪਾਟਾ, ਇਮਾਰਤਸਾਜੀ, ਟਰਾਂਸਪੋਰਟ, ਕੱਪੜਾ, ਸਟੀਲ ਆਦਿ ਸਭ ਵਿਚ ਗਿਰਾਵਟ ਦਿਖਾਈ ਦਿੰਦੀ ਹੈ। ਲੋਕਾਂ ਦੀਆਂ ਉਜਰਤਾਂ ਘਟਣ ਨਾਲ ਮੰਡੀ ਵਿਚ ਵਸਤਾਂ ਦੀ ਮੰਗ ਵਧਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ। ਸਭ ਤੋਂ ਜ਼ਿਆਦਾ ਮੁਨਾਫਾ ਇੰਟਰਨੈੱਟ, ਮੋਬਾਈਲ ਅਤੇ ਦਵਾਈਆਂ ਦੀਆਂ ਕੰਪਨੀਆਂ ਨੂੰ ਹੋ ਰਿਹਾ ਹੈ। ਅਜਿਹੇ ਹਾਲਾਤ ਵਿਚ ਸਰਕਾਰ ਨੂੰ ਤੱਥਾਂ ’ਤੇ ਆਧਾਰਿਤ ਰਿਪੋਰਟਾਂ ਅਨੁਸਾਰ ਕਦਮ ਚੁੱਕਣੇ ਚਾਹੀਦੇ ਹਨ। ਪ੍ਰੇਮਜੀ ਯੂਨੀਵਰਸਿਟੀ ਦੇ ਸਰਵੇਖਣ ਵਿਚ ਸਿਫਾਰਸ਼ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਨੂੰ ਮਨਰੇਗਾ ਅਤੇ ਬੁਢਾਪਾ ਪੈਨਸ਼ਨਾਂ ਦਾ ਬਜਟ ਵਧਾਉਣਾ ਅਤੇ ਘੱਟ ਸਾਧਨਾਂ ਵਾਲੇ ਪਰਿਵਾਰਾਂ ਨੂੰ ਸਿੱਧੀ ਵਿੱਤੀ ਸਹਾਇਤਾ ਦੇਣੀ ਚਾਹੀਦੀ ਹੈ। ਸਰਕਾਰ ਨੂੰ ਇਨ੍ਹਾਂ ਸਿਫਾਰਸ਼ਾਂ ’ਤੇ ਗੌਰ ਕਰਨ ਦੀ ਜਰੂਰਤ ਹੈ।




# ਪੰਜਾਬਣ ਔਰਤ ਦੇ ਗਹਿਣੇ




ਸਿਰ ਦੇ : ਸ਼ਿੰਗਾਰ-ਪੱਟੀ, ਸੱਗੀ-ਫੁੱਲ, ਚੌਂਕ-ਚੰਦ, ਟਿੱਕਾ, ਬਘਿਆੜੀ , ਝੁੰਮਰਸੂਈ, ਝੂਮਰ, ਬੋਰਲਾ, ਛੰਗਲੀ , ਫੁੱਲ ਠੂਠੀ, ਚਿੜਾ
ਕੰਨਾ ਦੇ : ਕਾਂਟੇ, ਵਾਲੀਆਂ , ਤੁੰਗਲ, ਝੁਮਕੇ, ਬੁਜਲੀਆਂ, ਕੋਕਰੂ, ਬੂੰਦੇ, ਲੋਟਣ, ਡੰਡਲੀਆਂ ,ਬਹਾਦਰਨੀਆਂ, ਮਾਮੇ-ਮੁਰਕੀਆਂ, ਪਿੱਪਲ-ਪੱਤੀਆਂ, ਸੋਨ-ਚਿੜੀਆਂ
ਨੱਕ ਦੇ: ਕੋਕਾ, ਨੱਥ, ਲੌਂਗ, ਤੀਲੀ, ਮਛਲੀ, ਨੁਕਰਾ, ਰੇਖ
ਗਲ ਦੇ : ਜੰਜੀਰੀ, ਤਵੀਤ, ਗਾਨੀ, ਹਾਰ , ਰਾਣੀ ਹਾਰ, ਗੁਲੂਬੰਦ, ਹੌਲ-ਦਿਲੀ, ਛਿੰਗ-ਤਵੀਤ, ਨੌ-ਰਤਨਾ, ਚੰਦਰਸੈਨੀ ਹਾਰ ,ਢੋਲਣੇ ਤਵੀਤ, ਚੌਂਕੀ, ਚਟਾਲਾ, ਤੰਦੀਰੇ, ਕੰਢੀ, ਮਾਲਾ, ਰੇਸ਼ਮ ਡੋਰੀ, ਟਿੱਕੇ, ਮਣਕੇ, ਹਮੇਲ, ਚੁੱਪਪਾਕਲੀ, ਟਿਉਂਟਾ, ਛਿੰਗ-ਤਵੀਤ
ਗੁੱਟ ਦੇ : ਬਾਂਕਾ, ਚੂੜੀਆਂ, ਚੂੜਾ, ਗਜਰੇ, ਬੰਦ, ਕੰਗਣ, ਗੋਖੜੂ, ਸਿੰਘਾੜੇ, ਲੱਛੇ, ਘੜੀ-ਚੂੜੀ
ਹੱਥ ਦੇ : ਹੱਥ-ਫੁੱਲ, ਪੰਜ-ਅੰਗਲਾ, ਰਤਨਚੌਂਕ
ਉਂਗਲਾਂ ਦੇ : ਮੁੰਦਰੀ, ਛਾਂਪ, ਛੱਲੇ, ਕਲੀਚੜੀਆਂ
ਪੈਰਾਂ ਦੇ : ਝਾਂਜਰਾਂ, ਸ਼ਕੁੰਤਲਾ-ਚੈਨ, ਪੰਜੇਬਾ, ਪਟੜੀਆਂ, ਜ਼ੰਜੀਰੀਆਂ ਵਾਲੇ ਲੱਛੇ, ਗੁਸਲਪੱਟੀ, ਕੁੰਡਲੀਦਾਰ ਤੋੜੇ, ਖੋਖਲੀਆਂ
ਪੈਰਾਂ ਦੀਆਂ ਉਂਗਲਾ : ਬਿਛੂਏ, ਛੱਲੇ, ਗੂਠੜੇ

ਇਹਨਾਂ ਗਹਿਣਿਆਂ ਦਾ ਜ਼ਿਕਰ ਪੁਰਾਣੇ ਪੰਜਾਬੀ ਗੀਤਾਂ ਵਿੱਚ ਅਕਸਰ ਹੀ ਮਿਲਦਾ ਹੈ , ਜਦੋਂ ਅਸੀਂ ਉਹ ਗੀਤ ਸੁਣਦੇ ਹਾਂ ਤਾਂ ਇਹ ਅਲੋਪ ਹੁੰਦੇ ਜਾ ਰਹੇ ਗਹਿਣੇ ਦ੍ਰਿਸ਼ਮਾਨ ਹੋ ਜਾਂਦੇ ਹਨ, ਜਿਵੇਂ :

ਕੰਢੀ ਪਾਕੇ ਤੋਰ ਬਾਬਲਾ ,
ਪੁੱਤਾਂ ਵਾਂਗੂ ਮੈਂ ਕਮਾਇਆ ਘਰ ਤੇਰੇ

ਆਹ ਲੈ ਨੱਤੀਆਂ ਕਰਾ ਲੈ ਪਿੱਪਲ-ਪੱਤੀਆਂ
ਕਿਸੇ ਦੇ ਕੋਲੇ ਗੱਲ ਨਾ ਕਰੀਂ

ਆਹ ਲੈ ਫੜ ਮੁੰਦਰਾਂ ਨੂੰ ਡੰਡੀਆਂ
ਘੜਾ ਲਵੀਂ

ਆਹ ਚੁੱਕ ਆਪਣੀ ਨੱਥ ਮੱਛਲੀ ,
ਬਾਹਾਂ ਦਾ ਚੂੜਾ ਫੜ ਮਿੱਤਰਾ

ਦਿੱਲ ਵੱਟੇ ਦੇਵੇ ਭੈੜਾ ਛੱਲੇ ਮੁੰਦੀਆਂ

ਤੇਰੇ ਕੰਨਾਂ ਨੂੰ ਸੋਹਣੇ ਬੂੰਦੇ
ਨੀ ਹੱਥੀਂ ਲਾਈ ਆ ਮਹਿੰਦੀ

ਸੁਣ ਨੀ ਕੁੜੀਏ ਮਛਲੀ ਵਾਲੀਏ
ਮਛਲੀ ਨਾ ਚਮਕਾਈਏ
ਭਰੀ ਕਚਿਹਰੀ ਬਾਬਲ ਬਹਿੰਦਾ
ਨੀਵੀਂ ਪਾ ਲੰਘ ਜਾਈਏ
ਧਰਮੀ ਬਾਬਲ ਦੀ, ਪੱਗ ਨੂੰ ਦਾਗ ਨਾ ਲਾਈਏ

ਨੱਥ ਮਛਲੀ ਲੌਂਗ ਤੇ ਕੋਕਾ
ਇਹ ਨੇ ਸਾਰੇ ਛੋਟੇ ਮਹਿਕਮੇ
ਤੇਰਾ ਲੌਂਗ ਕਰੇ ਸਰਦਾਰੀ
ਥਾਣੇਦਾਰੀ ਨੁਕਰਾ ਕਰੇ
ਤੀਲੀ ਲੌਂਗ ਦਾ ਮੁਕੱਦਮਾ ਭਾਰੀ
ਵੇ ਥਾਣੇਦਾਰਾ ਸੋਚ ਕੇ ਕਰੀਂ

ਲੌਂਗ ਕਰਾ ਮਿੱਤਰਾ
ਮਛਲੀ ਪਾਉਣਗੇ ਮਾਪੇ

ਸੱਗੀ ਫੁੱਲ ਨੀ ਸ਼ਿਸ਼ਨ ਜੱਜ ਤੇਰੇ
ਕੈਂਠਾ ਤੇਰਾ ਮੁਹਤਮ ਹੈ

ਵਾਲੇ ਡੰਡੀਆਂ ਕਮਿਸ਼ਨਰ ਡਿਪਟੀ
ਨੱਤੀਆਂ ਇਹ ਨੈਬ ਬਣੀਆਂ

ਜ਼ੈਲਦਾਰ ਨੀ ਮੁਰਕੀਆਂ ਤੇਰੀਆਂ
ਸਪੈਦ-ਪੋਸ਼ ਬਣੇ ਗੋਖੜੂ

ਚੌਕੀਦਾਰਨੀ ਬਣੀ ਬਘਿਆੜੀ
ਤੀਲੀ ਬਣੀ ਟਹਿਲਦਾਰਨੀ

ਕੰਢੀ , ਹੱਸ ਦਾ ਪੈ ਗਿਆ ਝਗੜਾ
ਤਵੀਤ ਉਗਾਹੀ ਜਾਣਗੇ

ਬੁੰਦੇ ਬਣ ਗਏ ਵਕੀਲ ਵਲੈਤੀ
ਚੌਂਕ-ਚੰਦ ਨਿਆਂ ਕਰਦੇ

ਦਫਾ ਤਿੰਨ ਸੌ ਆਖਦੇ ਤੇਤੀ
ਕੰਠੀ ਨੂੰ ਸਜ਼ਾ ਬੋਲ ਗਈ

ਹਾਰ ਦੇ ਗਿਆ ਜ਼ਮਾਨਤ ਪੂਰੀ
ਕੰਠੀ ਨੂੰ ਛੁਡਾ ਕੇ ਲੈ ਗਿਆ

ਨਾਮ ਬਣ ਕੇ ਬੜਾ ਪਟਵਾਰੀ
ਹਿੱਕ ਵਾਲੀ ਮਿਣਤੀ ਕਰੇ

ਤੇਰਾ ਚੂੜਾ ਰਸਾਲਾ ਪੂਰਾ
ਬਾਜੂ-ਬੰਦ ਬਿਗੜ ਗਿਆ

ਪਰੀ-ਬੰਦ ਅੰਗਰੇਜ਼ੀ ਗੋਰੇ
ਫੌਜ ਦੇ ਵਿਚਾਲੇ ਸੱਜਦੇ

ਤੇਰੀ ਜੁਗਨੀ ਘੜੀ ਦਾ ਪੁਰਜਾ
ਜੰਜੀਰੀ ਤਾਰ ਬੰਗਲੇ ਦੀ

ਇਹ ਝਾਂਜਰਾਂ ਤਾਰ ਅੰਗਰੇਜੀ
ਮਿੰਟਾ ਚ ਦੇਣ ਖਬਰਾਂ

ਤੇਰੇ ਤੋੜੇ ਪਏ ਦੇਣ ਮਰੋੜੇ
ਬਈ ਆਸ਼ਕ ਲੋਕਾਂ ਨੂੰ

ਬਾਂਕਾ ਤੇਰੀਆਂ ਮਾਰਦੀਆਂ ਹਾਕਾਂ
ਖਰਚਾਂ ਨੂੰ ਬੰਦ ਕਰਦੇ

*********************************

ਪੰਜਾਬੀ ਦੀਆਂ ਬੋਲੀਆਂ

ਸਿਆਣਿਆਂ ਤੋਂ ਸੁਣਦੇ ਆਏ ਆਂ ਕਿ ਪੰਜ ਕੋਹਾਂ ਬਾਅਦ ਬੋਲੀ ਬਦਲ ਜਾਂਦੀ ਐ , ਭਾਵੇ ਇਹ ਬੋਲੀ ਤਾਂ ਪੰਜਾਬੀ ਹੀ ਹੈ ਪਰ ਲਹਿਜਾ ਜ਼ਰੂਰ ਬਦਲ ਜਾਂਦੈ ਆਓ ਪੰਜਾਬ ਦੇ ਧਰਾਤਲ ਮੁਤਾਬਕ ਇੱਥੇ ਬੋਲੀਆਂ ਜਾਣ ਵਾਲੀਆਂ ਵੱਖ ਵੱਖ ਬੋਲੀਆਂ ਤੇ ਝਾਤ ਮਾਰੀਏ

ਮੈਦਾਨੀ ਇਲਾਕੇ ਵਿੱਚ ਬੋਲੀਆਂ ਜਾਣ ਵਾਲੀਆਂ ਬੋਲੀਆਂ
ਮਾਝੀ : ਅਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਸ਼ੇਖੂਪੁਰਾ, ਕਸੂਰ, ਉਕਾੜਾ, ਨਨਕਾਣਾ ਸਾਹਿਬ, ਫੈਸਲਾਬਾਦ, ਗੁੱਜਰਾਂਵਾਲਾ, ਨਾਰੋਵਾਲ, ਗੁਜਰਾਤ, ਜਿਹਲਮ, ਪਾਕਪਟਨ, ਸਾਹੀਵਾਲ, ਮੰਡੀ ਬਹਾਉਦੀਨ, ਚਿਨਿਓਟ,
ਝੰਗਵੀ : ਬਿਲਾਵਲਪੁਰ, ਕਬੀਰਵਾਲ, ਖਾਨੇਵਾਲ
ਸ਼ਾਹਪੁਰੀ : ਸ਼ਾਹਪੁਰ, ਸਰਗੋਧਾ, ਖੁਸ਼ਾਬ, ਮੀਆਂਵਾਲੀ ,ਚਿਨਓਟ
ਜਾਂਗਲੀ : ਲਾਇਲਪੁਰ ਤੋਂ ਸਾਹੀਵਾਲ ਤੱਕ
ਮਲਵਈ : ਫਿਰੋਜ਼ਪੁਰ, ਲੁਧਿਆਣਾ, ਪਟਿਆਲਾ, ਫਰੀਦਕੋਟ, ਮੋਗਾ , ਬਠਿੰਡਾ, ਮਾਨਸਾ ,ਸੰਗਰੂਰ
ਦੁਆਬੀ : ਹੁਸ਼ਿਆਰਪੁਰ, ਨਵਾਂ ਸ਼ਹਿਰ ,ਜਲੰਧਰ ,ਕਪੂਰਥਲਾ
ਪੁਆਧੀ : ਅੰਬਾਲਾ ,ਕੁਰਕੁਸ਼ੇਤਰ ,ਕੈਥਲ, ਚੰਡੀਗੜ੍ਹ , ਫਤਿਹਗੜ੍ਹ ਸਾਹਿਬ , ਆਨੰਦਪੁਰ ਸਾਹਿਬ , ਰੋਪੜ , ਮੁਹਾਲੀ
ਪੋਠੋਹਾਰੀ : ਰਾਵਲਪਿੰਡੀ, ਐਬਟਾਬਾਦ , ਮਰੀ , ਗੁੱਜਰਖਾਨ ,ਰਵਾਲਕੋਟ
ਹਿੰਦਕੋ : ਮਾਨਸਹੇਰਾ,ਹਰੀਪੁਰ ,ਬਟਗਰਾਮ ,ਪਿਸ਼ਾਵਰ , ਅਟਕ ,
ਧਾਨੀ : ਚਕਵਾਲ , ਜੇਹਲਮ ,ਅਟਕ
ਸਰਾਇਕੀ : ਮੁਲਤਾਨ ,ਮੁਜਫਰਗੜ੍ਹ , ਲਿਆਹ ,ਡੇਰਾ ਗਾਜੀ ਖਾਂ , ਰਹੀਮਯਾਰ ਖਾਨ ,ਲੋਧੜਾਂ
ਡੇਰੇਵਾਲੀ : ਡੇਰਾ ਗਾਜੀ ਖਾਂ ,ਰਾਜਨਪੁਰ
ਬਲੋਚੀ : ਲਈਆ,ਟੌਂਕ , ਲੱਕੀ ਮਰਵਤ
ਜਫਰੀ : ਮੂਸਾਖੇਲ ਬਰਖਾਨ

ਪਹਾੜੀ ਇਲਾਕੇ ਵਿੱਚ ਬੋਲੀਆਂ ਜਾਣ ਵਾਲੀਆਂ ਬੋਲੀਆਂ
ਕਾਂਗੜੀ : ਕਾਂਗੜਾ , ਹਮੀਰਪੁਰ ,ਚੰਬਾ ,ਊਨਾ
ਡੋਗਰੀ : ਜੰਮੂ , ਕਠੂਆ ,ਉਧਮਪੁਰ ,ਡੋਡਾ , ਪੁਣਛ ,ਕਿਸ਼ਤਵਾੜ , ਰਿਆਸੀ ,ਸਾਂਬਾ ,ਰਾਮਬਣ , ਰਜੌਰੀ




ਦੋ ਬੰਦੇ ਕਿਸੇ ਸਾਹਿਤ ਸਭਾ ਤੋਂ ਮੁੜਦੇ ਆਪਸ ਵਿੱਚ ਗੱਲਾਂ ਕਰਦੇ ਅੱਜ ਦੀ ਸਭਾ ਵਿੱਚ ਸੁਣੀਆਂ ਗੱਲਾਂ ਦੀ ਪੁਣ ਛਾਣ ਕਰ ਰਹੇ ਸਨ ।ਇੱਕ ਆਖ ਰਿਹਾ ਸੀ ,'ਯਾਰ ਆਹ ਜਿਹੜੇ ਲੇਖਕ ਹੁੰਦੇ ਐ ਨਿਰੇ ਗੱਪੀ ਹੁੰਦੇ ਨੇ। ਐਵੀਂ ਬੱਦਲਾਂ ਪੱਲੇ ਸੁਪਨੇ ਬੰਨ੍ਹਦੇ ਹਵਾ ਨੂੰ ਵੀ ਗੰਢਾਂ ਮਾਰੀਜਾਂਦੇ ਨੇ।' ਦੂਜਾ ਜਣਾ ਹਾਲੇ ਆਪ ਲੇਖਕਾਂ ਵਿੱਚ ਖੜ੍ਹਨ ਦੇ ਸੁਪਨੇ ਬਣਾ ਰਿਹਾ ਲੇਖਕਾਂ ਦਾ ਪੱਖ ਪੂਰਦਾ ਕਹਿ ਰਿਹਾ ਸੀ, 'ਓ ਭਾਈ ਗੰਢਬੱਝਦੀ ਤਾਂ ਅੱਖਰਾਂ ਦੇ ਹੱਥੋਂ ਈ ਐ। ਐਵੀਂ ਤਾਂ ਨੀ ਰਾਈ ਦਾ ਪਹਾੜ ਬਣਦਾ।' ਇਸ ਤੋਂ ਮਗਰੋਂ ਕੋਈ ਪਹਿਲਾਂ ਹੋਈ-ਬੀਤੀ ਦੱਸੀ ਗਈ। ਉਹਇਉਂ--ਇੱਕ ਵਾਰੀ ਕਿਸੇ ਸਮੁੰਦਰ ਕਿਨਾਰੇ ਇੱਕ ਕਵੀ ਤੇ ਇੱਕ ਆਲੋਚਕ ਬੈਠੇ ਗੱਲਾਂ ਕਰਨ। ਕਵੀ ਆਖੇ ਆਹ ਛਿਪਦਾ ਸੂਰਜ ਇਉਂਲਗਦੈ ਜਿਵੇਂ ਦੂਰ ਇੱਕ ਰੰਗਾਂ ਦੀ ਭਰੀ ਮਟਕੀ ਮੂਧੀ ਮਾਰੀ ਹੋਵੇ ਤੇ ਸੰਧੂਰੀ ਰੰਗ ਡੁਲ੍ਹ ਕੇ ਕਿਆ ਨਜ਼ਾਰਾ ਬਣਾ ਰਿਹੈ। ਦੂਜਾ ਆਲੋਚਕ ਮੂੰਹਵਿੰਗਾ ਜਿਹਾ ਕਰ ਕੇ ਆਖੇ,'ਊਂ ਹੂੰ, ਮੈਨੂੰ ਤਾਂ ਇੱਕ ਪਾਸੇ ਰੰਗ ਘੱਟ ਗੂੜ੍ਹਾ ਲੱਗੀ ਜਾਂਦੈ।'ਜੀਹਨੂੰ ਰਬ ਦੈ ਰੰਗ ਵੀ ਘੱਟ-ਵੱਧ ਲਗਦੇ ਨੇ ਉਹ ਤਾਂ ਜ਼ਿੰਦਗੀ ਮਾਣ ਈ ਨਹੀਂ ਸਕਦਾ,ਬੱਸ ਮੀਨ-ਮੇਖ ਵਿੱਚ ਹੀ ਪਿਆ ਰਹਿੰਦੈ।ਇੱਕ ਗੱਲ ਤਾਂ ਪੱਕੀ ਐ ਬਈ ਜਿੱਥੇ ਅੱਗ ਦੀ ਚਿਣਗ ਸੁਲਘਦੀ ਹੋਊ ਧੂੰਆਂ ਉੱਥੇ ਹੀ ਦਿਸ ਸਕਦੈ। ਸੋ ਆਲੇ ਦੁਆਲੇ ਜੋ ਵੀ ਘਟਨਾਵਾਪਰਦੀ ਹੈ ਆਪਾਂ ਸਭ'ਹੋਊ ਪਰ੍ਹੇ' ਕਰ ਕੇ ਲੰਘ ਜਾਂਦੇ ਹਾਂ,ਪਰ ਲੇਖਕ ਉਸੇ ਤੋਂ ਕੋਈ ਰਚਨਾ ਘੜ ਸਕਦੈ। ਇਹ ਵੀ ਗੱਲ ਪੱਕੀ ਐ ਜੇ ਜੇਬਵਿੱਚ ਰੁਮਾਲ ਹੋਵੇ ਲੇਖਕ ਉਸੇ ਨੂੰ ਹੋਰਾਂ ਕੋਲ ਆਪਣੇ ਸ਼ਬਦਾਂ ਨਾਲ ਪੂਰਾ ਸ਼ਾਮਿਆਨਾ ਤਾਂ ਦਿਖਾ ਈ ਸਕਦੈ।

ਆਪਾਂ ਤੋਂ ਤਾਂ ਭਾਈ ਘਰਦਿਆਂ ਨੂੰ ਸੁੱਖ-ਸਾਂਦ ਦੀ ਚਿੱਠੀ ਲਿਖਣੀ ਵੀ ਦੁੱਭਰ ਹੋ ਜਾਂਦੀ ਐ। ਕਈ ਵਾਰੀ ਲਫ਼ਜ਼ਾਂ ਨੂੰ ਰਿਸ਼ਤੇ ਨੀ ਅਹੁੜਦੇ ਤੇ ਕਈ ਵਾਰੀ ਰਿਸ਼ਤਿਆਂ ਨੂੰਸ਼ਬਦ ਨੀ ਜੁੜਦੇ। ਪਰ ਆਹ ਲੇਖਕ ਹੋਰਨਾਂ ਦੇ ਮਨਾਂ ਵਿੱਚੋਂ ਵੀ ਰਿਸ਼ਤਿਆਂ, ਸਾਂਝਾਂ ਜਾਂ ਮੋਹ-ਤੇਹ ਦੀਆਂਰਮਜ਼ਾਂ ਦੇਖਦੇ ਖੁਰਦੇ ਮੋਹ ਦੀਆਂਤੰਦਾਂ ਵੀ ਜਾ ਫੜਦੇ ਨੇ।ਇਉਂ ਹੀ ਗੱਲਾਂ-ਗੱਲਾਂ ਵਿੱਚ ਮੈਂ ਕਿਸੇ ਸੈਮੀਨਾਰ ਵਿੱਚ ਇੱਕ ਵੱਡੇ ਸਾਹਿਤਕਾਰ ਦੇ ਲੇਖਕ ਬਣ ਜਾਣ ਦੀ ਦਾਸਤਾਂ ਸੁਣੀ ਸੀ। ਉਸ ਨੂੰਜਦ ਇਹ ਸੁਆਲ ਪਾਇਆ ਬਈ ਤੁਸੀਂ ਕਹਾਣੀਕਾਰ ਕਿਵੇਂ ਬਣੇ ਤਾਂ ਉਹ ਕਹਿੰਦਾ ਮੇਰੀ ਮਾਂ ਦੇ ਝੂਠ ਬੋਲਣ ਨਾਲ। ਸਵਾਲ ਪਾਉਣ ਵਾਲਾਹੈਰਾਨ ਹੋਇਆ ਉਸ ਲੇਖਕ ਦੇ ਮੂੰਹ ਵੱਲ ਵੇਖ ਰਿਹਾ ਸੀ। ਜੇ ਭੁੱਲ-ਭੁਲੇਖੇ ਤੁਹਾਡੀ ਮਾਂ ਕੋਲੋਂ ਕੋਈ ਝੂਠ ਬੋਲਿਆ ਗਿਆ ਤੁਸੀਂ ਅੱਜ ਉਸ ਨੂੰਖੱਜਲ ਕਰ ਰਹੇ ਹੋ। ਲੇਖਕ ਨੇ ਆਪਣੀ ਗੱਲ ਕਰਨ ਦੇ ਅੰਦਾਜ਼ ਨਾਲ ਕਿਹਾ,'ਨਹੀਂ ਭੁੱਲ-ਭੁਲੇਖੇ ਨਹੀਂ ਜਾਣ-ਬੁੱਝਕੇ ਬੋਲਿਆ ਹੋਇਆ ਝੂਠਹੀ ਮੇਰੀ ਇਸ ਕਲਪਨਾ ਦਾ ਆਧਾਰ ਬਣਿਆ ਸੀ। ਉਹ ਦੱਸ ਰਿਹਾ ਸੀ -- ਇੱਕ ਵਾਰੀ ਮੇਰੀ ਮਾਂ ਘਰ ਦੇ ਕੰਮ ਵਿੱਚ ਪੂਰੀ ਰੁੱਝੀ ਹੋਈ ਸੀਜਦ ਮੇਰਾ ਫੁਫੜ ਝੋਲਾ ਫੜੀ ਸਾਡੇ ਘਰ ਆ ਗਿਆ। ਘਰ ਪ੍ਰਾਹੁਣਾ ਆਇਆ ਦੇਖ ਕੇ ਸਭ ਨੂੰ ਚਾਅ ਚੜ੍ਹ ਗਿਆ ਬਈ ਅੱਜ ਤਾਂ ਵਧੀਆਖਾਣਾ ਮਿਲੂਗਾ। ਮਾਂ ਉਸ ਦੇ ਸਵਾਗਤ ਵਿੱਚ ਹਥਲਾ ਕੰਮ ਛੱਡ ਕੇ ਤਪਾਕ ਨਾਲ ਜਾ ਮਿਲੀ,'ਮਾਂ ਸਦਕੇ--ਲੈ ਕੱਲ੍ਹ ਦਾ ਬਨੇਰੇ ਤੇ ਕਾਂਕੁਰਲਾਈ ਜਾਂਦੈ। ਅਸੀਂ ਰਾਤ ਈ ਤੇਰੀਆਂ ਗੱਲਾਂ ਕਰੀ ਜਾਂਦੇ ਸੀ ਬਈ ਖਾਸਾ ਚਿਰ ਹੋ ਗਿਆ ਸਵਰਨੇ ਨੇ ਗੇੜਾ ਨੀ ਮਾਰਿਆ।' ਦੋ ਦਿਨਬਾਅਦ ਫੁਫੜ ਆਪਣੇ ਪਿੰਡ ਵਾਪਸ ਚਲਾ ਗਿਆ। ਮੈਂ ਮਾਂ ਨੂੰ ਜਾ ਪੁਛਿਆ ,'ਭਲਾ ਮਾਂ ਤੂੰ ਝੂਠ ਕਿਉਂ ਬੋਲਿਆ ਸੀ, ਆਪਾਂ ਕਦ ਫੁਫੜ ਦੀਆਂਗੱਲਾਂ ਕੀਤੀਆਂ ਸੀ।' ਉਦੋਂ ਮੇਰੀ ਮਾਂ ਨੇ ਮੈਨੂੰ ਹਿੱਕ ਨਾਲ ਲਾ ਕੇ ਕਿਹਾ ਸੀ, 'ਭਲਾ ਸ਼ੁਦਾਈਆ ਜੇ ਮੇਰੇ ਐਨੇ ਕੁ ਝੂਠ ਨਾਲ਼ ਉਹ ਖ਼ੁਸ਼ ਹੋਗਿਆ ਤਾਂ ਕਿਸੇ ਦਾ ਕੀ ਗਿਆ,ਅਗਲਾ ਆਖੂ ਮੈਨੂੰ ਮਗਰੋਂ ਵੀ ਯਾਦ ਕਰਦੇ ਨੇ।' ਬੱਸ ਉਸ ਦਿਨ ਮੈਂ ਮਾਂ ਦੀ ਗੱਲ ਪੱਲੇ ਬੰਨ੍ਹ ਲਈ ਕਿ ਜੇ ਮੇਰੇਕਿਆਸ ਕੀਤੇ ਸ਼ਬਦਾਂ ਨਾਲ ਤਲਖੀਆਂ ਦੇ ਝੰਬੇ ਲੋਕਾਂ ਦਾ ਸਿਰ ਪਲੋਸ ਸਕਦਾ ਹਾਂ, ਪਲ ਦੋ ਪਲ ਲਈ ਉਹ ਕਿਸੇ ਹੋਰ ਦੁਨੀਆਂ ਵਿੱਚ ਜਾਕੇ ਦਮ ਲੈ ਸਕਦੇ ਹਨ, ਤਾਂ ਮੇਰੇ ਇਸ ਝੂਠ ਨੂੰ ਸ਼ਿੰਗਾਰਿਆ ਵੀ ਜਾ ਸਕਦਾ ਹੈ। ਇਉਂ ਰੁਮਾਲ ਤੋਂ ਬਣੇ ਉਸ ਸ਼ਾਮਿਆਨੇ ਹੇਠ ਲੋਕ ਆ ਜੁੜਦੇਹਨ ਜਿੱਥੇ ਵਧੀਆ ਕਹਾਣੀ ਉਸਾਰੀ ਜਾ ਸਕਦੀ ਹੈ। ਲੇਖਕ ਦਾ ਕੱਚ ਅਤੇ ਸੱਚ ਮਿੱਟੀ ਦੀਆਂ ਖਾਨਾਂ ਵਿੱਚ ਪਏ ਸੋਨੇ ਦੀ ਕਣੀ ਵਰਗਾ ਹੀਹੁੰਦਾ ਹੈ ਜਿਸ ਨੂੰ ਲੇਖਕ ਆਪਣੀ ਕਲਪਨਾ ਨਾਲ ਸ਼ਿੰਗਾਰ ਕੇ ਹੋਰਨਾਂ ਦੇ ਕਾਲਜੇ ਨੂੰ ਕੁੱਝ ਚਿਰ ਲਈ ਠਾਰਨ ਦਾ ਸਬੱਬ ਬਣਦਾ ਹੈ। ਸੋਇਸ ਭਾਅ ਝੂਠ ਉਸਾਰਿਆ ਕੋਈ ਮਾੜਾ ਨਹੀਂ, ਜੇ ਪਾਠਕ ਹੁੰਗਾਰਾ ਭਰਦੇ ਰਹਿਣ।

# ਯੂ ਪੀ ਆਲੇ ਯੋਗੀ ਦੇ ਟਵੀਟ ਦੇ ਜਵਾਬ ਵਿੱਚ ਕੈਪਟਨ ਸਾਹਿਬ ਨੇ ਵੀ ਕਰੜਾ ਜਿਹਾ ਟਵੀਟ ਮਾਰਿਆ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਯੋਗੀ ਅਦਿੱਤਿਆਨਾਥ ਵੱਲੋਂ ਪੰਜਾਬ ਵਿੱਚ ਮਲੇਰਕੋਟਲਾ ਨੂੰ 23ਵਾਂ ਜ਼ਿਲਾ ਐਲਾਨਣ ਉਤੇ ਕੀਤੇ ਭੜਕਾਊ ਟਵੀਟ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਭਾਜਪਾ ਦੀ ਵੰਡ-ਪਾਊ ਨੀਤੀ ਦੇ ਹਿੱਸੇ ਵਜੋਂ ਸ਼ਾਂਤਮਈ ਸੂਬੇ ਵਿੱਚ ਫਿਰਕੂ ਬਿਖੇੜਾ ਖੜ੍ਹਾ ਕਰਨ ਦੀ ਸ਼ਰਮਨਾਕ ਕੋਸ਼ਿਸ਼ ਕਰਾਰ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਯੋਗੀ ਅਦਿਤਿਆਨਾਥ ਨੂੰ ਪੰਜਾਬ ਦੇ ਮਾਮਲਿਆਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਉਤਰ ਪ੍ਰਦੇਸ਼ ਦੀ ਭਾਜਪਾ ਦੀ ਵੰਡ-ਪਾਊ ਤੇ ਵਿਨਾਸ਼ਕਾਰੀ ਸਰਕਾਰ ਨਾਲੋਂ ਕਿਤੇ ਵਧੀਆ ਮਾਹੌਲ ਹੈ ਜਦੋਂ ਕਿ ਉਤਰ ਪ੍ਰਦੇਸ਼ ਵਿੱਚ ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਭਾਜਪਾ ਸਰਕਾਰ ਨੇ ਫਿਰਕੂ ਵਿਵਾਦਾਂ ਨੂੰ ਸਰਗਰਮੀ ਨਾਲ ਅੱਗੇ ਵਧਾਇਆ ਹੈ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੇਰਾ ਬਾਪੂ



ਓਏ ਗੁਸਲਖਾਨੇ ਚ ਤੇ ਇੱਟ ਤੇ ਬਹਿ ਕੇ ਬੁੜੀਆਂ ਪਿੰਡੇ ਪਾਣੀ ਪਾਉਂਦੀਆਂ, ਬੰਦੇ ਪਟੜੇ ਤੇ ਖੜ ਕੇ ਵਿਹੜੇ ਚ ਨਹਾਉਂਦੇ ਹੁੰਦੇ ਆ, ਤੇੜ ਸਾਫਾ ਬੰਨ ਕੇ " ਪੁੱਤ ਮੇਰਿਆ ਤੇ ਨਿੱਕਰ ਸਦਾ ਬੰਦਿਆਂ ਵੱਲ ਪਿੱਠ ਕਰਕੇ ਬਦਲੀਏ ,ਉਹ ਵੀ ਤੇੜ ਸਾਫੇਬੰਨੇ ਵੇ ਦੇ ਥੱਲੋਂ ਦੀ" ਬਾਪੂ ਨੇ ਨਿੱਕੀ ਉਮਰੇ ਹੀ ਚੰਡ ਤਾ ਸੀ ਤੇ ਸਿਖਾ ਤਾ ਸੀ ਰਹਿਤ ਵਹਿਤ ਕਿਵੇਂ ਰੱਖੀ ਦੀ ਆ ਘਰ-ਬਾਹਰ ਪੱਠੇ ਵੱਢਣ ਤੋਂ ਲੱਦਣ ,ਫਿਰ ਟੋਕੇ ਆਲੀ ਮਸੀਨ ਚ ਰੁੱਗ ਲਾਉਣ ,ਟੋਕੇ ਰੇਤੀ ਕਰਨ ,ਤੂੜੀ ਛਾਨਣੀ ,ਵੰਡ ਰਲਾਉਣਾ,ਟੋਕਰਾ ਕਿੰਨਾ ਕੁ ਭਰਨਾਂ ਤੇ ਕਿਵੇਂ ਕੱਲਿਆਂ ਚਕਣਾ ਪੱਬਾਂ ਦੇ ਜੋਰ ਨਾਲ ,ਗੋਹਾ ਸਦਾ ਫੌੜੇ ਨਾਲ ਪਸ਼ੂਆਂ ਤੋਂ ਪਿੱਛੇ ਖਿੱਚ ਕੇਰੱਖਣਾ ,ਮੱਝਾਂ ਦੇ ਸਿੰਗ ਤੇ ਖੁਰ ਕਿਵੇਂ ਚੋਪੜਨੇ ,ਇਹ ਸਾਰੇ ਕਾਸੇ ਨੂੰ ਸਿਖਾਉਣ ਆਲਾ ਸਾਨੂੰ ,ਸਾਡਾ ਬਾਪੂ ਸੀ ,ਇਕ ਗੱਲਹੋਰ ਬਾਪੂ ਕਦੇ ਵਹਿੜਕੇ ਨੂੰ ਸੋਟੀ ਨਹੀਂ ਮਾਰਨ ਦਿੰਦਾ ਸੀ ,ਕਹਿੰਦਾ ," ਗਾਉ ਦਾ ਜਾਇਆ "ਕਹਿੰਦਾ .ਕਾਹਨੂੰ ਪੁੱਤ ਤੋਤਿਆਂ ਤੋਂ ਸੂਰਜਮੁਖੀ ਦੀ ਰਾਖੀ ਰੱਖਦਿਆਂ ਬਾਪੂ ਸਾਨੂੰ ਅਵੇਸਲਿਆਂ ਨੂੰ ਚਾਣੱਚਕ ਚੋਰੀ ਸੁੱਤਿਆਂ ਪਿਆਂ ਜਾਂ ਤਾਸਖੇਡਦਿਆਂ ਉੱਤੋਂ ਆਣ ਫੜਦਾ ਜਾਂ ਦੂਰੋਂ ਚਲਾਵੀਂ ਜੂਤੀ ਮਾਰਦਾ ਪਰ ਨਿਸਾਨਾ ਕਦੇ ਨਾਂ ਲਗਦਾ ,ਅਸੀਂ ਨੰਗੇ ਪੈਰੀਂ ਸੂਟਵੱਟ ਜਾਂਦੇ ,ਬਾਅਦ ਚ ਵੱਡਿਆਂ ਹੋਇਆਂ ਨੂੰ ਪਤਾ ਲੱਗਿਆ ਕਿ ਓਹ ਜਾਣ ਕੇ ਦੂਰ ਜੁੱਤੀ ਚਲਾਂਵੀ ਸੁੱਟਦਾ ਹੁੰਦਾ ਸੀ ਕਿਕਿਤੇ ਵੱਜੇ ਨਾਂ ਕਿਸੇ ਦੇ ਬਾਪੂ ਨੂੰ ਦੇਖ ਅਸੀਂ ਵਗ ਕੇ ਕਾਹਲੇ ਕਾਹਲੇ ਪੈਰੀ ਪੱਬ ਚੱਕ ਚੱਕ ਤੁਰਦੇ ,ਓਹਨੂੰ ਕਿਸੇ ਦਾ ਵੀ ਹੌਲੀ ਹੌਲੀ ਚੱਲਣਾ ਕੋਹੜਵਰਗਾ ਲਗਦਾ ,ਮੈਂ ਬਾਪੂ ਨੂੰ ਵੱਟਾਂ ਤੇ ਮੋਢੇ ਤੇ ਕਹੀ ਰੱਖ ਭੱਜੇ ਫਿਰਦੇ ਆਪਣੇ ਅੱਖਾਂ ਦੇਖਿਆ ਹੋਇਆ ਨਿੱਕੇ ਹੁੰਦਿਆਂ,ਬਾਪੂ ਦੇ ਮੂੰਹੋਂ ਕਦੇ ਨਹੀਂ ਸੀ ਸੁਣਿਆ ਕਿ ਮੈਂ ਥੱਕ ਗਿਆ ਹਾਂ ,"ਬਾਪੂ ਪਸ਼ੂਆਂ ਨਾਲ ਗੱਲਾਂ ਕਰਦਾ ,ਦਿਨ ਰਾਤ ਹੱਡਤੋੜਵੀ ਮਿਹਨਤ ਕਰਦਾ ,ਵੇਲੇ ਸਿਰ ਸੌਂ ਜਾਂਦਾ ਤੇ ਦਿਨ ਚੜਨ ਤੋਂ ਪਹਿਲਾਂ ਉਠਦਾ ਰਿਹਾ ਮੁੱਕਣ ਤੱਕ ,ਦਿਨ ਚੜੇ ਤੱਕਮੈਂ ਕਦੇ ਬਾਪੂ ਨੁ ਬਿਸਤਰੇ ਤੇ ਸੁੱਤਾ ਨਹੀਂ ਸੀ ਵੇਖਿਆ ..ਬਾਪੂ ਕਹਿੰਦਾ ਜਿਹੜਾ ਕਵੇਲੇ ਤੱਕ ਬਿਸਤਰਾ ਮੱਲ ਕੇ ਪਿਆਰਹੇ ਓਸ ਦੇ ਲੇਖ ਵੀ ਸੌਂ ਜਾਂਦੇ ਆ ਨਾਲ ਹੀ ਕਦੇ ਨਹੀਂ ਸੀ ਹੁੰਦੀਆਂ ਬਾਪੂ ਨੂੰ ਨਾਂ ਹਾੜੀ ਸਾਉਣੀ ਤੋਂ ਤੇ ਨਾਂ ਹੀ ਪੈੱਗ ਤੋਂ ,ਮਰਨ ਤੱਕ ਪੈਗ ਲਾ ਕੇ ਰਾਤਸਾਉਂਦਾ ਬਾਪੂ ,ਪਰ ਨਾਂ ਕਦੇ ਲਲਕਾਰੇ ਮਾਰੇ ਨਾਂ ਕਦੇ ਸਰਾਬੀ ਦੇਖਿਆ ਹੋਇਆ ਮੈਂ ਨਾਂ ਕਦੇ ਸਰਾਬ ਖਰੀ ਕਰਦਾਦੇਖਿਆ ,ਦਵਾਈ ਦੇ ਤੌਰ ਤੇ ਦੋ ਪੈੱਗ ਲਾਉਂਦਾ ਆਖੀਰ ਤੱਕ ਬਾਪੂ ਸਾਨੂੰ ਸਕੂਲੋਂ ਆਉਂਦਿਆਂ ਨੂੰ ਹੀ ਪਸੂ ਛੁੜਾ ਦਿੰਦਾ ,ਚਾਰਨ ਤੋਂ ਬਾਅਦ ਨਹਿਰ ਚੋਂ ਨਵਾ ਕੇ ਲਿਆਉਂਦੇ ਜਿਸ ਕਰਕੇ ਮੈਂਬਹੁਤ ਵਾਰ ਲਾਲਟੈਨ ਨਾਲ ਅੱਧੀ ਰਾਤ ਤੱਕ ਪੜਦਾ ਰਹਿੰਦਾ ,ਕਿਉਂਕਿ ਉਦੋਂ ਲੈਟ ਦਾ ਕੋਈ ਭਰੋਸਾ ਨਹੀਂ ਹੁੰਦਾ ਸੀ ,ਮੈਂਹਰ ਸਾਲ ਸਕੂਲ ਚ ਆਪਣੀ ਕਲਾਸ ਚੋਂ ਟਾਪ ਕਰਦਾ ,ਜਿਸ ਕਰਕੇ ਰਾਤਾਂ ਨੂੰ ਲੈਟ ਨਾਂ ਹੋਣੀ ਤਾਂ ਡੈਡੀ ਮੋਮਬੱਤੀਆਂ ਦਾਡੱਬਾ ਲਿਆ ਕੇ ਰੱਖਦਾ , ਕਈ ਵਾਰ ਡੈਡੀ ,ਬਾਪੂ ਜੀ ਨੂੰ ਕਹਿ ਦਿੰਦਾ ਕਿ ਕਮਲਪ੍ਰੀਤ ਨੇ ਪੜ੍ਹਨਾ ਹੁੰਦਾ ਸੋ ਨਾਂ ਪਸੂਆਮਗਰ ਤੋਰਿਆ ਕਰ ,ਤਾਂ ਬਾਪੂ ਕਹਿੰਦਾ ਕੋਈ ਨਾਂ ਰਾਤ ਨੁ ਪੜ ਲੁ ," ਜੱਟ ਦੇ ਪੁੱਤ ਨੁ ਕਿਰਸਾਨੀ ਆਉਣੀ ਚਾਹੀਦੀ ਆ ਕਲਾ ਪੜ੍ਹਿਆ ਕਿਸੇ ਕੰਮ ਦਾ ਨੀ ਜੇ ਕੜਿਆ ਨਹੀਂ ਤਾਂ " ਪਸੂ ਚਾਰਦੇ ਬਹੁਤ ਅਨਪੜ੍ਹ ਲੋਕਾਂ ਤੋਂ ਅਨਮੋਲ ਖਜਾਨਿਆਂਵਰਗੇ ਗੁਰ ਤੇ ਕੰਮ ਦੀਆਂ ਗੱਲਾਂ ਸਿੱਖੀਆਂ ਜੋ ਕਿਸੇ ਕਿਤਾਬ ਚੋ ਨਹੀਂ ਸਾਂ ਸਿੱਖ ਸਕਦਾ ਸੀ ।ਬਾਪੂ ਫਰਿੱਜਾਂ ,ਪੱਖਿਆਂ ,ਕੂਲਰਾਂ ,ਵਾਟਰ ਕੂਲਰਾਂ ਨੂੰ ਮਰਨ ਤੱਕ ਬਿਮਾਰੀਆਂ ਦੱਸਦਾ ਰਿਹਾ ,ਗਰਮੀਆਂ ਚ ਜੇ ਛੱਤੇ ਚਪਿਆਂ ਪੱਖਾ ਚਲਾ ਵੀ ਦਿੰਦੇ ਤਾਂ ਬਾਪੂ ਆਪਣਾ ਮੰਜਾ ਚੁੱਕ ਵਾੜੇ ਆਲੇ ਕਿੱਕਰ ਥੱਲੇ ਲੈ ਜਾਂਦਾ । ਬਾਪੂ ਕਹਿੰਦਾ ਹੁੰਦਾ ਸੀ ਕਿ ਬੰਦਾ ਉਹੀ ਕਾਮਯਾਬ ਜਿਹਦੀ ਨੀਂਦ ਤੇ ਸੌਣ੍ਹਾ ਕੁੱਤੇ ਵਰਗਾ ਹੋਵੇ ,ਕਿਤੇ ਬੰਦਾ ਕੱਟੇ ਵਾਂਗਪਿਆ ਹੀ ਨਾਂ ਰਹਿ ਜੇ ਤੇ ਰਿਜਕ ਅਗਾਂਹ ਵਗ ਜਾਵੇ , ਥੋੜਾ ਦਰਵਾਜਾ ਖੜਕਾ ਕੇ " ਪੁੱਤ ਜ਼ਿੰਦਗੀ ਸਾਦੀ ਜੀਓ ਤੇਬਾਅਦ ਪਤਾ ਲੱਗਿਆ ਕਿ ,"ਬਹੁਤ ਔਖਾ ਸਾਦਾ ਹੋਣਾ "

ਕਮਲਪ੍ਰੀਤ ਸਿੰਘ ਬਰਾੜ

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।


ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)

ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਪਰਮਾਨੈਂਟ ਰੈਜੀਡੈਂਸੀ ਹੋਲਡਰ ਨਿਊਜੀਲੈਂਡ, ਨਿਊਜੀਲੈਂਡ ਤੋਂ ਹੀ ਵਿਦਿਆ ਪ੍ਰਾਪਤ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 27 ਸਾਲ , ਕੱਦ 5 ਫੁੱਟ 11 ਇੰਚ, ਲਈ ਕਨੇਡਾ ਤੋਂ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 403 437 9061 ***177***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੇ ਖੰਗੂੜਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ ,ਕੱਦ 5 ਫੁੱਟ 11 ਇੰਚ ,ਵਿਦਿਅਕ ਯੋਗਤਾ ਇਨਫਾਰਮੇਸਨ ਟੈਕਨੋਲਜੀ ਤਿੰਨ ਸਾਲ ਡਿਪਲੋਮਾ ਹੋਲਡਰ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਸਾਰੀ ਫੈਮਿਲੀ ਕਨੇਡਾ ਵਿੱਚ ਹੀ ਸੈਟਲ ਹੈ ।ਸੰਪਰਕ: 403 680 8300 ਜਾਂ 403 589 4209 ***177***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ।ਸੰਪਰਕ: 587 438 4041 ***177***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਪਰਿਵਾਰ ਦੀ ਚੰਗੀ ਪੜੀ ਲਿਖੀ ਗੁਰਸਿੱਖ,ਤਲਾਕਸੁਦਾ ਲੜਕੀ ਉਮਰ 35 ਸਾਲ ਕੱਦ 5 ਫੁੱਟ 3 ਇੰਚ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 700 8715 ***173***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌਂ ਲੋੜ ਹੈ ।ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ: ਲਵਲੀ ਯੁਨੀਵਰਿਸਟੀ ਤੋਂ ਕੰਪਿਊਟਰ ਸਾਇੰਸ ਤੋਂ ਬੀ ਟੈਕ,ਅਤੇ ਹੁਣ ਕਨੇਡਾ ਵਿੱਚ ਚੰਗੀ ਨੌਕਰੀ ਕਰਦੇ ਲੜਕੇ ਲਈ ਹਾਣ ਪਰਵਾਣ ਦੀ ਮੈਡੀਕਲ ਕਿੱਤੇ ਨਾਲ ਸਬੰਧਿਤ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕਾ ਸਾਲ 2011 ਤੋਂ ਕਨੇਡਾ ਰਹਿ ਰਿਹਾ ਹੈ।ਲੜਕੀ ਦਾ ਰਿਸਤਾ ਕਨੇਡਾ ਤੋਂ ਹੀ ਚਾਹੀਦਾ ਹੈ ਸੰਪਰਕ: 403 689 6471ਜਾਂ 403 861 2250***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ ਵਿਦ ਨਾਨ ਮੈਡੀਕਲ , ਤਿੰਨ ਸਾਲ ਦੇ ਮਕੈਨਿਕ ਡਿਪਲੋਮਾਂ, ਪੰਜਾਬ ਵਿੱਚ 18 ਏਕੜ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਅਮਰੀਕਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੇ ਮਾਤਾ ਪਿਤਾ ਅਮਰੀਕਨ ਸਿਟੀਜਨ ਹਨ ।ਸੰਪਰਕ: 403 604 2861***176***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਤਲਾਕਸੁਦਾ ,ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 30 ਸਾਲ , ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਏ, ਕੈਲਗਰੀ ਵਾਸੀ ਲਈ ਯੋਗ ਵਰ ਦੀ ਲੋੜ ਹੈ।ਸਿਰਫ ਦੁਆਬਾ ਇਲਾਕੇ ਨਾਲ ਸਬੰਧਿਤ ਪਰਿਵਾਰ ਹੀ ਸੰਪਰਕ ਕਰਨ।ਕਾਲ: 403 998 8473 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਸੋਹਣੇ ਸੁਨੱਖੇ ਲੜਕੇ ਟਾਂਕ ਕਸੱਤਰੀ-ਖੁਰਪਾ ,ਭੱਲਾ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀਏ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 905 783 0784 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ,1994, 5 ਫੁੱਟ,10 ਇੰਚ, ਲਈ ਕਨੇਡੀਅਨ ਪੀਆਰ ,ਵਰਕ ਪਰਮਿਟ ਜਾਂ ਘੱਟੋ ਘੱਟ 6.5 ਬੈਂਡ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੀ ਵੱਡੀ ਭੈਣ ਕਨੇਡੀਅਨ ਸਿਟੀਜਨ ਹੈ। ਵਟਸਐਪ: 001 204 998 5221 ***175***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸੰਧੂ ਪਰਿਵਾਰ ਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਗਰੇਡ 12 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਅਸੀਂ ਸਧਾਰਣ ਰਹਿਣੀ ਬਹਿਣੀ ਵਾਲੀ ਲੜਕੀ ਦੇਖ ਰਹੇ ਹਾਂ ।ਹਲਕੀ ਅਪਾਹਜਤਾ ਵੀ ਵਿਚਾਰਨਯੋਗ ਹੈ।ਲੜਕਾ ਸਰਾਬ ਜਾਂ ਸਿਗਰਟਨੋਸੀ ਤੋਂ ਬਿਲਕੁੱਲ ਮੁਕਤ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਤਲਾਕ ਸੁਦਾ ਬਿਨਾ ਬੱਚੇ ਤੋਂ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 587 889 1585 ਜਾਂ 403 285 5195 ***175***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਰਹਿੰਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ : ਆਟੋ ਮੋਬਾਇਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੇ ਭੈਣ ਭਰਾ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ। ਵਰਕ ਪਰਮਿਟ, ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 780 600 3600 ***175***

### ਲੜਕੀ ਦੀ ਲੋੜ

Gill Jat Sikh parents seeking a well-educated girl for their 27 years old son, 6 feet, teetotaler, graduated from a Canadian University and working as a Civil Engineer in Calgary, AB. Well settled family in Calgary, and Punjab (Malwa), possess urban-rural properties. Please share photos and particulars at first instance. +91-94177-58985 (IND), +1(306)850-5505 (CA) or email at gillwed2020@gmail.com.***175***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ, ਗੁਰਸਿੱਖ ਪਰਿਵਾਰ ਦੀ ਅੰਮ੍ਰਿਤਧਾਰੀ ਤਲਾਕ ਸੁਦਾ ਲੜਕੀ ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ।ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਦੇ ਨਾਲ ਰਹਿੰਦੀ ਉਸਦੀ 9 ਸਾਲ ਦੀ ਬੇਟੀ ਨੂੰ ਅਡੋਪਟ ਕਰ ਸਕਦਾ ਹੋਵੇ ।ਤਲਾਕ ਸੁਦਾ ਲੜਕੇ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ ।: 587 917 0234***175***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਰਾਮਗੜੀਆਂ ਮਠਾੜੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਯੂਨੀਵਰਿਸਟੀ ਆਫ ਕੈਲਗਰੀ ਤੋਂ ਆਰ ਐਨ, ਬੀਐਸ ਐਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 403 402 9508 ***175***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 32 ਸਾਲ ,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ BA, PGDCA, MSC ਲਈ ਹਾਣ ਪ੍ਰਵਾਣ ਦੇ ਕਨੇਡੀਅਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 891 3187 *** 174***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਵੈੱਲ ਸੈਟਲਡ ਉਮਰ 30 ਸਾਲ , ਕੱਦ 5 ਫੁੱਟ 10 ਇੰਚ , ਕੈਲਗਰੀ ਵਿੱਚ ਆਪਣੇ ਘਰ ਦੇ ਮਾਲਕ ਅਤੇ ਚੰਗਾ ਬਿਜਨਿਸ ਚਲਾ ਰਹੇ ਸੋਹਣੇ ਸੁਨੱਖੇ ਲੜਕੇ ਲਈ ਪੜੀ ਲਿਖੀ,ਲੰਬੀ,ਸੁੰਦਰ ਸਸੀਲ , ਛੋਟੀ ਉਮਰ ਵਾਲੀ ਖਾਨਦਾਨੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੀ ਕਨੇਡੀਅਨ ਪੀ ਆਰ ਲੜਕੀ ਨੂੰ ਪਹਿਲ। ਕਿਰਪਾ ਕਰਕੇ ਪਹਿਲਾਂ ਲੜਕੀ ਦੀਆਂ ਫੋਟੋਆਂ , ਪਰਿਵਾਰਕ ਜਾਣਕਾਰੀ, ਵਟਸਐਪ ਕਰੋ ।ਇੰਡੀਆ ਰਹਿੰਦੀ ਸੁੰਦਰ ਲੜਕੀ ਵੀ ਵਿਚਾਰਨਯੋਗ ਹੋ ਸਕਦੀ ਹੈ ।(Prenapture Must) ਸੰਪਰਕ ਫੋਨ ਕਾਲ ਜਾਂ ਵਟਸਐਪ ਕਰ ਸਕਦੇ ਹੋ : : 587 429 7878 , ਇੰਡੀਆ : 9815093010 *** 174***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਕਨੇਡੀਅਨ ਸਿਟੀਜਨ ਲੜਕੇ ,ਉਮਰ 27 ਸਾਲ ਲਈ ਪੜੀ ਲਿਖੀ ਸੁੰਦਰ ਲੜਕੀ ਦੇ ਰਿਸਤੇ ਦੀ ਜਰੂਰਤ ਹੈ। ਲੜਕੀ ਦਾ ਕੱਦ 5 ਫੁੱਟ 4 ਇੰਚ ਤੋਂ ਘੱਟ ਨਾ ਹੋਵੇ। ਸਿਰਫ ਉਹੀ ਸੰਪਰਕ ਕਰਨ ਜੋ ਇਸ ਵੇਲੇ ਕਨੇਡਾ ਵਿੱਚ ਹੀ ਹੋਣ ਉਹ ਚਾਹੇ ਵਰਕ ਪਰਮਿਟ ਜਾਂ ਸਟੂਡੈਂਟ ਵੀ ਹੋ ਸਕਦੇ ਹਨ।ਮਾਲਵਾ ਇਲਾਕੇ ਨੂੰ ਪਹਿਲ। ਕਾਲ: 587 966 4139 ਜਾਂ 403 918 2416 ***174***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is a Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com*** 174***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਦੇ ਜੰਮਪਲ, ਕਨੇਡੀਅਨ ਸਿਟੀਜਨ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ,ਲਈ ਸੋਹਣੀ ਸੁਨੱਖੀ,ਪੜੀ ਲਿਖੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 204 999 9481 ਜਾਂ 204 998 7241 *** 174***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਪਰਿਵਾਰ ਦੇ ਵੈਸਨੂੰ ਤਲਾਕਸੁਦਾ ਲੜਕੇ , ਉਮਰ 35 ਸਾਲ ,ਕੱਦ 5 ਫੁੱਟ 9 ਇੰਚ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਪਹਿਲਾ ਵਾਲੇ ਵਿਆਹ ਵਿੱਚੋਂ ਇੱਕ ਲੜਕੀ ਉਮਰ 7 ਸਾਲ ,ਉਹ ਬਾਪ ਦੇ ਨਾਲ ਹੀ ਰਹਿੰਦੀ ਹੈ।ਹੋਰ ਜਾਣਕਾਰੀ ਲਈ ਸੰਪਰਕ ਕਰੋ: 1 780 340 2434 ***173***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਕੈਲੇ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ 3 ਸਾਲਾ ਇਲੈਕਟ੍ਰੀਕਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ ਜੋ ਲੜਕੇ ਨੂੰ ਵਿਆਹ ਉਪਰੰਤ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੇ ਹਨ।ਸਟੂਡੈਂਟਸ ਜਾਂ ਵਰਕ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ : 587 968 0064 raman13088@yahoo.com ***173***

### ਲੜਕੇ ਦੀ ਲੋੜ

ਪੰਜਾਬ ਦੇ ਮੋਗਾ ਜਿਲੇ ਨਾਲ ਸਬੰਧਿਤ ਬਰਾੜ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਇੰਡੀਆ ਤੋਂ ਬੀ ਟੈਕ ਦੀ ਡਿਗਰੀ ਉਪਰੰਤ ਕਨੇਡਾ ਵਿੱਚ 2 ਸਾਲ ਦੀ ਸਟੱਡੀ ਅਤੇ ਹੁਣ 3 ਸਾਲ ਦਾ ਕਨੇਡੀਅਨ ਵਰਕ ਪਰਮਿਟ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੇ ਰਿਸਤੇ ਦੀ ਲੋੜ ਹੈ ।ਵਿਨੀਪੈਗ ਰਹਿੰਦੇ ਮੋਗਾ ਅਤੇ ਬਠਿੰਡਾ ਜਿਲਾ ਦੇ ਪਰਿਵਾਰਾਂ ਨੂੰ ਪਹਿਲ ।ਸੰਪਰਕ: 431 335 3127 ***173***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਨਸਾ ਰਹਿਤ, ਹਿਉਮਨ ਰਿਸੋਰਸ ਡਿਪਲੋਮਾਂ ਹੋਲਡਰ, ਵਿਨੀਪੈਗ ਟਰਾਂਜਿਟ ਵਿੱਚ ਸੁਪਰਵਾਈਜਰ ਦੀ ਜੌਬ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 204 908 0011 ਜਾਂ 204 955 9199 **173**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਸੇਟ ਕਾਲਿਜ ਕੈਲਗਰੀ ਤੋਂ ਇਲੈਟਰੀਕਲ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਬਿਜਨਿਸ ਦੇ ਤੌਰ ਤੇ ਆਪਣੀ ਹੀ ਇਲੈਕਟਰੀਕਲ ਕੰਪਨੀ ਚਲਾ ਰਿਹਾ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ : 403 926 3620 **172**

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 20 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ, ਲਈ ਕਨੇਡਾ ਤੋਂ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲ ਹੈ ,ਉਹ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਉਸਦੀ ਮੱਦਦ ਵੀ ਕਰ ਸਕਦੇ ਹਨ। ਸੰਪਰਕ: 587 707 3542 ਜਾਂ 403 918 6462 ***172***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ , ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਪੱਕੇ ਤੌਰ 'ਤੇ ਸੈਟਲ ਹੈ। ਸਟੂਡੈਂਟ ਜਾਂ ਵਿਜਟਿਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 825 712 3370 ਜਾਂ 587 349 0901 ***172***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਇੰਗਲੈਂਡ ਵਿੱਚ ਬਿਨਾ ਪੇਪਰਾਂ ਤੋਂ ਰਹਿ ਰਹੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਧਰਮ ਜਾਂ ਜਾਤਪਾਤ ਦੀ ਕੋਈ ਬੰਦਿਸ ਨਹੀਂ ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 306 409 0086 **171**

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਚੰਗੀ ਜਮੀਨ ਜਾਇਦਾਦ ਦੇ ਮਾਲਕ, ਵਰਕ ਪਰਮਿਟ ਉੱਪਰ ਕਨੇਡਾ ਆਏ ਗੁਰਸਿੱਖ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕਨੇਡੀਅਨ ਪੀ ਆਰ, ਹਾਣ ਪਰਵਾਣ ਦੇ ਰਿਸਤੇ ਦੀ ਲੋੜ ਹੈ । ਤਲਾਕ ਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੇ ਦੇ ਮਾਤਾ ਪਿਤਾ ਇਸ ਦੁਨੀਆ ਵਿੱਚ ਨਹੀਂ ਰਹੇ, ਇਸ ਲਈ ਉਹ ਆਪਣੀ ਭੈਣ ਕੋਲ ਹੀ ਰਹਿੰਦਾ ਹੈ। ਸੰਪਰਕ: 587 439 1671,587 439 1691 ਜਾਂ 403 466 8975 **171**

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀਆਰ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਭੈਣ ਕਨੇਡਾ ਸੈਟਲ ਹੈ ਜੋ ਕਿ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੀ ਹੈ।ਸਟੱਡੀ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ 403 606 8069 ਜਾਂ 88729 30058 **171**

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 28 ਸਾਲ ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ BA, ELE Diploma ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟਸ ਵੀਜਾ ਜਾਂ ਜਿਸ ਲੜਕੀ ਨੇ ਇੰਡੀਆ ਵਿੱਚ ਨੈਨੀ ਦਾ ਕੋਰਸ ਕੀਤਾ ਹੋਵੇ ਭਾਂਵੇ ਉਹ ਇੰਡੀਆ ਹੀ ਰਹਿੰਦੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਮੁੰਡੇ ਦੀ ਕਜਨ ਸਿਸਟਰ ਕਨੇਡਾ ਹੈ ਅਤੇ ਉਸ ਦਾ ਆਪਣਾ ਬਿਜ਼ਨਸ ਹੈ। ਉਹ ਮੁੰਡੇ ਨੂੰ ਸੈਟਲ ਹੋਣ ਵਿੱਚ ਮੱਦਦ ਕਰ ਸਕਦੀ ਹੈ। ਸੰਪਰਕ: 403 404 0942 ਜਾਂ 9463110132 **171**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਦੁਆਬਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੋਵੇ। ਦੁਆਬਾ ਇਲਾਕੇ ਨੂੰ ਪਹਿਲ। ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091**171**

### ਲੜਕੇ ਦੀ ਲੋੜ

ਜੱਟ ਸਿੱਖ ਪਨਾਗ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਧਾਰੀ ਲੜਕੀ ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਬੀ ਸੀ ਏ , ਤਿੰਨ ਸਾਲ ਤੋਂ ਨੌਕਰੀ ਕਰ ਰਹੀ ਲਈ, ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਦੀ ਵੱਡੀ ਭੈਣ ਕਨੇਡਾ ਸੈਟਲਡ ਹੈ। ਸੰਪਰਕ: 1 780 909 6655 **171**

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਅਨਮੈਰਿਡ ਐਸ ਸੀ ਪਰਿਵਾਰ ਦੀ ਚੰਗੀ ਪੜੀ ਲਿਖੀ ਲੜਕੀ ,ਉਮਰ 38 ਸਾਲ , ਕੱਦ 5 ਫੁੱਟ 3 ਇੰਚ , ਚੰਗੀ ਨੌਕਰੀ ਕਰਦੀ ਲੜਕੀ ਲਈ ਰਿਸਤਾ ਚਾਹੀਦਾ ਹੈ । ਵਿਜਟਿਰ ,ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕੋਈ ਜਾਤੀ ਬੰਧਨ ਨਹੀਂ। ਸੰਪਰਕ: 1 204 295 0178 **171**

### ਲੜਕੇ ਦੀ ਲੋੜ

ਜੱਟ ਸਿੱਖ ਤਤਲਾ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਤਧਾਰੀ ਲੜਕੀ ਉਮਰ 24 ਸਾਲ ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ BSC Nursing ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਅੰਮ੍ਰਿਤਧਾਰੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਭਰਾ ਭਰਜਾਈ ਕੈਲਗਰੀ ਵਿੱਚ ਪੱਕੇ ਤੌਰ 'ਤੇ ਸੈਟਲ ਹਨ। ਲੜਕੀ ਅਤੇ ਲੜਕੀ ਦੇ ਮਾਤਾ ਪਿਤਾ ਕੋਲ ਕਨੇਡਾ ਦਾ ਵਿਜਟਰ ਵੀਜਾ ਹੈ। ਵਿਆਹ ਇੰਡੀਆ ਜਾਂ ਕੈਲਗਰੀ ਵੀ ਕੀਤਾ ਜਾ ਸਕਦਾ ਹੈ। ਸੰਪਰਕ: 587 968 5620 **172**

### ਲੜਕੀ ਦੀ ਲੋੜ

"ਕਨੇਡਾ ਵਿੱਚ ਵਰਕ ਪਰਮਿਟ ਉੱਪਰ ਰਹਿ ਰਹੇ ਜੱਟ ਸਿੱਖ ਔਲਖ ਪਰਿਵਾਰ ਦੇ ਸੋਹਣੇ ਸੁਨੱਖੇ ਮਿਹਨਤੀ ਕਮਾਊ ਲੜਕੇ ਉਮਰ 32 ਸਾਲ , ਕੱਦ 5 ਫੁੱਟ 11 ਇੰਚ, ਆਈ ਟੀ ਆਈ ਤੋਂ ਇਲੈਕਟਰੀਸ਼ਨ ਦੇ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 464 7626 **170**

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਇੰਡੀਆ ਦੀ ਜੰਮਪਲ,ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਉਮਰ 36 ਸਾਲ, ਕੱਦ 5 ਫੁੱਟ 6 ਇੰਚ, ਬਿਲਕੁੱਲ ਵੈਸ਼ਨੂੰ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਨਸ਼ਾ ਰਹਿਤ ਲੜਕੇ ਦੇ ਰਿਸਤੇ ਦੀ ਲੋੜ ਹੈ। ਕ੍ਰਿਪਾ ਕਰਕੇ ਵਰਕ ਪਰਮਿਟ ਵਾਲੇ ,ਵਿਜਟਰ ਜਾਂ ਸਟੂਡੈਂਟ ਫੋਨ ਨਾ ਕਰਨ। ਕਾਲ: 587 500 3744 **170**

### ਜੀਵਨ ਸਾਥੀ ਦੀ ਲੋੜ

"ਕੈਲਗਰੀ ਵਾਸੀ 37 ਸਾਲਾ ਵਿਧਵਾ ਹੋਈ ਸੁਨਿਆਰਾ ਖਾਨਦਾਨ ਦੇ ਪਰਿਵਾਰ ਨਾਲ ਸਬੰਧਿਤ ਲੜਕੀ ਕੱਦ 5 ਫੁੱਟ 6 ਇੰਚ ਲਈ ਹਾਣ ਪਰਵਾਣ ਦੀ ਉਮਰ ਦੇ ਜੀਵਨ ਸਾਥੀ ਦੀ ਲੋੜ ਹੈ। ਦੋ ਬੇਟੇ ਜਿਹਨਾ ਦੀ ਉਮਰ 12 ਅਤੇ 14 ਸਾਲ ਹੈ ਉਹ ਵੀ ਮਾਂ ਦੇ ਨਾਲ ਹੀ ਰਹਿੰਦੇ ਹਨ। ਡਿਵੋਰਸ ਕੇਸ ਵਾਲੇ ਜਾਂ ਜੱਟ ਪਰਿਵਾਰ ਨਾਲ ਸਬੰਧਿਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 403 397 6413 **172**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000**

**Hiring !**

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

**ਟਰੱਕ ਡਰਾਈਵਰਾਂ ਦੀ ਲੋੜ**

0-2 years of experience,
Please contact us

VADDA BHAI
ACE OF SPADES INC

Contact:
Gagan Bains
VADDA BHAI
ACE OF SPADES INC
T: 1-825-733-0030
Email Resume to:
gagan@vbaspades.com

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

### ਨੈਨੀ ਦੀ ਲੋੜ

ਕੈਲਗਰੀ ਵੱਸਦੇ ਪੰਜਾਬੀ ਪਰਿਵਾਰ ਨੂੰ ਨੈਨੀ ਦੀ ਜਰੂਰਤ ਹੈ। ਪੰਜਾਬੀ ਜੁਬਾਨ ਬੋਲਣੀ ਆਉਂਦੀ ਜਰੂਰੀ ਹੈ। ਰੋਟੀ ਪਾਣੀ ਸਮੇਤ ਘਰ ਦਾ ਸਾਰਾ ਕੰਮ ਕਰਨਾ ਆਉਣਾ ਚਾਹੀਦਾ ਹੈ । ਵਿਜਟਿਰ ਵੀਜੇ ਉੱਪਰ ਆਏ ਯੋਗ ਉਮੀਂਦਵਾਰ ਨੂੰ elderly care catagory ਪ੍ਰੋਗਰਾਮ ਤਹਿਤ ਸਪਾਂਸਰ ਵੀ ਕੀਤਾ ਜਾ ਸਕਦਾ ਹੈ । ਯੋਗ ਤਨਖਾਹ ਦਿੱਤੀ ਜਾਵੇਗੀ ।ਸੰਪਰਕ: 403 200 6735 ***172***

## ਹੁਣ ਗੱਡੀਆਂ ਵਿੱਚ ਬੈਠਕੇ ਫਿਲਮਾਂ ਦੇਖਣ ਦੀ ਖੁੱਲ ਮਿਲ ਗਈ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਸੂਬੇ ਵਿੱਚ ਡ੍ਰਾਇਵ-ਇਨ ਮੂਵੀਜ਼ 'ਤੇ ਲੱਗੀ ਰੋਕ ਹਟਾਉਣ ਦਾ ਫੈਸਲਾ ਲਿਆ ਹੈ। ਬੀਤੇ ਐਤਵਾਰ ਤੱਕ ਇਹ ਪਾਬੰਦੀ ਲਾਗੂ ਸੀ। ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਦਾ ਕਹਿਣਾ ਹੈ ਕਿ ਲੋਕ ਆਪੋ ਆਪਣੀਆਂ ਗੱਡੀਆਂ ਵਿੱਚ ਬੈਠ ਕੇ ਵੱਡੀ ਸਕਰੀਨ 'ਤੇ ਇਹ ਮੂਵੀਆਂ ਵੇਖ ਸਕਣਗੇ। ਕਾਰ ਵਿੱਚ ਬੈਠਣ ਵਾਲੇ ਵਿਅਕਤੀ ਇੱਕੋ ਪਰਿਵਾਰ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ। ਲੰਘੇ ਵੀਕ-ਐਂਡ ਦੌਰਾਨ ਕਈ ਥਾਂਈਂ ਡ੍ਰਾਇਵ-ਇਨ ਮੂਵੀਜ਼ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਸਰਕਾਰ ਵੱਲੋਂ ਮਨਜ਼ੂਰੀ ਨਾ ਮਿਲਣ 'ਤੇ ਲੋਕਾਂ ਨੂੰ ਨਿਰਾਸ਼ ਮੁੜਨਾ ਪਿਆ ਸੀ। ਸਰਕਾਰ ਦੇ ਇਸ ਫੈਸਲੇ ਦਾ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਵਾਗਤ ਕੀਤਾ ਹੈ।

**Tractor Trucks for Lease**

Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:

FRESH FREIGHT



**KulbirShergill Fresh Freight Ltd**
Phone or Text- 403-510-0070
Email: info@freshfreight.ca

**A-CHOICE DRIVING SCHOOL**

Bay# 324, 4774 Westwinds Dr NE
Calgary Alberta T3J 0L9
Tel: 403-473-1682



# ਵੈਕਸੀਨ ਦੀ ਕਹਾਣੀ - ਵਿਗਿਆਨ ਦੀ ਜ਼ੁਬਾਨੀ



ਜਗਦੇਵ ਸਿੱਧੂ ਕੈਲਗਰੀ
403 351 1136

ਠੀਕ ਹੈ ਹੱਥਾਂ ਤੇ ਸਰ੍ਹੋਂ ਨਹੀਂ ਜੰਮਦੀ ਤੇ ਨਾ ਹੀ ਰੋਮ ਇਕ ਦਿਨ ਵਿਚ ਬਣਿਆ ਸੀ। ਇਹ ਵੀ ਠੀਕ ਹੈ ਕਿ ਕੋਵਿਡ-19 ਦੀ ਵੈਕਸੀਨ ਕੋਈ ਦਸਾਂ ਮਹੀਨਿਆਂ ਵਿਚ ਨਹੀਂ ਬਣੀ। ਜਦੋਂ ਇਸ ਮਹਾਂਮਾਰੀ ਨੇ ਦਸਤਕ ਦਿੱਤੀ ਤਾਂ ਵਿਗਿਆਨੀ ਵੀ ਮੁੱਠੀਆਂ 'ਚ ਥੁੱਕੀ ਬੈਠੇ ਸਨ। ਉਹ ਤਾਂ ਉਸ ਵੇਲੇ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਦੀ ਵੈਕਸੀਨ ਈਜਾਦ ਕਰਨ ਵਿਚ ਰੁੱਝੇ ਹੋਏ ਸਨ। ਜਿਉਂ ਹੀ ਮਹਾਂਮਾਰੀ ਦਾ ਚੈਲੰਜ ਆਇਆ, ਉਹ ਹੱਥ ਧੋ ਕੇ ਇਸ ਦੇ ਪਿੱਛੇ ਪੈ ਗਏ। ਕੈਂਸਰ ਨੂੰ ਤਾਂ ਫੇਰ ਨਜਿੱਠ ਲੈਣਗੇ, ਪਹਿਲਾਂ ਇਸ ਮਹਾਂਮਾਰੀ ਦਾ ਵਾਰਾ-ਸਾਰਾ ਲਈਏ। ਉਹ ਤਾਂ ਜਿਵੇਂ ਤਿਆਰ ਬਰਤਿਆਰ ਬੈਠੇ ਸਨ।

ਬਹੁਤ ਲੋਕ ਸ਼ੰਕੇ ਪਰਗਟ ਕਰਦੇ ਹਨ ਕਿ ਦਸਾਂ ਮਹੀਨਿਆਂ ਵਿਚ ਨਵੀਂ ਦਵਾਈ ਕਿਵੇਂ ਤਿਆਰ ਹੋ ਸਕਦੀ ਹੈ। ਉਹ ਠੀਕ ਹਨ ਪਰ ਇਸ ਪੱਖੋਂ ਬੇ-ਖ਼ਬਰ ਹਨ ਕਿ ਇਸ ਵੈਕਸੀਨ ਨੂੰ ਤਿਆਰ ਕਰਨ ਦੇ ਪਿੱਛੇ ਕਈ ਦਹਾਕਿਆਂ ਦੀ ਦਿਮਾਗ਼ੀ ਮੁਸ਼ੱਕਤ ਪਈ ਹੈ। ਕਿੰਨੇ ਚਿਰਾਂ ਤੋਂ ਇਸ ਪਾਸੇ ਕਿੰਨੇ ਹੀ ਵਿਗਿਆਨੀ ਨਿਰੰਤਰ ਖੋਜ ਵਿਚ ਰੁੱਝੇ ਹੋਏ ਸਨ। ਵੈਕਸੀਨ ਤਿਆਰ ਕਰਨ ਕਈ ਅੱਡੋ-ਅੱਡ ਤਕਨੀਕਾਂ ਹਨ ਪਰ ਇਥੇ ਇਕ ਕਿਸਮ ਦੀ ਵੈਕਸੀਨ ਦੀ ਕਹਾਣੀ ਸੁਣਾਈ ਜਾਣੀ ਹੈ - mRNA ਆਧਾਰਿਤ ਵੈਕਸੀਨ, ਜਿਹੜੀ ਕਿ ਸਭ ਤੋਂ ਪਹਿਲਾਂ ਅਧਿਕਾਰਕ ਤੌਰ ਤੇ ਵਰਤੋਂ ਲਈ ਮਨਜ਼ੂਰ ਕੀਤੀ ਗਈ। ਇਸ ਵੈਕਸੀਨ



ਦੇ ਹੋਂਦ ਵਿਚ ਆਉਣ ਦਾ ਸਫ਼ਰ ਕਈ ਦਹਾਕੇ ਲੰਮਾ ਹੈ। ਬੜੇ ਵਿਚਾਰ ਪੈਦਾ ਹੋਏ, ਬੜੇ ਤਜਰਬੇ ਅਸਫਲ ਰਹੇ, ਬੜੇ ਯਤਨ ਰੱਦ ਕਰਨੇ ਪਏ, ਕਿਤੇ ਫੰਡਾਂ ਦੀ ਘਾਟ ਤੇ ਕਿਤੇ ਸਮਕਾਲੀ ਸ਼ਰੀਕਾਂ ਵੱਲੋਂ ਨਖ਼ਰੇ-ਨਘੋਚਾਂ।

**ਡੀ.ਐਨ.ਏ.ਦੀ ਖੋਜ—** ਮੁੱਖ ਤੌਰ ਤੇ ਦੋ ਪਹਿਲੂ ਹਨ, ਪਹਿਲਾ ਵਾਇਰਸ ਦੀ ਪਛਾਣ ਕਰਨਾ ਯਾਨੀ ਇਸ ਦੇ ਲੱਛਣਾਂ ਤੇ ਇਸ ਦੀਆਂ ਵਿਸ਼ੇਸ਼ਤਾਈਆਂ ( ਬਣਤਰ, ਕਿਰਿਆ ਵਿਧੀ, ਮਾਰੂ ਪਹੁੰਚ ਆਦਿ )ਦੀ ਨਿਰਖ ਕਰਨੀ ਅਤੇ ਦੂਜਾ ਇਸ ਨੂੰ ਕਾਬੂ ਕਰਨ ਵਾਲਾ (ਲੜਾਕਾ ) ਪਦਾਰਥ ਲੱਭਣਾ। ਕਾਰਗਰ ਸ਼ੁਰੂਆਤ 1951 ਤੋਂ ਮੰਨ ਸਕਦੇ ਹਾਂ ਜਦੋਂ ਰੋਜ਼ਾਲਿੰਡ ਫਰੈਂਕਲਿਨ ਨਾਮ ਦੀ ਵਿਗਿਆਨੀ ਨੇ ਇੰਗਲੈਂਡ ਵਿਚ ਡੀ. ਐਨ. ਏ. ਦੇ ਆਕਾਰ ਦੀ ਫੋਟੋ ਕੈਦ ਕਰ ਲਈ। ਦੋ ਸਾਲ ਬਾਅਦ ਕੈਂਬਰਿਜ ਯੂਨੀਵਰਸਿਟੀ ਦੇ ਜੇਮਜ਼ ਵਾਟਸਨ ਅਤੇ ਫਰਾਂਸਿਸ ਕਰਿਕ ਨੇ ਡੀ.ਐਨ.ਏ. ਦੇ ਦੂਹਰੇ



ਲੱਛੇਦਾਰ ਹੋਣ ਬਾਰੇ ਰੀਪੋਰਟ ਛਾਪੀ ਜਿਸ ਤੇ ਉਨ੍ਹਾਂ ਨੂੰ ਨੋਬੇਲ ਇਨਾਮ ਮਿਲਿਆ। (ਦੁਰਭਾਗ ਵਸ ਫਰੈਂਕਲਿਨ 1958 ਵਿਚ ਕੈਂਸਰ ਦੀ ਬੀਮਾਰੀ ਦਾ ਸ਼ਿਕਾਰ ਹੋ ਗਈ )

ਜੀਵਨ ਦਾ ਮੂਲ - ਮੈਥਿਊ ਮੈਸਲਸਨ ਅਤੇ ਫਰੈਂਕ ਸਟਾਹਲ ਨੇ ਕਾਲਟੈਕ ( ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ) ਵਿਖੇ ਖੋਜ ਦਾ ਕੰਮ ਕਰਦਿਆਂ ਡੀ.ਐਨ.ਏ. ਬਾਰੇ ਪਤਾ ਲਾਇਆ ਕਿ ਜੀਵਨ ( ਲਾਈਫ਼ ) ਕੀਵੇਂ ਕੰਮ ਕਰਦਾ ਹੈ। ਉਨ੍ਹਾਂ ਨੂੰ ਪਤਾ ਸੀ ਕਿ ਡੀ.ਐਨ.ਏ. ਸੈੱਲ ਦੀ ਧੁੰਨੀ ( ਨੂਕਲੀਅਸ ) ਦੇ ਅੰਦਰ ਵਿਚਰਦਾ ਹੈ ਜਿਸ ਦੇ ਦੁਆਲੇ ਝਿੱਲੀ (ਮੈਂਬਰੇਨ )ਹੁੰਦੀ ਹੈ। ਝਿੱਲੀ ਦੇ ਬਾਹਰਲੇ ਪਾਸੇ ਗਾੜ੍ਹਾ ਤਰਲ ਰੂਪੀ ਸਾਈਟੋਪਲਾਜ਼ਮ ਰਹਿੰਦਾ ਹੈ, ਜਿਸ ਅੰਦਰ ਅਤੀ ਮਹੀਨ ਕਿਣਕੇ ਰੂਪੀ ਰਿਬੋਜ਼ੋਮ ਹੁੰਦੇ ਹਨ ਜਿਨ੍ਹਾਂ ਅੰਦਰ ਆਰ.ਐਨ.ਏ. ਸਥਾਪਤ ਹੈ। ਉਸ ਸਮੇਂ ਫਰਾਂਸੀਸੀ ਵਿਗਿਆਨੀਆਂ ਨੇ ਪਤਾ ਲਾ ਲਿਆ ਸੀ ਕਿ ਸੈੱਲ ਰਿਬੋਜ਼ੋਮ ਰਾਹੀਂ ਪ੍ਰੋਟੀਨ ਬਣਾਉਂਦੇ ਹਨ ਤੇ ਜੀਣ ( ਲਾਈਫ਼ ) ਦੀ ਪ੍ਰਕਿਰਿਆ ਪੂਰੀ ਕਰਦੇ ਹਨ। ਉਨ੍ਹਾਂ ਵਿੱਚੋਂ ਇਕ ਵਿਗਿਆਨੀ ਡਾ. ਫਰਾਂਸਵਾ ਜੈਕਬ ਨੇ ਸਿਧਾਂਤ ਪੇਸ਼ ਕੀਤਾ ਕਿ ਡੀ.ਐਨ.ਏ. ਅਤੇ ਆਰ.ਐਨ.ਏ. ਦੇ ਦਰਮਿਆਨ ਆਰ.ਐਨ.ਏ. ਨੂੰ ਸੁਨੇਹੇ ਭੇਜਣ ਵਾਲਾ ਕੋਈ ਅਣ-ਟਿਕਾਊ ਵਿਚੋਲਾ ਹੋਵੇਗਾ ਜੋ ਸੁਨੇਹਾ ਦੇ ਕੇ ਸ਼ਾਇਦ ਗ਼ਾਇਬ ਹੋ ਜਾਂਦਾ ਹੋਵੇਗਾ। ਉਸ ਨੇ ਇਸ ਵਿਚੋਲੇ ਦਾ ਨਾਂ ਐਕਸ X ਰੱਖਿਆ। ਇਸ ਸਮੇ ਤਕ ਮੈਸਲਸਨ ਨੇ ਕਾਲਟੈਕ ਵਿਖੇ ਕੰਮ ਕਰਦਿਆਂ ਸੈੱਲ ਅੰਦਰਲੇ ਨਿੱਕੇ ਅਣੂ ( ਮਾਲੀਕਿਊਲ ) ਦੀ ਨਿਸ਼ਾਨਦੇਹੀ ਕਰਨ ਦੀ ਤਕਨੀਕ ਵਿਕਸਿਤ ਕਰ ਲਈ ਸੀ ਜਿਸ ਨਾਲ ਉਪਰ ਦੱਸੇ ਐਕਸ ਦੀ ਪਛਾਣ ਕੀਤੀ ਜਾ ਸਕਦੀ ਸੀ। ਸੋ 1960 ਵਿਚ ਜੈਕਬ, ਕੈਂਬਰਿਜ ਯੂਨੀਵਰਸਿਟੀ ਦਾ ਸਿਡਨੀ ਬਰੈਨਰ ਅਤੇ ਮੈਸਲਸਨ ਲਗਾਤਾਰ ਤਿੰਨ ਹਫ਼ਤੇ ਪ੍ਰਯੋਗਸ਼ਾਲਾ ਵਿਚ ਖੌਝਲਦੇ ਰਹੇ ਪਰ ਹਰ ਵਾਰ ਅਸਫਲਤਾ ਹੱਥ ਲਗਦੀ ਰਹੀ। ਆਖਰ ਮੈਗਨੇਸ਼ੀਅਮ ਦੀ ਰਤਾ ਵਧੇਰੇ ਮਾਤਰਾ ਪਾਉਣ ਨਾਲ ਸਾਡੇ ਐਕਸ ਦਾ ਪਤਾ ਲੱਗ ਗਿਆ। ਉਨ੍ਹਾਂ ਨੇ 1961 ਵਿਚ ਖੋਜ ਪੱਤਰ ਛਾਪਣ ਸਮੇ ਇਸ ਦਾ ਨਾਂ ਮੈਸੈਂਜਰ ਆਰ.ਐਨ.ਏ. mRNA ਰੱਖਿਆ। ਇਉਂ ਉਨ੍ਹਾਂ ਨੇ ਤੱਤਾਂ ਦੇ ਐਟਮਾ ਤੋਂ ਜਿਉਂਦੀ ਧੜਕਦੀ ਚੀਜ਼ ਲੱਭ ਲਈ ਸੀ—ਡੀ.ਐਨ.ਏ. ਬਣਾਵੇ ਆਰ.ਐਨ.ਏ. ਜੋ ਬਣਾਵੇ ਪ੍ਰੋਟੀਨ ਜੋ ਬਣਾਵੇ ਜ਼ਿੰਦਗੀ (ਲਾਈਫ਼ )। ਪਰ ਇਸ ਖੋਜ ਤੋਂ ਬੀਮਾਰੀ ਦੀ ਰੋਕ ਥਾਮ ਦਾ ਕੰਮ ਲੈਣ ਵਿਚ ਇਕ ਹੋਰ ਪੀੜ੍ਹੀ ਲੱਗ ਗਈ।

**ਵੈਕਸੀਨ ਵੱਲ ਸੇਧ -** 1970 ਵਿਚ ਹੰਗਰੀ ਦੀ ਜੀਵ ਰਸਾਇਣ ਦੀ ਵਿਦਿਆਰਥਣ ਕੈਟਾਲਿਨ ਕੈਰੀਕੋ ਨੂੰ ਪਤਾ ਲੱਗਾ ਕਿ ਲੰਡਨ ਦੀ ਇਕ ਰੀਪੋਰਟ ਅਨੁਸਾਰ ਵਾਇਰਸ ਤੋਂ ਬਚਾਅ ਕਰਨ ਲਈ ਇੰਟਰਫੀਰੋਨ ਨਾਮੀ ਪ੍ਰੋਟੀਨ 2-5 ਏ ਨਾਮੀ ਆਰ.ਐਨ.ਏ. ਦੀ ਮਦਦ ਨਾਲ ਕ੍ਰਿਆਸ਼ੀਲ ਹੁੰਦਾ ਹੈ। ਉਸ ਨੂੰ ਫੁਰਨਾ ਫੁਰਿਆ ਕਿ



ਮਸਨੂਈ ( ਸਿੰਥੈਟਿਕ ) 2-5 ਏ ਮਾਲੀਕਿਊਲ ਬਣਾ ਕੇ ਕੈਂਸਰ ਵਰਗੀਆਂ ਘਾਤਕ ਬੀਮਾਰੀਆਂ ਦਾ ਇਲਾਜ ਕਰਨਾ ਸੰਭਵ ਹੋ ਸਕਦਾ ਹੈ। ਜਦੋਂ ਕੋਈ ਵਾਇਰਸ ਮਨੁੱਖੀ ਸਰੀਰ ਅੰਦਰ ਪ੍ਰਵੇਸ਼ ਕਰਦੀ ਹੈ ਤਾਂ ਨੂਕਲੀਕ ਏਸਿਡ ਹੋਰ ਵਾਇਰਸ ਬਨਾਉਣ ਖਾਤਰ ਪ੍ਰੋਟੀਨ ਬਣਾਉਂਦੇ ਹਨ ਤੇ ਸਰੀਰ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਸੈੱਲ ਦੁਆਰਾ ਇਸ ਦੀ ਪਛਾਣ ਕਰ ਕੇ ਤੇ ਰੋਗ-ਨਿਰੋਧਕ ( ਇਮਿਊਨ ) ਸੈੱਲ ਇਕੱਠੇ ਕਰ ਕੇ ਇਸ ਤੇ ਹਮਲਾ ਕੀਤਾ ਜਾਵੇ। ਅਜਿਹਾ ਸੈੱਲ ਆਪਣਾ ਸੁਨੇਹਾ ਦੇ ਕੇ ਆਤਮ ਹੱਤਿਆ ਕਰ ਲੈਂਦਾ ਹੈ ਨਹੀਂ ਤਾਂ ਉਹ ਵੀ ਸੰਕ੍ਰਮਣ ਦਾ ਸ਼ਿਕਾਰ ਹੋ ਕੇ ਗੜਬੜ ਕਰ ਸਕਦਾ ਹੈ। 1990 ਵਿਚ ਵਿਸਕੌਂਨਸਿਨ ਯੂਨੀਵਰਸਿਟੀ ਦੇ ਖੋਜਾਰਥੀ ਚੂਹੇ ਅੰਦਰ ਆਰ.ਐਨ.ਏ. ਪ੍ਰਵੇਸ਼ ਕਰਨ ਵਿਚ ਸਫਲ ਹੋ ਗਏ। ਇਸੇ ਸਮੇ ਪੈਨਸਿਲਵੇਨੀਆ ਯੂਨੀਵਰਸਿਟੀ ਵਿਖੇ ਕੰਮ ਕਰਦਿਆਂ ਕੈਰੀਕੋ ਨੇ ਅਧਾਰਿਤ ਬੇਨਤੀ ਪੱਤਰ ਸੌਂਪਿਆ ਜੋ ਨਾ-ਮਨਜ਼ੂਰ ਕਰ ਦਿੱਤਾ। ਉਥੇ ਉਹ ਡਾ. ਡਰਿਊ ਵੀਜ਼ਮੈਨ ਨੂੰ ਮਿਲੀ ਜੋ ਡਾ. ਐਂਥਨੀ ਫਾਉਚੀ (ਹੁਣ ਰਾਸ਼ਟਰਪਤੀ ਜੋਅ ਬਾਈਡਨ ਦਾ ਸਲਾਹਕਾਰ) ਦਾ ਸ਼ਾਗਿਰਦ ਰਿਹਾ ਸੀ। ਦਸ ਸਾਲ ਕੰਮ ਕਰਦਿਆਂ ਉਨ੍ਹਾਂ ਨੇ ਖੋਜ ਕੀਤੀ ਕਿ ਜੇ ਆਰ.ਐਨ.ਏ. ਦੀ ਬਣਤਰ ਦੇ ਚਾਰ ਪਹਿਲੂਆਂ ਵਿੱਚੋਂ ਇਕ ਨੂੰ ਸੁਧਾਰ ਦੇਣ ਤਾਂ ਅੰਦਰਲੇ ਸੈੱਲ ਮਸਨੂਈ ਆਰ.ਐਨ.ਏ. ਨੂੰ ਬੇਗਾਨਾ ਹਮਲਾਵਰ ਨਹੀਂ ਸਮਝਣਗੇ। ਇਸ ਨੇ ਸਾਰੀ ਖੋਜ ਨੂੰ ਟਿਕਾਣੇ ਸਿਰ ਲਿਆ ਦਿੱਤਾ। ਹੰਗਰੀ ਦੀ ਪਿਛੋਕੜ ਵਾਲਾ ਇਕ ਹੋਰ ਪ੍ਰੋਫੈਸਰ, ਡਾ. ਨੋਰਬਰਟ ਪਾਰਦੀ ਇਸੇ ਯੂਨੀਵਰਸਿਟੀ ਵਿਚ ਉਨ੍ਹਾਂ ਨਾਲ ਰਲ ਗਿਆ। ਉਸ ਨੇ ਪਤਾ ਲਾਇਆ ਕਿ ਜੇ ਮ.ਰ.ਨ. ਏ. ਨੂੰ ਲਿਪਿਡ ਦੇ ਮਹੀਨ ਕਣਾਂ ਵਿਚ ਲਪੇਟਿਆ ਜਾਵੇ ਤਾਂ ਉਹ ਪ੍ਰਵੇਸ਼ ਕਰਨ ਮਗਰੋਂ ਏਨਾ ਜਲਦੀ ਖ਼ਤਮ ਨਹੀਂ ਹੋਵੇਗਾ ਅਤੇ ਜ਼ਰੂਰੀ ਸੁਨੇਹਾ ਪੁਚਾ ਸਕੇਗਾ। ਵੀਜ਼ਮੈਨ ਨੂੰ ਯਕੀਨ ਹੋਇਆ ਕਿ ਇਸ ਵਿਧੀ ਨਾਲ ਅਨੇਕਾਂ ਬੀਮਾਰੀਆਂ ਤੋਂ ਰੋਕ ਥਾਮ ਹੋ ਸਕੇਗੀ। ਉਨ੍ਹਾਂ ਦਾ ਇਹ ਖੋਜ ਪੱਤਰ 2005 ਦੇ 'ਇਮਿਊਨਿਟੀ' ਵਿਚ ਛਪਿਆ ਜਿਸ ਨੇ ਕਿਸੇ ਵਿਗਿਆਨੀ ਦਾ ਧਿਆਨ ਨਹੀਂ ਖਿੱਚਿਆ। ਉਨ੍ਹਾਂ ਨੇ ਆਪਣੀ ਕੰਪਨੀ ਸ਼ੁਰੂ ਕੀਤੀ ਵੈਨਕੂਵਰ ਸਥਿਤ ਐਕੂਈਟਸ ਥੈਰਾਪਿਊਟਿਕਸ ਉਹ ਲਿਪਿਡ ਵੀ ਤਿਆਰ ਕਰਦੀ ਹੈ ਜਿਹੜੇ ਫ਼ਾਈਜ਼ਰ ਅਤੇ ਜਰਮਨੀ ਦੇ ਪਰਖ ਅਧੀਨ ਕਿਊਰ ਵੈਕ ਨਾਂ ਦੇ ਵੈਕਸੀਨਾਂ ਨੂੰ ਲਪੇਟਣ ਲਈ ਵਰਤੇ ਜਾਂਦੇ ਹਨ। ਇਸ ਤਰ੍ਹਾਂ ਨਾਲ ਵੈਕਸੀਨ ਦੀ ਘੱਟ ਮਾਤਰਾ ਨਾਲ ਸਰ ਜਾਂਦਾ ਹੈ

**ਮੌਡਰਨਾ -** ਕੈਨੇਡਾ ਦਾ ਜੰਮ ਪਲ ਡੈਰਿਕ ਰੋਸੀ ਸੁਧਰੇ ਹੋਏ ਐਮ.ਆਰ.ਐਨ.ਏ. ਨੂੰ ਇਕ ਚੂਹੇ ਅੰਦਰ ਇੰਜੈਕਟ ਕਰ ਕੇ ਅਸਰ ਵੇਖਣ ਵਿਚ ਕਾਮਯਾਬ ਹੋ ਗਿਆ। 2010 ਵਿਚ ਉਸ ਨੇ ਮੌਡਰਨਾ ਨਾਂ ਦੀ ਕੰਪਨੀ ਦੀ ਸਥਾਪਨਾ ਕੀਤੀ। ਅਸਲ ਵਿਚ ਹਰੇਕ ਆਦਮੀ ਅੰਦਰ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਐਮ.ਆਰ.ਐਨ.ਏ. ਮੌਜੂਦ ਰਹਿੰਦੇ ਹਨ ਜਿਹੜੇ ਜ਼ਰੂਰੀ ਕਾਰਵਾਈਆਂ ਲਈ ਸਾਡੇ ਸੈੱਲਾਂ ਨੂੰ ਹਦਾਇਤਾਂ ਦਿੰਦੇ ਰਹਿੰਦੇ ਹਨ।

**ਬਾਕੀ ਦਾ ਅਗਲੇ ਅੰਕ 'ਚ**

## ਰਾਇਕੋਟ ਤਹਿਸੀਲ ਦੇ ਪਿੰਡ ਚੱਕ ਭਾਈ ਕਾ 'ਚ ਫਿਰਦੀ ਮੰਦ-ਬੁੱਧੀ ਲੜਕੀ ਨੂੰ ਪੁਚਾਇਆ ਸਰਾਭਾ ਆਸ਼ਰਮ

ਓਪਰੀ ਨਜ਼ਰੇ ਵੇਖਿਆਂ ਭਾਵੇਂ ਇਹ ਇੱਕ ਆਮ ਜਿਹੀ ਗੱਲ ਲੱਗਦੀ ਹੈ ਪਰ ਸਮਾਜਕ ਚਿੰਤਕਾਂ ਲਈ ਅਜਿਹੀ ਘਟਨਾ ਦਿਲ ਹਲੂਣ ਦੇਣ ਵਾਲੀ ਹੁੰਦੀ ਹੈ ਜਦੋਂ ਕੋਈ ਅਗਿਆਤ ਜੁਆਨ ਲੜਕੀ ਰਾਤ ਨੂੰ ਸ਼ੱਕੀ ਨਜ਼ਰ ਵਿੱਚ ਇਕੱਲੀ ਫਿਰਦੀ ਨਜ਼ਰ ਪੈ ਜਾਵੇ। ਅਜਿਹੀ ਹੀ ਇੱਕ ਵਾਰਦਾਤ 15 ਮਈ ਦੀ ਰਾਤ ਨੂੰ ਰਾਇਕੋਟ ਤਹਿਸੀਲ ਦੇ ਪਿੰਡ ਚੱਕ ਭਾਈ ਕਾ ਵਿਖੇ ਵਾਪਰੀ ਜਦੋਂ ਪਿੰਡ ਦੇ ਕੁੱਝ ਵਿਅਕਤੀਆਂ ਨੇ ਇੱਕ ਮੰਦ-ਬੁੱਧੀ ਲੜਕੀ ਨੂੰ ਅਜੀਬ ਹਾਲਤ ਵਿੱਚ ਪਿੰਡ ਦੀ ਸੜਕ ਤੇ ਇਕੱਲੀ ਨੂੰ ਬੈਠਿਆਂ ਵੇਖਿਆ। ਉਹਨਾਂ ਨੇ ਇਹ ਮਾਮਲਾ ਪਿੰਡ ਦੀ ਪੰਚਾਇਤ ਦੇ ਧਿਆਨ ਵਿੱਚ ਲਿਆਂਦਾ। ਪਿੰਡ ਦੀ ਸਰਪੰਚ ਬੀਬੀ ਚਰਨਜੀਤ ਕੌਰ, ਪੰਚ ਅਮਰਜੀਤ ਸਿੰਘ ਅਤੇ ਅਤੇ ਹੋਰ ਪਤਵੰਤੇ ਸੱਜਣਾ ਨੇ ਇਸ ਸਬੰਧੀ ਰਾਇਕੋਟ ਪੁਲਿਸ ਨੂੰ ਸੂਚਤ ਕੀਤਾ।



ਉਸ ਰਾਤ ਇਸ ਲੜਕੀ ਨੂੰ ਪਿੰਡ ਦੇ ਗੁਰਦੁਵਾਰਾ ਸਾਹਿਬ ਵਿੱਚ ਰੱਖਿਆ ਗਿਆ। ਦੂਜੇ ਦਿਨ 16 ਮਈ ਨੂੰ ਰਾਇਕੋਟ ਪੁਲਿਸ ਦੀ ਸਲਾਹ ਤੇ ਚੱਕ ਭਾਈ ਕਾ ਪਿੰਡ ਦੇ ਰਿਸ਼ੀ ਸਿੰਘ, ਸੁਖਰਾਜ ਸਿੰਘ ਅਤੇ ਕੁੱਝ ਹੋਰ ਪਤਵੰਤੇ ਸੱਜਣ ਇਸ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਛੱਡ ਕੇ ਗਏ। ਇਸ ਲੜਕੀ ਨੇ ਆਪਣਾ ਨਾਉਂ ਸੁਸ਼ੀਲਾ ਦੱਸਿਆ ਹੈ, ਇਹ ਵੀ ਦੱਸਿਆ ਕਿ ਅਸੀਂ ਛੇ ਭੈਣਾਂ ਅਤੇ ਦੋ ਭਰਾ ਹਾਂ। ਪਰ ਇਹ ਨਹੀਂ ਦੱਸ ਸਕਦੀ ਕਿ ਮਾਤਾ-ਪਿਤਾ ਅਤੇ ਪਰਿਵਾਰ ਦੇ ਜੀਅ ਕਿੱਥੇ ਰਹਿੰਦੇ ਹਨ। ਆਸ਼ਰਮ ਵਿੱਚ ਇਸ ਦਾ ਇਲਾਜ ਦਿਆ ਨੰਦ ਹਸਪਤਾਲ ਲੁਧਿਆਣਾ ਦੇ ਮਸ਼ਹੂਰ ਰਿਟਾਇਡ ਸਾਇਕੈਟਰਿਸਟ ਡਾ. ਆਰ. ਐਲ ਨਾਰੰਗ ਵੱਲੋਂ ਕੀਤਾ ਜਾਵੇਗਾ।

ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਜੋਧਾਂ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਡੇਢ ਸੌ ਦੇ ਕਰੀਬ ਅਪਾਹਜ, ਨੇਤਰਹੀਣ, ਦਿਮਾਗੀ ਸੰਤੁਲਨ ਗੁਆ ਚੁੱਕੇ, ਅਧਰੰਗ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ. ਆਦਿ ਨਾਲ ਪੀੜਤ ਮਰੀਜ਼ ਰਹਿੰਦੇ ਹਨ। ਇਹ ਸਾਰੇ ਹੀ ਲਾਵਾਰਸ, ਬੇਘਰ ਅਤੇ ਬੇਸਹਾਰਾ ਹਨ। ਇਹਨਾਂ ਮਰੀਜ਼ਾਂ ਦੀ ਸੇਵਾ-ਸੰਭਾਲ ਮੁਫ਼ਤ ਕੀਤੀ ਜਾਂਦੀ ਹੈ। ਆਸ਼ਰਮ ਦਾ ਲੱਖਾਂ ਰੁਪਏ ਮਹੀਨੇ ਦਾ ਖ਼ਰਚਾ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਇੰਡੀਆ ਵਿੱਚ (ਮੋਬਾ); 95018-42506 ਅਤੇ ਕੈਨੇਡਾ ਵਿੱਚ 403-401-8787 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੱਡ ਬੀਤੀ

# ਜਦੋਂ ਖੋਲ੍ਹੀ ਸੇਠ ਦੀ ਪੋਲ





ਅਲੀ ਰਾਜਪੁਰਾ
ਸਟੇਟ ਐਵਾਰਡੀ
094176-79302.

ਮੈਨੂੰ ਇਹ ਨਹੀਂ ਸੀ ਪਤਾ ਕਿ ਸੇਠ ਏਨੀ ਤਿੱਖੀ ਬੁੱਧੀ ਦਾ ਮਾਲਕ ਏ ... ਏਨੀ ਬਾਰੀਕ ਸੋਚ ਰੱਖਦਾ ਏ. ਉਂਜ ਸੁਣਿਆ ਜ਼ਰੂਰ ਸੀ ਕਿਸੇ ਸਿਆਣੇ ਤੋਂ ਕਿ ਇਹ ਲੋਕ ਘਾਟਾ ਪਹਿਲਾਂ ਅਤੇ ਮੁਨਾਫਾ ਬਾਅਦ 'ਚ ਦੇਖਦੇ ਆ। ਇਸ ਗੱਲ ਦਾ ਗਿਆਨ ਮੈਨੂੰ ਸੇਠ ਕੋਲ ਲੱਗਿਆਂ ਪੱਕੀ ਤਰ੍ਹਾਂ ਹੋ ਗਿਆ ਸੀ। ਜਦੋਂ ਨਵਾਂ-ਨਵਾਂ ਲੱਗਿਆ ਸਾਂ ਤਾਂ ਬਹੁਤਾ ਸਮਾਂ ਤਾਂ ਸੇਠ ਨੇ ਕੋਈ ਉੱਘ-ਸੁੱਘ ਨਹੀਂ ਲੱਗਣ ਦਿੱਤੀ ਕਿ ਉਹ ਕੀ ਕਰਦੈ, ਪਿਛਲੇ ਕਮਰੇ 'ਚ ਵੜ ਕੇ। ਕਿਉਂਕਿ ਉਹ ਮੈਨੂੰ ਹੱਟੀ 'ਤੇ ਖੜ੍ਹਾ ਕਰ ਜਾਂਦਾ ਤੇ ਆਪ ਪਿੱਛੇ ਕਮਰੇ 'ਚ ਜਾ ਵੜਦਾ। ਜੇਕਰ ਕਦੇ-ਕਦਾਈਂ ਮੈਂ ਪਿਛਲੇ ਕਮਰੇ 'ਚ ਚਲਾ ਜਾਂਦਾ ਤਾਂ ਸੇਠ ਮੈਨੂੰ ਸਮਝਾਉਂਦਾ, "ਆਹ ਦੇਖਇਉਂ ਹੱਥ ਮਾਰਨਾ ਏ ਢੇਰੀ 'ਚ, ਇਉਂ ਮਲਣੀਂ ਆ ਦੋਵੇਂ ਹੱਥੀਂ ਜਦੋਂ ਤੀਕ ਇਕ ਜਾਨ ਨਾ ਹੋ ਜਾਵੇ। ਆਹ ਏਨੇ ਕਿਲੋ ਤਾਰਾਮੀਰਾ 'ਚ ਏਨੀ ਪੀਸੀ ਸਰ੍ਹੋਂ ਦੀ ਖਲ ਪਾਉਣੀ ਆ ...ਹੁਣ ਆਹ ਚੰਗੀ ਤਰ੍ਹਾਂ ਸਮਝ ਲੈ, ਦੇਖ ਲੈ ਮਿਕਸ ਕਰਦੇ ਨੂੰ, ਕੱਲ੍ਹ ਨੂੰ ਤੂੰ ਆਪ ਵੀ ਮਿਕਸ ਕਰਨੀ ਹੋਇਆ ਕਰੂ... ਆਹ ਦੁਕਾਨਦਾਰੀ ਦੇ ਗੁਣ ਆ। ਇਸੇ ਤਰ੍ਹਾਂ ਹਲਦੀ 'ਚ ਪੀਲੀ ਮਿੱਟੀ ਜਾਂ ਚਾਵਲਾਂ ਦੀ ਬਾਰੀਕ ਪਾਲਿਸ, ਸਰ੍ਹੋਂ ਦੇ ਤੇਲ 'ਚ ਰੀਫਾਈਂਡ, ਮਹਿੰਗੀ ਚਾਹ 'ਚ ਸਸਤੀ ਚਾਹ ਮਿਕਸ ਕਰਕੇ ਦੱਸਦਾ ਹੁੰਦਾ ਸੀ ਕਿ ਚਾਰ ਪੈਸੇ ਵੱਧ ਲੱਭਦੇ ਆ। ਕੁਝ ਸਮੇਂ ਬਾਅਦ ਇਹ ਸਾਰਾ ਕੰਮ ਸੇਠ ਮੇਰੇ ਤੋਂ ਕਰਵਾਉਣ ਲੱਗਿਆ। ਜਦੋਂ ਮੈਂ ਇਹ ਸਾਰੇ ਕੰਮ ਕਰਦਾ ਤਾਂ ਮੈਨੂੰ ਮੇਰਾ ਆਪਾ ਆਖਦਾ, ਕਰੀ ਜਾ ਕਰੀ ਜਾ, ਇਥੇ ਈ ਕਰਨੀਆਂ, ਭਰਨੀਆਂ ਨੇ, ਸਵਰਗ-ਨਰਕ ਨੂੰ ਕੀਹਨੇ ਦੇਖਿਆ ਏ, ਇਥੇ ਈ ਹੁੰਦੇ ਆ ਅਮਲਾਂ ਦੇ ਨਬੇੜੇ ... ਮੇਰੇ ਹੱਥ ਰੁਕਜਾਂਦੇ ...। ਜਦੋਂ ਸੇਠ ਦੀ ਬਾਹਰੋਂ ਆਵਾਜ ਪੈਂਦੀ, ਕਿੰਨਾ ਟਾਈਮ ਲੱਗੂ ਬਈ .... ? ਮੈਂ ਤੇਜ-ਤੇਜ ਹੱਥ ਮਾਰਨ ਲਗਦਾ। ਕਈਵਾਰ ਏਦਾਂ ਹੋਇਆ। ਪਰ ਮੈਂ ਕਰ ਵੀ ਕੀ ਸਕਦਾ ਸੀ। ਮੈਂ ਤਾਂ ਉਸ ਕੋਲ ਚਾਰ ਸੌ ਰੁਪਏ 'ਚ ਮਹੀਨੇ ਲਈ ਦਿਹਾੜੀਆ ਸਾਂ। ਉਹ ਜੋ ਵੀ ਕਹਿੰਦਾ, ਮੈਨੂੰ ਕਰਨਾ ਪੈਂਦਾ। ਦਿਲ ਤਾਂ ਕਰਦਾ ਕਿ ਕਹਿ ਦਿਆਂ, 'ਜੀਅ ਮੈਂ ਨਹੀਂ ਕਰਦਾ ਇੱਦਾਂ, ਪਰ ਜਦੋਂ ਘਰਦੀ ਆਰਥਿਕ ਦਸਾ ਵੱਲ ਝਾਕਦਾ ਤਾਂ ਜੀਭ ਸੀਤੀ ਜਾਂਦੀ। ਇਕ ਦਿਨ ਮੈਂ ਤਾਰਾ-ਮੀਰਾ ਮਿਲਾ ਕੇ ਹਟਿਆ ਸਾਂ। ਮੈਂ ਸੇਠ ਨੂੰ ਪੁੱਛਿਆ, 'ਜੀ ਆਪਾਂ ਆਹ ਵਿਚ ਸਰ੍ਹੋਂ ਦੀ ਖਲ ਕਿਉਂ ਪਾਉਂਦੇ ਆਂ ... ? ਹਲਦੀ 'ਚ ਰੰਗ ਕਿਉਂ ਮਿਲਾਉਂਦੇ ਹਾਂ ?' ਉਸ ਨੇ ਮੈਨੂੰ ਸਾਰਾ ਹਿਸਾਬ-ਕਿਤਾਬ ਲਗਾ ਕੇ ਸਮਝਾਇਆ ਕਿ ਜਿਥੇ ਆਪਾਂ ਨੂੰ ਦੋ ਰੁਪਏ ਬਚਦੇ ਆ ਕਿਲੋ ਮਗਰ, ਉਹ ਤਾਰਾ-ਮੀਰਾ 'ਚ ਸਭ ਦੀ ਖਲ ਮਿਲਾ ਕੇ ਪੰਜ ਰੁਪਏ ਤੋਂ ਵੱਧ ਬਚਦੇ ਆ ਕਿਲੋ ਮਗਰ ਨਾ ਕਿਸੇ ਨੂੰ ਸੱਕ, ਨਾ ਕਿਸੇ ਨੂੰ ਪਤਾ ਲੱਗ ... ਨਾਲੇ ਆਹ ਪਿੰਡ ਆਲੇ ਕੋਈ ਐਡੇ ਚਤਰ ਨਹੀਂ ਹੁੰਦੇ ... ਹੌਲੇ-ਹੌਲੇ ਉਸ ਨੇ ਮੈਨੂੰ ਸਾਰੇ ਸਮਾਨ ਬਾਰੇ ਦੱਸਿਆ, ਜਿਨ੍ਹਾਂ 'ਚ ਉਹ ਕੁਝ ਨਾ ਕੁਝ ਮਿਲਾਉਂਦਾ ਹੁੰਦਾ ਸੀ। ਮੈਂ ਜਦੋਂ ਵੀ ਕਿਸੇ ਗਰੀਬ-ਗੁਰਬੇ ਨੂੰ ਸਮਾਨ ਦੇਣ ਲਗਦਾ ਤਾਂ ਮੇਰੇ ਹੱਥਕੰਬਦੇ, ਮਨ ਅੰਦਰੋਂ ਉਦਾਸ ਹੋ ਜਾਂਦਾ। ਇਕ ਦਿਨ ਮੈਂ ਸੋਚਿਆ ਕਿ ਇਨ੍ਹਾਂ ਭੋਲੇ ਲੋਕਾਂ ਨੂੰ ਕਿਵੇਂ ਸਮਝਾਇਆ ਜਾਵੇ ਤਾਂ ਜੋ ਇਸ ਨਿੱਤ ਦੀ ਲੁੱਟ ਤੋਂ ਬਚ ਸਕਣ, ਨਾ ਖਾਣ ਇਹ ਮਿਲਾਵਟੀ ਸਮਾਨ। ਜਦੋਂ ਇਕ ਕੋਈ ਤਾਰਾ ਮੀਰਾ ਲੈਣ ਆਇਆ। ਇਕ ਉਸਦੀ ਮੱਝ ਸੂਣ ਵਾਲੀ ਸੀ। ਉਤੋਂ ਉਸ ਨੂੰ ਬੈਅ (ਬਈ) ਹੋ ਗਈ। ਕਿਸੇ ਨੇ ਦੱਸਿਆ ਕਿ ਤਾਰਾ-ਮੀਰਾ ਚਾਰ ਦਿਓ, ਠੀਕ ਹੋਜੂ ਗੀ ਜਲਦੀ...। ਪਰ ਉਹ ਡਰਦਾ ਸੀ ਕਿ ਤਾਰਾ ਮੀਰਾ ਤਾਂ ਗਰਮ ਹੁੰਦੈ, ਕਿਧਰੇ ਮੱਝ ਖਰਾਬ ਨਾ ਕਰੇ। ਉਹ ਸੇਠ ਨੂੰ ਮੁੜ-ਮੁੜਪੁੱਛੀ ਜਾਵੇ। ਸੇਠ ਉਸ ਨੂੰ ਮੁੜ-ਮੁੜ ਦੱਸ ਦੇ ਕੇ ਸਮਝਾਵੇ, 'ਕੁਝ ਨ੍ਹੀਂ ਹੁੰਦਾ ਲਾਣੇਦਾਰ, ਕੁਝ ਨੀ ਹੁੰਦਾ, ਕਿਉਂ ਕਮਲੀਆਂਮਾਰੀ ਜਾਂਦੈ...।' ਮੇਰੇ ਤੋਂ ਆਪਣੀ ਲੁਤਰੋ ਰੋਕੀ ਨਾ ਗਈ। ਮੈਂ ਤਾਰਾ-ਮੀਰਾ ਦੇ ਕੇ ਕਿਫਾਫੇ (ਪੋਲੀਥੀਨ) ਨੂੰ ਗੰਢ ਦਿੰਦਿਆਂ ਕਿਹਾ, 'ਓ ਚਾਚਾ ,ਬੇਫਿਕਰ ਰਹਿ, ਕਿਧਰੇ ਨ੍ਹੀਂ ਕੁਝ ਹੁੰਦਾ ਮੱਝ ਨੂੰ, ਇਹਦੇ 'ਚ ਸਰ੍ਹੋਂ ਦੀ ਖਲ ਮਿਕਸ ਕੀਤੀ ਹੋਈ ਆ... ਹੁਣਇਹਦੀ ਤਸੀਰ ਬਦਲ ਗਈ ਆ, ਬਸ ਤੂੰ ਚੁੱਪ ਕਰਕੇ ਮੱਝ ਨੂੰ ਚਾਰ ਦੇ...।' ਤਾਰਾ-ਮੀਰਾ ਲੈਣ ਵਾਲਾ ਤਾਂ ਲੈ ਨਿਕਲਿਆ, ਪਰ ਜਿਹੜੀ ਮੇਰੇ ਨਾਲ ਕੁੱਤੇ-ਖਾਣੀ ਹੋਈ, ਉਹ ਤਾਂ ਰੱਬ ਹੀ ਜਾਣਦੈ ਜਾਂ ਮੈਂ ਜਾਣਦਾ ਜਾਂ ਵਿਚਾਰਾ ਸੇਠ, ਜਿਸ ਨੇ ਕੀਤੀ ਸੀ। ਇਸੇ ਤਰ੍ਹਾਂ ਇਕ ਦਿਨ ਮੈਂ ਹਲਦੀ ਵਿਚਲੀ ਪੀਲੀ ਮਿੱਟੀ ਦਾ ਭਾਂਡਾ ਭੰਨਿਆ। ਤਰਖਾਣਾਂ ਦੀ ਬੁੜ੍ਹੀ ਪਹਿਲਾਂ ਹਲਦੀ ਲੈ ਕੇਗਈ ਸੀ। ਹਲਦੀ ਰੰਗੀ ਨਾ ਨਿਕਲੀ ਹੋਊ। ਉਹ ਜਦੋਂ ਦੁਬਾਰਾ ਲੈਣ ਆਈ ਤਾਂ ਸੇਠ ਨੂੰ ਆਖਣ ਲੱਗੀ, 'ਮੰਗਤੇ ਭਾਈ, ਜਿਹੜੀਮੈਂ ਪਹਿਲਾਂ ਹਲਦੀ ਲੈ ਗਈ ਸੀ, ਉਹ ਤਾਂ ਜਮ੍ਹਾਂ ਈ ਨਿਕੰਮੀ ਨਿਕਲੀ। ਬੜੀ ਔਖੀਂ ਵਰਤੀ... ਨਾ ਰੰਗ ਛੱਡੇ... ਨਾ ਦਾਲ-ਸਬਜ਼ੀ ਸੁਆਦ ਬਣੇ। ਪਤੀਲੀ 'ਚ ਗੰਢਾਂ ਜਿਹੀਆਂ ਬਣ ਜਾਂਦੀਆਂ ਨੇ। ਸੇਠ ਕਹਿੰਦਾ, 'ਭਾਈ ਘਬਰਾ ਨਾ ਆਹ ਵਧੀਆ ਏ..ਇਸ ਵਾਰ ਆਪਾਂ ਨੇ ਸਾਬਤ ਲੈ ਕੇ ਪਿਸਾਈ ਆਪ।' ਮੈਂ ਹਲਦੀ ਤੋਲ ਰਿਹਾਸਾਂ ਤੋਂ ਉਨ੍ਹਾਂ ਦੀ ਵਾਰਤਲਾਪ ਨੂੰ ਕੱਟ ਕੇ ਆਖਣ ਲੱਗਿਆ, 'ਬੇਬੇ ਐਦਾਂ ਹੋ ਈ ਨ੍ਹੀਂ ਸਕਦਾ। ਮੈਨੂੰ ਪੂਰਾ ਭਰੋਸਾ ਏ ਆਪਣੇਆਪ 'ਤੇ, ਪੀਲੀ ਮਿੱਟੀ ਤਾਂ ਮੈਂ ਆਪ ਪਾਈ... ਆਪਣੇ ਹੱਥੀਂ ਚੰਗੀ ਤਰ੍ਹਾਂ ਇਕ ਜਾਨ ਕੀਤੀ... ਫੇਰ ਕਿਵੇਂ ਰਹਿ ਗਈਆਂ ਗੰਢਾਂ... ਨਾਲੇ ਅੱਗੇ ਨਾਲੋਂ ਇਸ ਵਾਰ ਤਾਂ ਪਾਈਆਂ ਫਾਲਤੂ ਈ ਪਾਈ ਹੋਣੀ ਐ ਪੀਲੀ ਮਿੱਟੀ।' ਮੈਂ ਫਫੇਕੁੱਟਣੀ ਵਾਂਗ ਆਪਣਾਕੰਮ ਕਰ ਨਿਕਲਿਆ ਸਾਂ। ਬੇਬੇ ਵਿਚਾਰੀ ਤੋਲੀ-ਤਲਾਈ ਹਲਦੀ ਛੱਡ ਕੇ ਤੁਰ ਗਈ। ਸੇਠ ਮੈਨੂੰ ਪੈ ਨਿਕਲਿਆ। ਤੇਰੇ ਤੋਂ ਸਾਲਿਆ ਜੀਭ ਨੂੰ ਜਿੰਦਾ ਨ੍ਹੀ ਲਗਦਾ... ਕੁੱਤਾ ਹਰਾਮਜਾਦਾ... ਕਦੇ ਮਗਜ ਮਾਰਨ ਲੱਗਿਆ ਸੋਚ ਲਿਆ ਕਰ ਕਿ ਕੀ ਬਕ ਰਿਹਾ ਹਾਂ। ਜਦੋਂ ਅਕਲ ਮੱਤ ਨੀਂ ਫੇਰ ਅੰਦਰ ਨਹੀਂ ਰੱਖੀ ਜਾਂਦੀ, ਆਹ ਦੋ ਉਂਗਲ ਦੀ...। ਆਹ ਬਣੇਗਾ ਵਿਚਾਰਾ ਪੰਸਾਰੀ...ਦੱਸਦਾਂ ਤੇਰੇ ਬਾਪ ਨੂੰ ਤੇਰੀਆਂ ਆਹ ਕਰਤੂਤਾਂ।' ਮੈਂ ਸਟੋਵ 'ਤੇ ਚਾਹ ਬਣਾਉਣ ਲੱਗਿਆ ਗਰਦਨ ਟੇਢੀ ਕਰਕੇ। ਸੇਠ ਆਪਣਾ ਮੰਤਰ ਪੜ੍ਹੀ ਜਾ ਰਿਹਾ ਸੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਮੈਂ ਆਹ ਸਭ ਕੁਝ ਜਾਣ-ਬੁੱਝ ਕੇ ਕਰਦਾਂ ...

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਪੰਜਾਬੀ ਫਿਲਮਾਂ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ 'ਦਲਜੀਤ ਕੌਰ' ਦਾ ਚਿਹਰਾ ਗੁੰਮਨਾਮ ਕਿਉਂ



ਪੰਜਾਬੀ ਫਿਲਮ ਇੰਡਸਟਰੀ ਨੇ ਵੱਖ ਵੱਖ ਅਦਾਕਾਰਾ ਨੂੰ ਫਿਲਮਾਂ ਵਿੱਚ ਉਤਰਿਆ ਜਿਨ੍ਹਾਂ ਨੂੰ ਦਰਸ਼ਕਾਂ ਬੇਹੱਦ ਪਸੰਦ ਕੀਤਾ। ਜਿਨ੍ਹਾਂ ਵਿੱਚੋਂ ਇੱਕੋ ਇੱਕ ਚਿਹਰਾ ਹੈ ਫਿਲਮੀ ਅਦਾਕਾਰ ਦਲਜੀਤ ਕੌਰ ਦਾ। ਦਲਜੀਤ ਕੌਰ ਸੋਹਣੀ ਸੁਨੱਖੀ ਮੁਟਿਆਰ ਹੋਣ ਦੇ ਨਾਤੇ ਲੰਮੀ ਲੂੰਜੀ ਵੀ ਸੀ। ਦਲਜੀਤ ਜਦੋਂ ਫਿਲਮ ਵਿੱਚ ਆਪਣੀ ਭੂਮਿਕਾ ਨਿਭਾਂਉਦੀ ਸੀ ਤਾਂ ਚੇਹਰੇ ਤੋਂ ਨੂਰ ਟਪਕਦਾ ਸੀ। ਦਲਜੀਤ ਕੌਰ ਨੇ ਆਪਣਾ ਫਿਲਮੀ ਸਫਰ 1976 ਤੋਂ ਸ਼ੁਰੂ ਕੀਤਾ ਸੀ। ਪੰਜਾਬੀ ਫਿਲਮਾਂ 'ਚ ਦਲਜੀਤ ਕੌਰ ਨੂੰ ਮੋਹਰੀ ਭੂਮਿਕਾ ਨਿਭਾਉਣ ਦਾ ਮੌਕਾ ਮਿਲਦਾ ਸੀ। ਦਲਜੀਤ ਦਾ ਜੱਦੀ ਪਿੰਡ ਲੁਧਿਆਣਾ ਜਿਲ੍ਹੇ ਦੇ ਸੁਧਾਰ ਨੇੜੇ 'ਐਤਿਆਨਾ' ਹੈ। ਇਹ ਪੱਛਮੀ ਬੰਗਾਲ ਦੇ ਸਿਲੀਗੁੜੀ ਵਿੱਚ ਜਵਾਨ ਹੋਈ। ਦਲਜੀਤ ਨੇ ਆਪਣੀ ਪੜ੍ਹਾਈ ਕੌਨਵੈਂਟ ਸਕੂਲ ਤੋਂ ਕੀਤੀ ਅਤੇ ਦਿੱਲੀ ਦੇ ਮਸਹੂਰ ਸ੍ਰੀ ਰਾਮ ਕਾਲਜ ਤੋਂ ਬੀ. ਏ ਆਨਰਜ ਦੀ ਡਿਗਰੀ ਹਾਸਲ ਕੀਤੀ। ਦਲਜੀਤ ਨੇ ਪੂਨੇ ਫਿਲਮ ਇਸਟੀਚਿਊਟ ਵਿੱਚ ਦਾਖਲਾ ਲਿਆ ਜਿੱਥੇ ਉਸ ਨੇ ਲਘੂ ਫਿਲਮ 'ਬੋਂਗਾ' 'ਚ ਨਿੱਕੀ ਜਿਹੀ ਭੂਮਿਕਾ ਨਿਭਾਈ ਜਿਸ ਨੂੰ ਕੁੰਦਨ ਸ਼ਾਹ ਨੇ ਨਿਰਦੇਸ਼ਿਤ ਕੀਤਾ ਸੀ। ਜਿਸ ਤੋਂ ਬਾਅਦ ਇਸ ਨੇ ਪੰਜਾਬੀ ਫਿਲਮ 'ਦਾਜ' ਵਿੱਚ ਧੀਰਜ ਕੁਮਾਰ ਨਾਲ ਜੋੜੀ ਦੀ ਅਹਿਮ ਭੂਮਿਕਾ ਨਿਭਾਈ ਜੋ ਸੁਪਰਹਿੱਟ ਫਿਲਮ ਹੋਈ। 1980 ਵਿੱਚ ਬਾਲੀਵੁੱਡ ਸਟਾਰ ਸੁਨੀਲ ਦੱਤ ਨੇ ਬਾਲੀਵੁੱਡ ਫਿਲਮ ਯਾਰੀ ਦੁਸ਼ਮਣੀ 'ਚ ਭੂਮਿਕਾ ਨਿਭਾਉਣ ਦਾ ਮੌਕਾ ਦਿੱਤਾ। ਜਿਸ ਤੋਂ ਬਾਅਦ ਪੌੜੀ ਦੇ ਡੰਡੇ ਨੂੰ ਅਜਿਹਾ ਹੱਥ ਪਿਆ ਕਿ ਪੰਜਾਬੀ ਫਿਲਮਾਂ ਦੀ ਸਿਰਮੌਰ ਅਦਾਕਾਰਾ ਬਣ ਗਈ। ਫਿਰ ਇਸ ਨੇ ਬਤੌਰ ਅਦਾਕਾਰਾ ਫਿਲਮਾਂ ਕੀਤੀਆਂ ਜਿਵੇਂ, ਪੁੱਤ ਜੱਟਾਂ ਦੇ, ਮਾਮਲਾ ਗੜਬੜ ਹੈ, ਕੀ ਬਣੂ ਦੁਨੀਆ ਦਾ, ਗਿੱਧਾ, ਬਟਵਾਰਾ, ਲਾਜੋ, ਵੈਰੀ ਜੱਟ, ਸੋਹਣੀ ਮਹੀਵਾਲ, ਸੱਜਣਾ ਵੇ ਸੱਜਣਾ, ਦੂਜਾ ਵਿਆਹ, ਅਣਖ ਜੱਟਾਂ ਦੀ, ਟਾਕਰੇ ਜੱਟਾਂ ਦੇ, ਨਿੰਮੋ, ਸਾਲੀ ਅੱਧੀ ਘਰਵਾਲੀ, ਸੁਹਾਗ ਚੂੜਾ, ਸਰਪੰਚ, ਸੈਦਾਂ ਜੋਗਣ ਤੋਂ ਇਲਾਵਾ ਹੋਰ ਵੀ ਕਈ ਫਿਲਮਾਂ ਕੀਤੀਆਂ ਜੋ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੀਆਂ ਤੇ ਦਰਸ਼ਕਾਂ ਨੇ ਬੇਹੱਦ ਪਸੰਦ ਕੀਤੀਆਂ। ਪੰਜਾਬੀ ਫਿਲਮ ਇੰਡਸਟਰੀ ਵਿੱਚ 6 ਦਸੰਬਰ 1988 ਨੂੰ ਇੱਕਦਮ ਹਨੇਰਾ ਛਾ ਗਿਆ ਜਦੋਂ ਫਿਲਮੀ ਅਦਾਕਾਰ, ਲੇਖਕ, ਨਿਰਦੇਸ਼ਕ ਤੇ ਨਿਰਮਾਤਾ ਵਰਿੰਦਰ ਦਾ ਕਤਲ ਹੋ ਗਿਆ ਸੀ। ਕਿਉਂਕਿ ਵਰਿੰਦਰ ਤੇ ਦਲਜੀਤ ਕੌਰ ਬਣੀਆਂ ਫਿਲਮਾਂ ਨੂੰ ਲੋਕੀਂ ਕਾਫੀ ਦੇਖਦੇ ਸੀ। ਅਦਾਕਾਰ ਵਰਿੰਦਰ ਦੇ ਤੁਰ ਜਾਣ ਤੋਂ ਬਾਅਦ ਪੰਜਾਬੀ ਫਿਲਮਾਂ ਨੇ ਚੁੱਪ ਧਾਰ ਲਈ ਸੀ। ਗੁੱਗੂ ਗਿੱਲ ਤੇ ਯੋਗਰਾਜ ਸਿੰਘ ਜੋ ਪਹਿਲਾਂ ਫਿਲਮਾਂ ਵਿੱਚ ਬਤੌਰ ਖਲਨਾਇਕ ਦੀ ਭੂਮਿਕਾ ਨਿਭਾਉਂਦੇ ਸੀ 1990 ਵਿੱਚ ਗੁੱਗੂ ਗਿੱਲ ਤੇ ਦਲਜੀਤ ਕੌਰ ਨੇ ਮੁੱਖ ਭੂਮਿਕਾ ਨਿਭਾਉਣ ਵਾਲੀ ਪਹਿਲੀ ਫਿਲਮ 'ਅਣਖ ਜੱਟਾਂ ਦੀ' ਕੀਤੀ ਜੋ ਦਰਸ਼ਕਾਂ ਨੇ ਕਾਫੀ ਪਸੰਦ ਕੀਤੀ। ਦਲਜੀਤ ਕੌਰ ਦਾ ਵਿਆਹ ਹਰਮਿੰਦਰ ਸਿੰਘ ਦਿਉਲ ਹੋਇਆ ਸੀ ਜਿਸ ਨਾਲ ਮਿਲ ਕੇ ਇਸ ਬਾਗੀ ਫਿਲਮ ਬਣਾਈ ਸੀ ਜੋ ਕਿਸੇ ਕਾਰਨਾਂ ਕਰਕੇ ਕੁਝ ਸਮਾਂ ਰਿਲੀਜ ਨਹੀਂ ਹੋ ਸਕੀ ਸੀ। ਦਲਜੀਤ ਕੌਰ ਦੇ ਪਤੀ ਹਰਮਿੰਦਰ ਸਿੰਘ ਦਿਉਲ ਦੀ ਹਾਦਸੇ ਦੌਰਾਨ ਮੌਤ ਹੋ ਗਈ ਸੀ ਜਿਸ ਤੋਂ ਬਾਅਦ ਦਲਜੀਤ ਕੌਰ ਨੇ ਫਿਲਮਾਂ ਤੋਂ ਧਿਆਨ ਹਟਾ ਦਿੱਤਾ ਸੀ। 2002 ਵਿੱਚ ਪੰਜਾਬੀ ਗਾਇਕ ਹਰਭਜਨ ਮਾਨ ਨੇ ਇੱਕ ਵਾਰ ਮੁੜ ਤੋਂ ਪੰਜਾਬੀ ਇੰਡਸਟਰੀ ਨੂੰ ਖੜ੍ਹਾ ਕਰ ਦਿੱਤਾ ਸੀ ਉਸ ਦੀ ਫਿਲਮ 'ਜੀ ਆਇਆ ਨੂੰ' ਮਾਰਕੀਟ ਵਿੱਚ ਆਈ ਜੋ ਸੁਪਰਹਿੱਟ ਹੋਈ ਜਿਸ ਵਿੱਚ ਦਲਜੀਤ ਕੌਰ ਨੇ ਮਾਂ ਦੇ ਰੋਲ ਦੀ ਅਹਿਮ ਭੂਮਿਕਾ ਨਿਭਾਈ ਸੀ। ਗਿੱਪੀ ਗਰੇਵਾਲ ਦੀ ਫਿਲਮ 'ਸਿੰਘ ਵਰਸਿਜ ਕੌਰ' ਵਿੱਚ ਦਲਜੀਤ ਕੌਰ ਨੇ ਗਿੱਪੀ ਗਰੇਵਾਲ ਦੀ ਮਾਂ ਬਣਨ ਦੀ ਅਹਿਮ ਭੂਮਿਕਾ ਨਿਭਾਈ ਅਤੇ ਹੋਰ ਵੀ ਕਈ ਫਿਲਮਾਂ ਕੀਤੀਆਂ ਜਿਨ੍ਹਾਂ ਨੇ ਦਲਜੀਤ ਕੌਰ ਮੁੜ ਤੋਂ ਫਿਲਮੀ ਕੈਰੀਅਰ ਨਾਲ ਜੋੜ ਦਿੱਤਾ। ਪਰ ਅੱਜ ਦੇ ਸਮੇਂ ਵਿੱਚ ਇਹ ਫਿਲਮ ਇੰਡਸਟਰੀ ਵਿੱਚੋਂ ਗੁਮਨਾਮ ਹੋ ਗਿਆ ਹੈ। ਸੂਤਰਾਂ ਅਨੁਸਾਰ ਮੰਨੀਏ ਤਾਂ ਦਲਜੀਤ ਕੌਰ ਆਪਣਾ ਫਿਲਮੀ ਸਫਰ ਭੁੱਲ ਚੁੱਕੀ ਕਿਉਂਕਿ ਪਤੀ ਦੀ ਮੌਤ ਤੇ ਸੁੰਨੀ ਕੁੱਖ ਕਾਰਨ ਉਹ ਮਾਨਸਿਕ ਰੋਗੀ ਬਣ ਕੇ ਰਹਿ ਗਈ ਹੈ ਜਿਸ ਕਾਰਨ ਏਹੇ ਚਿਹਰਾ ਫਿਲਮ ਇੰਡਸਟਰੀ ਚੋਂ ਗਾਇਬ ਜਿਹਾ ਹੋ ਗਿਆ ਹੈ। ਅਸੀਂ ਕਾਮਨਾ ਕਰਦੇ ਹਾਂ ਦਲਜੀਤ ਕੌਰ ਮੁੜ ਤੋਂ ਪੰਜਾਬੀ ਫਿਲਮਾਂ ਦਾ ਹਿੱਸਾ ਬਣੇ ਕਿਉਂਕਿ ਪੰਜਾਬੀ ਫਿਲਮ ਇੰਡਸਟਰੀ ਵਿੱਚ ਸਮੇਂ ਦਲਜੀਤ ਕੌਰ ਦੀ ਤੁਲਨਾ ਬਾਲੀਵੁੱਡ ਸਟਾਰ ਹੇਮਾ ਮਾਲਿਨੀ ਨਾਲ ਕੀਤੀ ਜਾਂਦੀ ਸੀ ਤੇ ਪੰਜਾਬੀ ਫਿਲਮਾਂ ਦੀ ਹੇਮਾ ਮਾਲਿਨੀ ਵੱਜੋਂ ਜਾਣਿਆ ਜਾਂਦਾ ਸੀ।

**ਪੇਸ਼ਕਸ਼ - ਕੁਲਵੰਤ ਛਾਜਲੀ**
**ਮੋਬਾਈਲ 98154 72063**

# ਲਾਸ਼ ਦੇਖ ਕੇ ਲੋਕਾਂ ਨੇ ਬੰਦ ਕਰ ਲਏ ਬੂਹੇ



ਬਨਖੰਡੀ (ਪੰਜਾਬੀ ਅਖਬਾਰ ਬਿਊਰੋ)- ਕੋਰੋਨਾਵਾਇਰਸ ਦੀ ਦੂਜੀ ਲਹਿਰ ਬੇਹੱਦ ਖ਼ਤਰਨਾਕ ਹੁੰਦੀ ਜਾ ਰਹੀ ਹੈ। ਵੱਡੀ ਗਿਣਤੀ 'ਚ ਲੋਕ ਆਪਣਿਆਂ ਨੂੰ ਗੁਆ ਰਹੇ ਹਨ। ਹਾਲਾਤ ਇੰਨੇ ਖ਼ਰਾਬ ਹੋ ਗਏ ਹਨ ਕਿ ਲੋਕ ਅਰਥੀ ਤਕ ਨੂੰ ਮੋਢਾ ਤਾਂ ਕੀ ਦੇਣਾ, ਵੇਖ ਕੇ ਬੂਹੇ ਹੀ ਬੰਦ ਕਰ ਰਹੇ ਹਨ। ਕੋਰੋਨਾ ਦਾ ਖੌਫ਼ ਇੰਨਾ ਜ਼ਿਆਦਾ ਹੈ ਕਿ ਇਸ ਤੋਂ ਹਰ ਕੋਈ ਬਚ ਰਿਹਾ ਹੈ। ਆਖ਼ਿਰਕਾਰ ਇੱਕ ਦਿਨ ਮਰਨਾ ਤਾਂ ਸਭ ਨੇ ਹੈ। ਪਰ ਡਰ ਇਹ ਹੈ ਕਿ ਮਨੁੱਖਤਾ ਮਰ ਰਹੀ ਹੈ। ਦੁੱਖ ਇਸ ਗੱਲ ਦਾ ਵੀ ਹੈ ਕਿ ਅਜਿਹਾ ਕਿਸੇ ਨਾਲ ਵੀ ਹੋ ਸਕਦਾ ਹੈ।

**ਲੋਕਾਂ ਨੇ ਬੂਹੇ ਬੰਦ ਕਰ ਲਏ ਅਤੇ ਕੋਈ ਤਸਵੀਰਾਂ ਖਿੱਚ ਰਿਹਾ ਸੀ**

ਹਿਮਾਚਲ ਪ੍ਰਦੇਸ਼ ਦੇ ਰਾਨੀਤਾਲ ਦੇ ਸਰਹੱਦੀ ਖੇਤਰ ਭੰਗਵਾਰ ਦੇ ਵੀਰ ਸਿੰਘ ਨਾਂ ਦੇ ਸ਼ਖ਼ਸ ਨਾਲ ਵਾਪਰੀ ਘਟਨਾ ਸੱਚ-ਮੁੱਚ ਹੀ ਸਾਰਿਆਂ ਨੂੰ ਹਿਲਾ ਕੇ ਰੱਖ ਦੇਵੇਗੀ। ਵੀਰ ਸਿੰਘ ਨੇ ਆਪਣੀ ਹੱਡ ਬੀਤੀ ਸੁਣਾਉਂਦੇ ਹੋਏ ਕਿਹਾ, "ਸਵੇਰੇ 4 ਵਜੇ ਮੇਰੀ ਮਾਂ ਦਾ ਦਿਹਾਂਤ ਹੋਇਆ ਅਤੇ ਮੈਂ 11 ਵਜੇ ਤਕ ਉਡੀਕ ਕਰਦਾ ਰਿਹਾ ਕਿ ਕੋਈ ਮਦਦ ਲਈ ਆਵੇਗਾ। ਜਦੋਂ ਮੈਂ ਆਪਣੀ ਮਾਂ ਦੀ ਲਾਸ਼ ਚੁੱਕ ਕੇ ਜਾ ਰਿਹਾ ਸੀ ਤਾਂ ਲੋਕਾਂ ਨੇ ਵੇਖ ਕੇ ਬੂਹੇ ਬੰਦ ਕਰ ਲਏ ਸਨ ਅਤੇ ਕਈ ਲੋਕ ਤਸਵੀਰਾਂ ਖਿੱਚ ਰਹੇ ਸਨ।" ਪੁੱਤ ਵਲੋਂ ਆਪਣੀ ਮਾਂ ਨੂੰ ਚੁੱਕ ਕੇ ਲੈ ਕੇ ਜਾਣ ਦੀ ਤਸਵੀਰ ਮੀਡੀਆ ਤਕ ਪਹੁੰਚ ਗਈ। ਵੀਰ ਸਿੰਘ ਭੰਗਵਾਰ 'ਚ ਹੀ ਇਕ ਕਲੀਨਿਕ ਵਿੱਚ ਕੰਮ ਕਰਦਾ ਹੈ। ਵੀਰ ਸਿੰਘ ਨੇ ਸਿਹਤ ਮਹਿਕਮੇ 'ਤੇ ਦੋਸ਼ ਲਾਏ ਹਨ। ਉਸ ਨੇ ਕਿਹਾ, "ਜਦੋਂ ਉਹ ਆਪਣੀ ਮਾਂ ਨੂੰ ਐਂਬੂਲੈਂਸ ਜ਼ਰੀਏ ਟਾਂਡਾ ਮੈਡੀਕਲ ਕਾਲਜ ਹਸਪਤਾਲ ਲੈ ਕੇ ਪੁੱਜਿਆ ਤਾਂ ਤਾਂ ਉਨ੍ਹਾਂ ਦਾ ਪਹਿਲਾਂ ਕੋਵਿਡ ਟੈੱਸਟ ਕੀਤਾ ਗਿਆ, ਅਤੇ ਰਿਪੋਰਟ ਪੌਜ਼ੇਟਿਵ ਆਈ ਤਾਂ ਡਾਕਟਰਾਂ ਨੇ ਕਿਹਾ ਕਿ ਹਸਪਤਾਲ 'ਚ ਅਸੀਂ ਉਨ੍ਹਾਂ ਨੂੰ ਦਾਖ਼ਲ ਨਹੀਂ ਕਰ ਸਕਦੇ ਕਿਉਂਕਿ ਨਾ ਤਾਂ ਉੱਥੇ ਕੋਈ ਬੈੱਡ ਖ਼ਾਲੀ ਸੀ, ਅਤੇ ਨਾ ਹੀ ਔਕਸੀਜਨ, ਇਸ ਲਈ ਤੁਸੀਂ ਦੇਖ ਲਓ ਕੀ ਕਰਨਾ ਹੈ ? ਫ਼ਿਰ ਅਸੀਂ ਦਵਾਈ ਲੈ ਕੇ ਘਰ ਆ ਗਏ ਅਤੇ ਸਵੇਰੇ 4 ਵਜੇ ਦੇ ਕਰੀਬ ਮੇਰੀ ਮਾਂ ਦੀ ਮੌਤ ਹੋ ਗਈ।" ਜ਼ਿਕਰਯੋਗ ਹੈ ਕਿ ਰਾਨੀਤਾਲ ਦੇ ਸਰਹੱਦੀ ਖੇਤਰ ਭੰਗਵਾਰ 'ਚ ਬੀਤੇ ਦਿਨ ਕੋਰੋਨਾਵਾਇਰਸ ਕਾਰਨ ਇੱਕ ਔਰਤ ਦੀ ਮੌਤ ਤੋਂ ਬਾਅਦ ਲਾਸ਼ ਨੂੰ ਪੁੱਤਰ ਵਲੋਂ ਇਕੱਲੇ ਆਪਣੇ ਮੋਢਿਆਂ 'ਤੇ ਚੁੱਕ ਕੇ ਲੈ ਕੇ ਜਾਣ ਦੀ ਖ਼ਬਰ ਸ਼ੋਸ਼ਲ ਮੀਡੀਆ 'ਤੇ ਗੂੰਜੀ। ਇਸ ਨੂੰ ਲੈ ਕੇ ਤਲਖ਼ ਟਿੱਪਣੀਆਂ ਦਾ ਦੌਰ ਚੱਲਦਾ ਰਿਹਾ। ਕੋਰੋਨਾ ਨਾਲ ਮ੍ਰਿਤਕ ਮਹਿਲਾ ਦੀ ਅਰਥੀ ਚੁੱਕਣ ਲਈ ਉਸ ਦੇ ਪੁੱਤਰ ਤੋਂ ਸਿਵਾਏ ਤਿੰਨ ਮੋਢੇ ਤਕ ਨਹੀਂ ਮਿਲ ਸਕੇ। ਔਰਤ ਭੰਗਵਾਰ ਪੰਚਾਇਤ ਦੀ ਸਾਬਕਾ ਉੱਪ ਪ੍ਰਧਾਨ ਵੀ ਰਹਿ ਚੁੱਕੀ ਹੈ। ਅਜਿਹੇ ਵਿੱਚ ਪੁੱਤਰ ਨੇ ਮਾਂ ਦੀ ਲਾਸ਼ ਨੂੰ ਮੋਢੇ 'ਤੇ ਚੁੱਕ ਕੇ ਸ਼ਮਸ਼ਾਨਘਾਟ ਪਹੁੰਚਾਇਆ ਅਤੇ ਅੰਤਿਮ ਸੰਸਕਾਰ ਕੀਤਾ। ਉਧਰ ਦੋਸ਼ਾਂ ਬਾਰੇ ਟਾਂਡਾ ਮੈਡੀਕਲ ਕਾਲਜ ਹਸਪਤਾਲ ਦੇ ਪ੍ਰਿੰਸੀਪਲ ਭਾਨੂੰ ਅਵਸਥੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ।

# ਹੁਣ ਔਜਲਾ ਨੇ ਵਧਾਈ ਕੈਪਟਨ ਦੀ ਟੈਨਸ਼ਨ, ਕਿਹਾ ਸਰਕਾਰ ਸਾਡੀ ਪਰ ਰਾਜ ਸੁਖਬੀਰ ਬਾਦਲ ਦਾ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਕਾਂਗਰਸ 'ਚ ਬਗ਼ਾਵਤ ਦਾ ਦੌਰ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। ਬੀਤੇ ਦਿਨੀਂ ਹੋਈ MPs ਅਤੇ ਮੰਤਰੀਆਂ ਦੀ ਬੈਠਕ ਤੋਂ ਬਾਅਦ ਹੁਣ ਇੱਕ ਹੋਰ ਸੰਸਦ ਮੈਂਬਰ ਨੇ ਵੱਡੇ ਸਵਾਲ ਚੁੱਕੇ ਹਨ। ਦਰਅਸਲ ਅੰਮ੍ਰਿਤਸਰ ਤੋਂ ਕਾਂਗਰਸ ਦੇ MP ਅਤੇ ਸੀਨੀਅਰ ਆਗੂ ਗੁਰਜੀਤ ਔਜਲਾ ਨੇ ਜਿੱਥੇ ਅਕਾਲੀ ਦਲ 'ਤੇ ਗੰਭੀਰ ਦੋਸ਼ ਲਗਾਏ ਹਨ, ਉੱਥੇ ਬਾਕੀ ਲੀਡਰਾਂ ਵਾਂਗ ਉਨ੍ਹਾਂ ਵੀ ਖੁੱਲ੍ਹੇ ਤੌਰ 'ਤੇ ਆਖਿਆ ਹੈ ਕਿ ਪੰਜਾਬ 'ਚ ਭਾਵੇਂ ਸਰਕਾਰ ਕਾਂਗਰਸ ਦੀ ਹੈ, ਪਰ ਰਾਜ ਅਜੇ ਵੀ ਸੁਖਬੀਰ ਸਿੰਘ ਬਾਦਲ ਦਾ ਹੀ ਹੈ। ਔਜਲਾ ਦਾ ਕਹਿਣਾ ਹੈ ਕਿ ਪੰਜਾਬ ਦੀ ਅਫ਼ਸਰਸ਼ਾਹੀ ਬਾਦਲਾਂ ਦੇ ਦਬਦਬੇ ਹੇਠ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਅਸਰ ਹਾਈਕੋਰਟ ਵਲੋਂ ਦਿੱਤੇ ਫ਼ੈਸਲੇ 'ਚ ਵੀ ਦਿੱਸਿਆ ਹੈ ਜਦੋਂ ਹਾਈਕੋਰਟ ਪੀੜਤ ਦੀ ਬਜਾਏ ਕਥਿਤ ਦੋਸ਼ੀ ਨਾਲ ਖੜ੍ਹੀ ਦਿਖਾਈ ਦਿੱਤੀ।

ਔਜਲਾ ਦਾ ਕਹਿਣਾ ਹੈ ਕਿ ਸੁਖਬੀਰ ਬਾਦਲ ਦਾ ਅਫ਼ਸਰਸ਼ਾਹੀ 'ਤੇ ਅਜੇ ਵੀ ਦਬਾਅ ਹੈ। ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀਆਂ 'ਤੇ ਸੁਖਬੀਰ ਦੇ ਦਬਾਅ ਦਾ ਹੀ ਨਤੀਜਾ ਹੈ ਕਿ ਜਾਂਚ ਉੱਥੇ ਹੀ ਖੜ੍ਹੀ ਹੈ। ਜਿੰਨੇ ਮਾਮਲੇ ਹੋਏ ਉਨ੍ਹਾਂ 'ਚ ਅਕਾਲੀ ਲੀਡਰ ਫ਼ਸੇ, ਉਹ ਜਾਂਚ ਅੱਗੇ ਹੀ ਨਹੀਂ ਤੁਰੀ ਕਿਉਂਕਿ ਬਿਊਰੋਕ੍ਰੇਸੀ ਟਰਾਇਲ ਅੱਗੇ ਵਧਣ ਹੀ ਨਹੀਂ ਦਿੰਦੀ। ਬਿਕਰਮ ਮਜੀਠੀਆ ਵਾਲੇ ਮਸਲੇ 'ਤੇ ਕੁਝ ਨਹੀਂ ਹੋਇਆ, ਬੀਜ ਘੁਟਾਲੇ 'ਚ ਕੁਝ ਨਹੀਂ ਬਣਿਆ, ਸੀਨੀਅਰ ਅਧਿਕਾਰੀ ਮੁੱਖ ਮੰਤਰੀ ਨੂੰ ਗ਼ਲਤ ਤਸਵੀਰ ਪੇਸ਼ ਕਰਦੇ ਹਨ।

ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮੁੱਦੇ 'ਤੇ ਜਾਂਚ ਕਰ ਰਹੀ SIT 'ਚ ਕੁੰਵਰ ਵਿਜੇ ਪ੍ਰਤਾਪ ਨੂੰ ਇਸ ਕਰ ਕੇ ਲਿਆਂਦਾ ਗਿਆ ਸੀ ਕਿਉਂਕਿ ਉਹ ਇਮਾਨਦਾਰ ਸੀ, ਪਰ SIT ਦੇ ਅਧਿਕਾਰੀਆਂ ਨੇ ਕੁੰਵਰ ਵਿਜੇ ਪ੍ਰਤਾਪ ਨਾਲ ਸਹਿਯੋਗ ਨਹੀਂ ਕੀਤਾ ਲਿਹਾਜ਼ਾ ਉਨ੍ਹਾਂ 'ਤੇ ਕਾਰਵਾਈ ਹੋਣੀ ਚਾਹੀਦੀ ਸੀ। ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਲਗਾਤਾਰ ਕੀਤੀ ਜਾ ਰਹੀ ਬਿਆਨਬਾਜ਼ੀ ਬਾਰੇ ਬੋਲਦੇ ਹੋਏ ਔਜਲਾ ਨੇ ਕਿਹਾ ਕਿ ਸਿੱਧੂ ਪਾਰਟੀ ਦੇ ਸੀਨੀਅਰ ਆਗੂ ਹਨ ਅਤੇ ਉਨ੍ਹਾਂ ਨੂੰ ਜੇ ਕੋਈ ਦਿੱਕਤ ਹੈ ਤਾਂ ਗੱਲ ਮੀਡੀਆ 'ਚ ਰੱਖਣ ਦੀ ਬਜਾਏ ਪਾਰਟੀ ਪਲੈਟਫ਼ੌਰਮ 'ਤੇ ਰੱਖਣੀ ਚਾਹੀਦੀ ਹੈ, ਉਨ੍ਹਾਂ ਕਿਹਾ ਕਿ ਇਹ ਮਸਲਾ ਪਾਰਟੀ ਹਾਈ ਕਮਾਂਡ ਦੇਖ ਰਹੀ ਹੈ।

# ਸਾਂਝਾ ਵਿਰਸਾ

## ਗੁੱਲੀ ਡੰਡਾ ਖੇਡ ਪਿਆਰੀ।




95691-49556
ਸ੍ਰੀ ਮੁਕਤਸਰ ਸਾਹਿਬ



ਸੀ ਖੇਡਦੇ ਰਹਿੰਦੇ ਦਿਹਾੜੀ ਸਾਰੀ। ਪੁਰਾਤਨ ਸਮੇਂ ਦੀਆਂ ਖੇਡਾਂ ਵਿਚੋਂ ਹੀ ਇੱਕ ਖੇਡ ਸੀ ਗੁੱਲੀ ਡੰਡਾ। ਜਿਵੇਂ ਕਿ ਅਜੋਕੇ ਅਗਾਂਹਵਧੂ ਸਮਿਆਂ ਵਿੱਚ ਮੁਨਿਆਰੀ ਤੇ ਜਾਂ ਫਿਰ ਖੇਡ ਖਿਡੌਣਿਆਂ ਵਾਲੀਆਂ ਦੁਕਾਨਾਂ ਚੋਂ ਰੰਗੀਨ ਗੁੱਲੀ ਡੰਡਾ ਅੱਜਕਲ੍ਹ ਵੀ ਆਮ ਹੀ ਮਿਲ ਜਾਂਦਾ ਹੈ, ਜਦੋਂ ਵੀ ਕਿਸੇ ਘਰ ਵਾਹਿਗੁਰੂ ਜੀ ਪੁੱਤਰ ਦੀ ਦਾਤ ਬਖਸਸਿ ਕਰਦਾ ਹੈ ਤਾਂ ਹਾਲੇ ਵੀ ਇਹ ਰਿਵਾਜ ਹੈ ਕਿ ਜਦੋਂ ਓਸ ਘਰ ਜੱਚਾ ਲਈ ਘਿਓ ਰਲਾ ਕੇ ਪਰਿਵਾਰ ਲੈ ਕੇ ਜਾਂਦਾ ਹੈ ਕਈ ਪਰਿਵਾਰ ਤਾਂ ਓਦੋਂ ਹੀ ਜਾਂ ਫਿਰ ਥੋੜੇ ਸਮੇਂ ਬਾਅਦ ਸਵਾ ਮਹੀਨਾ ਜਾ ਢਾਈ ਮਹੀਨਿਆਂ ਬਾਅਦ ਬੱਚੇ ਦੇ ਖੇਡ ਖਿਡੌਣਿਆਂ ਵਿੱਚ ਓਹਨਾਂ ਦੁਕਾਨਾਂ ਤੋਂ ਗੁੱਲੀ ਡੰਡਾ ਵੀ ਜਰੂਰੀ ਲੈ ਕੇ ਜਾਂਦਾ ਹੈ। ਬੇਸੱਕ ਛੋਟੇ ਬੱਚੇ ਤੋਂ ਇਸ ਨਾਲ ਭਲੇ ਹੀ ਨਾਂ ਖੇਡਿਆ ਜਾਵੇ, ਪਰ ਲਿਜਾਇਆ ਜਰੂਰ ਜਾਂਦਾ ਹੈ। ਇਹ ਸਾਡੇ ਪੁਰਖਿਆਂ ਦੀ ਹੀ ਰੀਤ ਚੱਲੀ ਆਉਂਦੀ ਹੈ। ਬਿਲਕੁਲ ਇਹ ਹੋਣਾ ਵੀ ਜਰੂਰੀ ਚਾਹੀਦਾ ਹੈ। ਪੁੱਤਰ, ਪੋਤਰੇ ਦੋਹਤੇ ਹੋਣ ਦੀ ਖੁਸੀ ਇਨਸਾਨ ਤੋਂ ਸਾਂਭੀ ਨਹੀਂ ਜਾਂਦੀ। ਆਮ ਕਹਾਵਤ ਵੀ ਹੈ ਕਿ ਇਨ੍ਹਾਂ ਦੀਆਂ ਕਮਾਈਆਂ ਤਾਂ ਕੋਈ ਕਰਮਾਂ ਭਾਗਾਂ ਵਾਲੇ ਹੀ ਖਾਂਦੇ ਨੇ, ਪਰ ਇਨ੍ਹਾਂ ਦੀ ਖੁਸੀ ਨਾਲ ਆਦਮੀ ਦੇ ਪੈਰ ਜਮੀਨ ਤੇ ਨਹੀਂ ਲੱਗਦੇ ਭਾਵ ਅਤਿਅੰਤਾਂ ਦੀ ਖੁਸੀ ਜਰੂਰ ਹੁੰਦੀ ਹੈ। ਮੁੱਲ ਦਾ ਗੁੱਲੀ ਡੰਡਾ ਸਿਰਫ ਮਨ ਬਹਿਲਾਵੇ ਲਈ ਹੀ ਹੁੰਦਾ ਹੈ, ਜਦੋਂ ਬੱਚਾ ਥੋੜਾ ਜਿਹਾ ਉਡਾਰ ਭਾਵ ਛੋਟੀ ਛੋਟੀ ਕਦਮ ਪੁੱਟਣ ਲੱਗਦਾ ਹੈ ਓਦੋਂ ਤੋਂ ਉਸ ਦੇ ਹੱਥ ਵਿੱਚ ਇਹੋ ਜਿਹੇ ਖਿਡਾਉਣੇ ਫੜਾਏ ਜਾਂਦੇ ਹਨ, ਤੇ ਪਿੱਛੇ ਪਿੱਛੇ ਤੁਰਦਾ ਸਿਆਣਾ ਪੁਰਸ ਕਦੇ ਵੀ ਥਕੇਵਾਂ ਮਹਿਸੂਸ ਨਹੀਂ ਕਰਦਾ, ਕਿਉਂਕਿ ਅੰਤਾਂ ਦੇ ਚਾਅ ਨਾਲ ਹੀ ਇਨਸਾਨ ਉਡਿਆ ਫਿਰਦਾ ਹੈ। ਉਸ ਨੂੰ ਆਪਣੀ ਕਬੀਲਦਾਰੀ ਦੇ ਸਾਰੇ ਝੰਜਟ ਭੁੱਲ ਜਾਂਦੇ ਹਨ। ਤੇ ਕਹਾਵਤ ਵੀ ਇੱਕ ਸੌ ਇੱਕ ਪਰਸੈਂਟ ਸੱਚ ਸਾਬਤ ਹੁੰਦੀ ਹੈ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਹੈ ਓਵੇਂ ਓਵੇਂ ਹੀ ਦੁਨੀਆਂ ਦਾਰੀ ਦੇ ਹਿਸਾਬ ਨਾਲ ਪੜਨੇ ਪਾਇਆ ਜਾਂਦਾ ਹੈ, ਪਰ ਬਚਪਨ ਬਾਦਸਾਹ ਹੁੰਦਾ ਹੈ ਖੇਡ ਖਿਡੌਣਿਆਂ ਤੋਂ ਬਿਨਾਂ ਹੋਰ ਕੋਈ ਵੀ ਕੰਮ ਬੱਚਿਆਂ ਨੂੰ ਛੋਟੀ ਉਮਰੇ ਚੰਗਾ ਨਹੀਂ ਲੱਗਦਾ। ਬਹੁਤ ਸਾਰੀਆਂ ਖੇਡਾਂ ਵਿਚੋਂ ਉਸ ਨੂੰ ਆਪਣੇ ਮਨ ਭਾਉਂਦੀ ਖੇਡ ਗੁੱਲੀ ਡੰਡਾ ਹੀ ਚੰਗੀ ਲੱਗਦੀ ਹੈ। ਸਾਰੀ ਸਾਰੀ ਦਿਹਾੜੀ ਖੇਡਦਿਆਂ ਛੋਟੇ ਬੱਚੇ ਕਦੇ ਵੀ ਥੱਕਦੇ ਨਹੀਂ। ਸਾਡੇ ਪੁਰਾਤਨ ਪੰਜਾਬ ਵਿੱਚ ਇਹੀ ਗੁੱਲੀ ਡੰਡੇ ਦੀ ਖੇਡ ਹਰਮਨ ਪਿਆਰੀ ਰਹੀ ਹੈ ਅਤੇ ਪੇਂਡੂ ਖਿੱਤਿਆਂ ਵਿੱਚ ਇਸ ਖੇਡ ਦੀ ਪੂਰੀ ਚੜ੍ਹਤ ਹੋਇਆ ਕਰਦੀ ਸੀ।

ਪਿੰਡਾਂ ਵਿੱਚ ਹਰ ਘਰ ਹੀ ਪਿੰਡ ਦੇ ਤਰਖਾਣ ਤੋਂ ਸੇਪੀ ਤੇ ਕੰਮ ਕਰਵਾਇਆ ਕਰਦੇ ਸਨ। ਅਜੋਕੀ ਪੀੜ੍ਹੀ ਨੂੰ ਤਾਂ ਸੇਪੀ ਦੇ ਮਤਲਬ ਦਾ ਹੀ ਨਹੀਂ ਪਤਾ ਜੇਕਰ ਕਿਸੇ ਅਜੋਕੇ ਨੌਜਵਾਨ ਨੂੰ ਸੇਪੀ ਦਾ ਮਤਲਬ ਪੁਛਾਂਗੇ ਤਾਂ ਕਹੇਗਾ ਕਿ ਠਹਿਰੋ ਮੈਂ ਨੈਟ ਤੇ ਲੱਭਦਾ ਹਾਂ ਕਿ ਸੇਪੀ ਕੀਹਨੂੰ ਕਹਿੰਦੇ ਸੀ। ਮਤਲਬ ਸਾਫ ਹੈ ਕਿ ਸਾਰਾ ਸਾਲ ਹੀ ਤਰਖਾਣ ਤੋਂ ਖੇਤੀਬਾੜੀ ਨਾਲ ਸਬੰਧਤ ਜਾ ਫਿਰ ਘਰੇਲੂ ਕੰਮ ਧੰਦੇ ਕਰਵਾਈ ਜਾਣੇ, ਜਿਵੇਂ ਮੱਝ ਗਾਂ ਦਾ ਸੰਗਲ ਟੁੱਟ ਗਿਆ ਓਹ ਠੀਕ ਕਰਵਾਉਣਾ, ਦਾਤੀਆਂ ਦੇ ਦੰਦੇ ਕਢਵਾਉਣੇ, ਕਹੀਆਂ, ਰੰਬੇ ਤਿੱਖੇ ਕਰਵਾਉਣੇ ਭਾਵ ਕਟਵਾਉਣੇ, ਕਿਸੇ ਮੰਜੇ ਦੀ ਬਾਹੀ ਜਾਂ ਸੇਰੂ ਪਵਾਉਣਾ ਓਹਦੇ ਵਿੱਚ ਹਿੱਲੇ ਨਾ ਫਾਲ ਠਕਵਾਉਣੀ ਮਤਲਬ ਘਰੇਲੂ ਤੇ ਖੇਤੀਬਾੜੀ ਨਾਲ ਸਬੰਧਤ ਸਾਰੇ ਕੰਮ ਸਾਰਾ ਸਾਲ ਕਰਵਾਉਣਾ ਤੇ ਉਸ ਦਾ ਮਿਹਨਤਾਨਾ ਹਾੜੀ ਸਾਉਣੀ ਦੇਣਾ ਇਸੇ ਨੂੰ ਹੀ ਸੇਪੀ ਕਿਹਾ ਜਾਂਦਾ ਸੀ। ਹਰ ਕੋਈ ਪਿਆਰ ਸਤਿਕਾਰ ਨਾਲ ਉਸ ਨੂੰ ਸਵੀਕਾਰ ਕਰ ਲਿਆ ਕਰਦੇ ਸਨ। ਇਸੇ ਤਰ੍ਹਾਂ ਹੀ ਇਨ੍ਹਾਂ ਤਰਖਾਣ ਭਾਈਚਾਰੇ ਤੋਂ ਹੀ ਬੱਚਿਆਂ ਦੇ ਖੇਡ ਖਿਡੌਣਿਆਂ ਨੂੰ ਵੀ ਬਨਵਾਉਣਾ, ਜਿਵੇਂ ਗੁੱਲੀ ਘੜਨੀ, ਡੰਡਾ ਤਾਂ ਵੈਸੇ ਖੇਤਾਂ ਚੋਂ ਹੀ ਲੈ ਲਈਦਾ ਸੀ, ਤੂਤ ਦਾ, ਨਿੰਮ ਦਾ ਜਾ ਜਿਹੜਾ ਵੀ ਦਰਖਤ ਖੇਤ ਹੋਣਾ ਓਸੇ ਤੋਂ ਹੀ ਆਪਣੇ ਹਿਸਾਬ ਨਾਲ ਵੱਢ ਲੈਂਦੇ। ਓਹਦੇ ਉਪਰ ਅਗਲੇ ਪਾਸੇ ਜਿਥੇ ਗੁੱਲੀ ਰੱਖਣੀ ਹੁੰਦੀ ਸੀ ਓਥੇ ਜਰੂਰ ਛੋਟਾ ਜਿਹਾ ਟੱਕ ਲਵਾ ਲਈਦਾ ਸੀ ਜਿਸ ਵਿੱਚ ਗੁੱਲੀ ਨੂੰ ਰੱਖ ਕੇ ਜਮੀਨ ਵਿੱਚ ਪੁੱਟੀ ਹੋਈ ਰ੍ਹਾਬ ਤੋਂ ਗੁੱਲੀ ਨੂੰ ਆਪਣੀ ਵਾਰੀ ਮੁਤਾਬਕ ਦੂਰ ਸੁਟੀਦਾ ਸੀ, ਅਗਲੇ ਪਾਸੇ ਖੜਾ ਹੋਇਆ ਵਿਰੋਧੀ ਆੜੀ ਜੇਕਰ ਗੁੱਲੀ ਨੂੰ ਧਰਤੀ ਤੇ ਡਿੱਗਣ ਤੋਂ ਪਹਿਲਾਂ ਹੀ ਬੁੱਚ ਲੈਂਦਾ ਤਾਂ ਵਾਰੀ ਖਤਮ ਹੋ ਜਾਂਦੀ ਤੇ ਦੂਜੇ ਸਾਥੀ ਦੀ ਆ ਜਾਣੀ, ਤੇ ਜੇਕਰ ਬੁੱਚੀ ਨਾ ਜਾਣੀ ਤਾਂ ਗੁੱਲੀ ਚਲਾਉਣ ਵਾਲੇ ਨੇ ਰ੍ਹਾਬ ਦੇ ਉੱਪਰ ਡੰਡਾ ਰੱਖ ਦੇਣਾ ਤੇ ਅਗਲੇ ਪਾਸਿਓਂ ਵਿਰੋਧੀ ਆੜੀ ਨੇ ਡੰਡੇ ਤੇ ਨਿਸਾਨਾ ਲਗਾਉਣਾ, ਜੇਕਰ ਨਿਸਾਨਾ ਸਹੀ ਡੰਡੇ ਤੇ ਲੱਗ ਜਾਣਾ ਤਾਂ ਵਾਰੀ ਖਤਮ ਹੋ ਜਾਂਦੀ ਤੇ ਜੇਕਰ ਨਿਸਾਨਾ ਚੂਕ ਜਾਂਦਾ ਤਾਂ ਫਿਰ ਉਸ ਨੇ ਦਣ ਲਾਉਣਾ, ਤੇ ਗੁੱਲੀ ਨੂੰ ਪੂਰੀ ਤਾਕਤ ਨਾਲ ਰ੍ਹਾਬ ਤੋਂ ਦੂਰ ਦੂਰ ਹੀ ਰੱਖਣਾ ਤਾਂ ਕਿ ਛੇਤੀ ਕੀਤੇ ਮੇਰੀ ਵਾਰ ਗਵਾਚੇ ਨਾ ਬਲਕਿ ਬਰਕਰਾਰ ਰਹੇ। ਇਹ ਜਦੋਜਹਿਦ ਸਵੇਰ ਤੋਂ ਸਾਮ ਤੱਕ ਇਸੇ ਤਰ੍ਹਾਂ ਚਲਦੀ ਰਹਿੰਦੀ ਸੀ। ਕਦੇ ਪਹਿਲੀ ਧਿਰ ਕਾਬਜ ਰਹਿੰਦੀ ਕਦੇ ਦੂਜੀ ਧਿਰ।

ਜਿਥੇ ਓਹਨਾ ਸਮਿਆਂ ਅਨੁਸਾਰ ਇਹ ਖੇਡਾਂ ਮਨ ਪਰਚਾਵੇ ਦੇ ਸਾਧਨ ਸਨ ਓਥੇ ਸਸਤੇ ਅਤੇ ਚੰਗੀ ਸਿਹਤ ਲਈ ਵੀ ਇਹੋ ਜਿਹੀਆਂ ਹੋਰ ਵੀ ਅਨੇਕਾਂ ਖੇਡਾਂ ਵਰਦਾਨ ਸਨ। ਘਰ ਦੇ ਦੁੱਧ ਘਿਓ ਹੋਇਆ ਕਰਦੇ ਸਨ, ਜਿਹੜੇ ਚੰਗੀ ਸਿਹਤ ਲਈ ਵਰਦਾਨ ਸਨ। ਛੇਤੀ ਕੀਤਿਆਂ ਕਦੇ ਕਿਸੇ ਬੱਚੇ ਦੇ ਕੋਈ ਕਿਸੇ ਕਿਸਮ ਦੀ ਬੀਮਾਰੀ ਨੇੜੇ ਨਹੀਂ ਸੀ ਆਉਂਦੀ। ਪਿੰਡਾਂ ਵਿੱਚ ਡਾਕਟਰ ਘੱਟ ਤੇ ਵੈਦ ਜਿਆਦਾ ਦੇਸੀ ਨੁਸਖਿਆਂ ਨਾਲ ਇਲਾਜ ਕਰਦੇ। ਵੱਡੀ ਅਲਾਇਚੀ, ਛੋਟੀ ਅਲਾਇਚੀ, ਬਨੱਕਸਆਂ ਨੂੰ ਪੀਸ ਕੇ ਪੁਰਾਣੀਆਂ ਮਾਵਾਂ ਦਾਦੀ ਉਮਰ ਦੀਆਂ ਸਵਾਣੀਆਂ ਨੇ ਰੱਖ ਲੈਣਾ, ਬੁਖਾਰ ਹੋਣਾ ਹੱਡ ਭੰਨਣੀ ਲੱਗ ਜਾਣੀ, ਤਾਂ ਗੁੜ ਦੀ ਚਾਹ ਕਰਕੇ ਉਸ ਨਾਲ ਇੱਕ ਪੁੜੀ ਓਹ ਪੀਸੇ ਹੋਏ ਮਸਾਲੇ ਦੀ ਦੇਣੀ ਕੰਬਲ ਖੇਸ ਲੈ ਕੇ ਪੈ ਜਾਣਾ ਪਸੀਨਾ ਆਉਣਾ ਤੇ ਨਾਲ ਦੀ ਨਾਲ ਆਰਾਮ, ਤੇ ਫਿਰ ਚੱਕ ਲੈਣਾ ਗੁੱਲੀ ਡੰਡਾ। ਅਜੋਕੇ ਸਮੇਂ ਦੀ ਨੌਜਵਾਨੀ ਨੂੰ ਇਹ ਗੱਲਾਂ ਫਾਲਤੂ ਜਿਹੀਆਂ ਲੱਗਣਗੀਆਂ ਕਿਉਂਕਿ ਹੁਣ ਅਸੀ ਅਗਾਂਹਵਧੂ ਜਮਾਨੇ ਤੇ ਇੱਕੀਵੀਂ ਸਦੀ ਵਿੱਚ ਪ੍ਰਵੇਸ ਕਰ ਲਿਆ ਹੈ, ਸਾਡੀਆਂ ਬੀਮਾਰੀਆਂ ਦਾ ਇਲਾਜ ਟੈਸਟਾਂ ਤੋਂ ਸੁਰੂ ਹੁੰਦਾ ਹੈ ਤੇ ਫਿਰ ਚੱਲ ਸੋ ਚੱਲ। ਓਹੋ ਜਿਹੀਆਂ ਸਾਡੀਆਂ ਖ਼ੁਰਾਕਾਂ ਵੀ ਖਤਮ ਹੋ ਗਈਆਂ ਹਨ। ਪੈਸੇ ਦਾ ਜਮਾਨਾ ਆ ਗਿਆ ਹੈ, ਹਰ ਇਨਸਾਨ ਪੈਸੇ ਦੀ ਦੌੜ ਵਿੱਚ ਇੱਕ ਦੂਸਰੇ ਨੂੰ ਪਿਛਾਂਹ ਕਰਨ ਦੇ ਰੌਂਅ ਵਿੱਚ ਲੱਗਿਆ ਹੋਇਆ ਹੈ। ਬੱਚਿਆਂ ਨੂੰ ਕੋਈ ਵਿਰਲਾ ਘਰ ਹੀ ਆਪਣੇ ਕੋਲ ਰੱਖਦਾ ਹੈ ਆਮ ਤਾਂ ਹੋਸਟਲਾਂ ਵਿੱਚ ਹੀ ਛੱਡਿਆ ਜਾਂਦਾ ਹੈ, ਹਰ ਇਨਸਾਨ ਦੀ ਜਿੰਦਗੀ ਇੱਕ ਚਲਦੀ ਫਿਰਦੀ ਮਸੀਨ ਦੀ ਤਰ੍ਹਾਂ ਹੋਈ ਪਈ ਹੈ। ਘਰ ਦੀ ਪੱਕੀ ਰੋਟੀ ਹੀ ਕਿਸੇ ਨੂੰ ਪਸੰਦ ਨਹੀਂ ਅਵਲਾ ਸਵਲਾ ਖਾ ਕੇ ਪੇਟ ਵਧਾ ਵਧਾ ਕੇ ਅਸੀਂ ਆਪਣੇ ਦੁਸਮਣ ਆਪ ਬਣਦੇ ਜਾ ਰਹੇ ਹਾਂ। ਪੁਰਾਤਨ ਖੇਡਾਂ ਤਾਂ ਵਿਸਰ ਗਈਆਂ ਹੀ ਹਨ ਸਾਨੂੰ ਤਾਂ ਹੁਣ ਓਹਨਾਂ ਖੇਡਾਂ ਦੇ ਨਾਮ ਵੀ ਨਹੀਂ ਯਾਦ। ਕੰਪਿਊਟਰ ਯੁੱਗ ਵਿੱਚ ਪ੍ਰਵੇਸ ਇਹੋ ਜਿਹਾ ਕੀਤਾ ਹੈ ਕਿ ਹਰ ਇਨਸਾਨ ਹੀ ਕੰਪਿਊਟਰ ਦੀ ਤਰ੍ਹਾਂ ਚੱਲਣ ਲੱਗ ਪਿਆ ਹੈ। ਜੇਕਰ ਅਜੋਕੀ ਪੀੜ੍ਹੀ ਨੂੰ ਕੋਈ ਮੇਰੇ ਵਰਗਾ ਕੁੱਝ ਦੱਸਣ ਦੀ ਅਭਿਲਾਸਾ ਵੀ ਰੱਖਦਾ ਹੈ ਤਾਂ ਕੌਣ ਸੁਣਦਾ ਹੈ ਤੇ ਕੀਹਦੇ ਕੋਲ ਟਾਈਮ ਹੈ, ਜੇਕਰ ਮੋਬਾਇਲਾਂ ਤੇ ਆਈ ਫੋਨ ਜੋ ਕੰਨਾਂ ਦੇ ਵਿੱਚ ਅੜਾਏ ਹੁੰਦੇ ਨੇ ਓਹ ਬਾਹਰ ਕੱਢਣਗੇ ਤਾਂ ਹੀ ਕੋਈ ਗੱਲ ਕਰਾਂਗੇ ਸੁਣਾਵਾਂਗੇ ਜਾ ਦੱਸਾਂਗੇ ?ਪਰ ਅਜੋਕੀ ਪੀੜ੍ਹੀ ਕੋਲ ਸਮਾਂ ਨਹੀਂ ਇਸ ਕਰਕੇ ਅਜੋਕੇ ਸਮਿਆਂ ਵਿੱਚ ਸਾਡੀ ਔਲਾਦ ਦਾ ਸਾਡਾ ਸਾਰਿਆਂ ਦਾ ਰੱਬ ਹੀ ਰਾਖਾ ਹੈ। ਵਾਹਿਗੁਰੂ ਸਭਨਾਂ ਨੂੰ ਸੁਮੱਤ ਬਖਸੇ, ਇਹੀ ਅਰਦਾਸ ਬੇਨਤੀ ਹੈ। ਤਰੱਕੀਆਂ ਕਰੋ ਸਦਾ ਚੜ੍ਹਦੀ ਕਲਾ ਵਿੱਚ ਰਹੋ, ਪਰ ਕਦੇ ਕਦੇ ਪੁਰਾਣੇ ਸਮਿਆਂ ਨੂੰ ਵੀ ਯਾਦ ਕਰਦੇ ਰਹੀਏ, ਜਿਨ੍ਹਾਂ ਸਮਿਆਂ ਵਿਚੋਂ ਸਾਡੇ ਪੁਰਖਿਆਂ ਨੇ ਸਾਡੇ ਲਈ ਸਾਨੂੰ ਸੱਭ ਕੁੱਝ ਦਿੱਤਾ, ਜਿਸ ਨਾਲ ਅਸੀਂ ਅੱਜ ਸਮਾਜ ਵਿਚ ਵਿਚਰ ਰਹੇ ਹਾਂ।



# ਗੰਗਾ 'ਚ ਰੁੜ੍ਹ ਕੇ ਆ ਰਹੀਆਂ ਲਾਸ਼ਾਂ ਕਾਰਨ ਸਹਿਮੇ ਲੋਕ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- 1918 'ਚ ਜਦੋਂ ਸਮੁੱਚੀ ਦੁਨੀਆਂ ਸਮੇਤ ਭਾਰਤ ਵੀ ਸਪੈਨਿਸ਼ ਫ਼ਲੂ ਮਹਾਂਮਾਰੀ ਦੀ ਲਪੇਟ 'ਚ ਸੀ ਤਾਂ ਹਿੰਦੀ ਦੇ ਪ੍ਰਸਿੱਧ ਕਵੀ ਸੂਰਿਆਕਾਂਤ ਤ੍ਰਿਪਾਠੀ ਨਿਰਾਲਾ ਉਸ ਸਮੇਂ 22 ਕੁ ਸਾਲ ਦੇ ਹੋਣਗੇ। ਉਨ੍ਹਾਂ ਆਪਣੀ ਆਤਮ-ਕਥਾ ਕੁੱਲੀ ਭਾਟ 'ਚ ਲਿਖਿਆ ਸੀ, "ਮੈਂ ਦਾਲਮਊ ਵਿਖੇ ਗੰਗਾ ਦੇ ਕੰਢੇ 'ਤੇ ਖੜ੍ਹਾ ਸੀ। ਜਿੱਥੋਂ ਤਕ ਨਜ਼ਰ ਜਾਂਦੀ ਸੀ, ਗੰਗਾ ਦੇ ਪਾਣੀ 'ਚ ਮਨੁੱਖੀ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂ ਸਨ। ਮੇਰੇ ਸਹੁਰੇ ਪਰਿਵਾਰ ਤੋਂ ਖ਼ਬਰ ਆਈ ਕਿ ਮੇਰੀ ਪਤਨੀ ਮਨੋਹਰਾ ਦੇਵੀ ਵੀ ਚੱਲ ਵਸੀ ਹੈ। ਮੇਰੇ ਭਰਾ ਦਾ ਸਭ ਤੋਂ ਵੱਡਾ ਬੇਟਾ ਜੋ 15 ਸਾਲ ਦਾ ਸੀ ਅਤੇ ਮੇਰੀ ਇੱਕ ਸਾਲ ਬੇਟੀ ਨੇ ਵੀ ਦਮ ਤੋੜ ਦਿੱਤਾ ਸੀ। ਮੇਰੇ ਪਰਿਵਾਰ ਦੇ ਹੋਰ ਵੀ ਕਈ ਮੈਂਬਰ ਹਮੇਸ਼ਾ ਲਈ ਚਲੇ ਗਏ। ਲੋਕਾਂ ਦੇ ਅੰਤਿਮ ਸੰਸਕਾਰ ਲਈ ਲਕੜੀਆਂ ਘੱਟ ਪੈ ਗਈਆਂ। ਪਲਕ ਝਪਕਦਿਆਂ ਹੀ ਮੇਰਾ ਪਰਿਵਾਰ ਮੇਰੀਆਂ ਅੱਖਾਂ ਦੇ ਸਾਹਮਣੇ ਤੋਂ ਗਾਇਬ ਹੋ ਗਿਆ। ਮੈਨੂੰ ਆਪਣੇ ਚਾਰੇ ਪਾਸੇ ਹਨ੍ਹੇਰਾ ਹੀ ਹਨ੍ਹੇਰਾ ਨਜ਼ਰ ਆ ਰਿਹਾ ਸੀ। ਅਖ਼ਬਾਰਾਂ ਤੋਂ ਪਤਾ ਲੱਗਾ ਸੀ ਕਿ ਉਹ ਸਭ ਇੱਕ ਵੱਡੀ ਮਹਾਂਮਾਰੀ ਦਾ ਸ਼ਿਕਾਰ ਹੋਏ ਸਨ।" ਇਸ ਘਟਨਾ ਨੂੰ ਅੱਜ 100 ਸਾਲ ਤੋਂ ਵੱਧ ਹੋ ਚੁੱਕੇ ਹਨ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਉਕਤ ਕਵੀ ਸਾਹਿਬਾਨ ਦੇ ਇਨ੍ਹਾਂ ਸ਼ਬਦਾਂ ਨਾਲ ਕਿ ਉਸ ਦੌਰਾਨ ਕੀ ਮੰਜ਼ਰ ਰਿਹਾ ਹੋਵੇਗਾ। ਮੌਜੂਦਾ ਸਮੇਂ ਦੀਆਂ ਤਸਵੀਰਾਂ ਵੀ ਕੁਝ ਇਸ ਤਰ੍ਹਾਂ ਹੀ ਮਨ ਨੂੰ ਉਦਾਸ ਕਰਨ ਵਾਲੀਆਂ ਹਨ। ਸਪੱਸ਼ਟ ਹੈ ਕਿ ਮਹਾਂਮਾਰੀਆਂ ਮਨੁੱਖਤਾ ਨੂੰ ਸਿਫ਼ਰ ਤੋਂ ਹੇਠਾਂ ਲੈ ਜਾਂਦੀਆਂ ਹਨ। ਇਹ ਤਸਵੀਰਾਂ ਮਨ ਨੂੰ ਉਦਾਸ ਕਰਨ ਵਾਲੀਆਂ ਜ਼ਰੂਰ ਹਨ, ਪਰ ਇਨ੍ਹਾਂ ਨੂੰ ਵਿਖਾਉਣ ਦਾ ਸਿਰਫ਼ ਇੰਨਾ ਹੀ ਮਕਸਦ ਹੈ ਕਿ ਤੁਸੀਂ ਜ਼ਿੰਦਗੀ ਨੂੰ ਬਚਾਉਣ ਲਈ ਕੋਵਿਡ ਦੇ ਨਿਯਮਾਂ ਦੀ ਪਾਲਣਾ ਕਰੋ। ਗੰਗਾ 'ਚ ਜਿੱਥੇ ਲਾਸ਼ਾਂ ਤੈਰਦੀਆਂ ਨਜ਼ਰ ਆ ਰਹੀਆਂ ਹਨ, ਉੱਥੇ ਮਿੱਟੀ ਦੇ ਢੇਰ ਬਿਆਨ ਕਰ ਰਹੇ ਹਨ ਕਿ ਕਿਵੇਂ ਉਨ੍ਹਾਂ ਨੂੰ ਦਫ਼ਨਾਇਆ ਵੀ ਗਿਆ ਹੈ। ਬਕਸਰ ਘਾਟ ਦੇ ਦੋਵਾਂ ਕੰਢਿਆ 'ਤੇ ਕਈ ਲਾਸ਼ਾਂ ਮਿਲੀਆਂ। 175 ਲਾਸ਼ਾਂ ਮੁੜ ਤੋਂ ਡੂੰਘੇ ਟੋਏ 'ਚ ਦਫ਼ਨਾ ਦਿੱਤੀਆਂ ਗਈਆਂ।

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING · STOP SIGN · SPEEDING · TRAFFIC TICKETS · RED LIGHT
CALL NOW
TICKET DISPUTE SOLUTIONS
PH. 780-395-0677    FAX : 780-395-0772
CELL : 780-906-1800
Email : ticketdisputesolutions@gmail.com    www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
Ricky Kaler
Cell: 403-472-4243 Off: 403-483-0004    Fax: 403-532-2318
505-4655 54 Ave NE Calgary Alberta T3J 3M3    www.arrowdrywall.com

Calgary

# ਤੁਹਾਡੇ ਟੈਕਸ ਡਾਲਰਾਂ ਨਾਲ ਉਹ ਸੇਵਾਵਾਂ ਚੱਲਦੀਆਂ ਹਨ, ਜਿਨ੍ਹਾਂ ਨੂੰ ਕੈਲਗਰੀ ਵਾਸੀ ਹਰ ਰੋਜ਼ ਵਰਤਦੇ ਅਤੇ ਮਹੱਤਵ ਦਿੰਦੇ ਹਨ।

ਸਿਟੀ ਪ੍ਰਾਪਰਟੀ ਟੈਕਸ ਦੇ ਮਿਊਨਿਸਪਲ ਹਿੱਸੇ ਨਾਲ ਸਿਟੀ ਕਈ ਸੇਵਾਵਾਂ ਅਤੇ ਪ੍ਰੋਗਰਾਮ ਚਲਾਉਂਦਾ ਹੈ। ਇਸ ਵਿਚ ਪੁਲਸ, ਫਾਇਰ, ਸੜਕਾਂ ਅਤੇ ਪਾਰਕ ਸ਼ਾਮਲ ਹਨ। ਪਰ ਕਈ ਹੋਰ ਅਹਿਮ ਚੀਜ਼ਾਂ ਜਿਵੇਂ ਕਿ ਸੋਸ਼ਲ ਪ੍ਰੋਗਰਾਮ ਅਤੇ ਰੈਕਰੀਏਸ਼ਨ ਸੁਵਿਧਾਵਾਂ ਵੀ ਇਸ ਪੈਸੇ ਨਾਲ ਚੱਲਦੀਆਂ ਹਨ।

ਸਿਟੀ ਦਾ ਇਸ ਗੱਲ ਵੱਲ ਪੂਰਾ ਧਿਆਨ ਹੈ ਕਿ ਤੁਹਾਡੇ ਪ੍ਰਾਪਰਟੀ ਟੈਕਸ ਡਾਲਰਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਜਾਵੇ। ਅਸੀਂ ਹਮੇਸ਼ਾ ਇਹ ਕੋਸ਼ਿਸ਼ ਕਰਦੇ ਹਾਂ ਕਿ ਖਰਚੇ ਘਟਾਏ ਜਾਣ ਅਤੇ ਸਰਵਿਸ ਡਿਲਿਵਰੀ ਵਿਚ ਸੁਧਾਰ ਹੋਵੇ।

ਮਿਲਕੇ ਅਸੀਂ ਕੈਲਗਰੀ ਨੂੰ ਅਜਿਹੀ ਥਾਂ ਬਣਾਉਣ ਲਈ ਲੱਗੇ ਹੋਏ ਹਾਂ, ਜਿਹੜੀ ਰਹਿਣ ਲਈ ਵਧੀਆ ਹੋਵੇ ਅਤੇ ਜਿੱਥੇ ਗੁਜ਼ਾਰੇ ਦੇ ਸਾਧਨ ਹੋਣ।

ਅਸੀਂ ਤੁਹਾਡੇ ਟੈਕਸ ਡਾਲਰਾਂ ਦੀ ਵਰਤੋਂ ਨਾਲ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਜ਼ਰੀਏ ਕਿਵੇਂ ਮੁੱਲ ਮੋੜ ਰਹੇ ਹਾਂ, ਉਸ ਬਾਰੇ ਜਾਣਨ ਲਈ ਦੇਖੋ:
**calgary.ca/ourfinances**



20-0008144 ADV-8502

**ਕੀ ਤੁਸੀਂ ਜਾਣਦੇ ਸੀ?**



Calgary

**65%** ਕੈਲਗਰੀ ਸਿਟੀ ਸਰਵਿਸ ਲਈ ਜਾਂਦਾ ਹੈ

**35%** ਅਲਬਰਟਾ ਸਰਕਾਰ ਨੂੰ ਜਾਂਦਾ ਹੈ

ਤੁਹਾਡੇ ਪ੍ਰੌਪਰਟੀ ਟੈਕਸ ਡਾਲਰ ਦਾ ਤਕਰੀਬਨ 65 ਪ੍ਰਤੀਸ਼ਤ ਸਿਟੀ ਸੇਵਾਵਾਂ `ਤੇ ਖਰਚ ਹੁੰਦਾ ਹੈ, ਜਦਕਿ ਬਾਕੀ 35 ਪ੍ਰਤੀਸ਼ਤ ਅਲਬਰਟਾ ਸਰਕਾਰ ਨੂੰ ਜਾਂਦਾ ਹੈ




# ਨਵੀਆਂ ਲਾਟਾਂ ਆ ਗਈਆਂ ਹਨ

- ਤਲਾਅ /ਹਰਿਆ ਭਰਿਆ ਆਲਾ ਦੁਆਲਾ
- ਫਰੰਟ ਗੈਰਾਜ ਲਾਟਾਂ
- ਵਾਕ ਆਊਟ ਲਾਟਾਂ
- ਡੁਪਲੈਕਸ ਲਾਟਾਂ
- ਲੇਨਡ ਲਾਟਾਂ

| TOWNHOMES | DUPLEX HOMES | LANED HOMES | FRONT GARAGE HOMES |
|---|---|---|---|
| FROM THE LOW | FROM THE MID | FROM THE HIGH | FROM THE LOW |
| $300s | $300s | $300s | $500s |

**SHOWHOME APPOINTMENTS AVAILABLE AND RECOMMENDED.** Broadview Homes | NuVista Homes | Trico Homes | Sterling Homes | Truman Homes | Morrison Homes

## 360° ਵਰਚੂਅਲ ਟੂਰ ਵੀ ਮਿਲਦਾ ਹੈ

ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।

ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ

**liveindawsonslanding.ca**













ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .

QUALICO® communities

# ਅਰਪਨ ਲਿਖਾਰੀ ਸਭਾ ਦੇ ਲਿਖਾਰੀਆਂ ਨੇ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਜ਼ੂਮ ਰਾਹੀਂ ਮਈ 8,2021 ਨੂੰ ਹੋਈ। ਜਿਸ ਦਾ ਸੰਚਾਲਨ ਸਤਨਾਮ ਸਿੰਘ ਢਾਹ ਨੇ ਕੀਤਾ।ਵਿੱਛੜ ਗਈਆਂ ਨਾਮਵਰ ਸ਼ਖ਼ਸੀਅਤਾਂ ਪ੍ਰੇਮ ਗੋਰਖੀ, ਲਲਿਤ ਬਹਿਲ, ਮਹਿੰਦਰ ਸਿੰਘ ਮੰਨੂਪੁਰੀ, ਪ੍ਰਿੰ. ਸੁਲਖਣ ਮੀਤ, ਜਸਵੰਤ ਸਿੰਘ ਅਜੀਤ, ਗਿੱਲ ਸੁਰਜੀਤ, ਅਜੀਤ ਸਿੰਘ ਰਾਹੀ, ਪ੍ਰਿੰ. ਕਰਤਾਰ ਸਿੰਘ ਕਾਲੜਾ ਅਤੇ ਸਭਾ ਦੇ ਸੁਹਿਰਦ ਮੈਂਬਰ, ਜਰਨੈਲ ਸਿੰਘ ਤਗੜ ਦੇ ਦਾਮਾਦ ਸਤਨਾਮ ਸਿੰਘ, ਜਨਮੇਜਾ ਸਿੰਘ ਜੌਹਲ ਦੀ ਸਪੁਤਨੀ ਨਰਿੰਦਰ ਕੌਰ ਜੌਹਲ, ਪੰਜਾਬੀ ਭਾਈਚਾਰੇ ਵਿਚ ਜਾਣੇ ਪਹਿਚਾਣੇ ਮਾ. ਭਜਨ ਗਿੱਲ ਦੇ ਨੌਜਆਨ ਦੋਹਤੇ ਪ੍ਰਿੰਸ, ਦੀ ਬੇਵਕਤੀ ਤੇ ਦੁੱਖਦਾਈ ਮੌਤ ਬਾਰੇ ਜਾਣਕਾਰੀ ਸਾਂਝੀ ਕੀਤੀ।ਸਭਾ ਦੇ ਮੈਂਬਰਾਂ ਵੱਲੋਂ ਇਨ੍ਹਾਂ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਹਰਮਿੰਦਰ ਕੌਰ ਚੁੱਘ, ਅਜਾਇਬ ਸਿੰਘ ਸੇਖੋਂ ,ਰੁਪਿੰਦਰ ਦਿਉਲ, ਜਸਵੀਰ ਸਿਹੋਤਾ, ਸਰੂਪ ਸਿੰਘ ਮੰਡੇਰ, ਮਨਮੋਹਣ ਸਿੰਘ ਬਾਠ , ਮਲਕੀਤ ਸਿੰਘ ਸਿੱਧੂ, ਸਰਬਜੀਤ ਕੌਰ ਉੱਪਲ, ਜੋਗਾ ਸਿੰਘ ਸਿਹੋਤਾ ਨੇ ਰਚਨਾਵਾਂ ਨਾਲ ਹਾਜਰੀ ਲਗਵਾਈ। ਜਗਦੇਵ ਸਿੰਘ ਸਿੱਧੂ ਨੇ ਮਜ਼ਦੂਰ ਦਿਵਸ, ਚਾਰ ਸੌ ਸਾਲਾ ਗੁਰੂ ਤੇਗ ਬਹਾਦਰ ਜੀ ਦੀ ਜਨਮ ਸ਼ਤਾਬਦੀ, ਕਿਸਾਨੀ ਅੰਦੋਲਨ, ਮਾਂ ਬਾਰੇ ਬਹੁਤ ਹੀ ਭਾਵਪੂਰਤ ਅਤੇ ਸੰਖੇਪ ਸ਼ਬਦਾਂ ਵਿੱਚ ਵਿਚਾਰ ਪੇਸ਼ ਕੀਤੇ। ਮਾਂ ਬਾਰੇ ਲਿਖੀ ਰੂਹ ਨੂੰ ਟੁੰਬਣ ਵਾਲੀ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਇਕਬਾਲ ਖ਼ਾਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਿ ਗੁਰੂ ਤੇਗ ਬਹਾਦਰ ਜੀ ਨੇ ਇਨਸਾਨੀਅਤ ਦੇ ਹੱਕਾਂ ਦੀ ਰਾਖੀ ਲਈ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ। ਅੱਜ ਵੀ ਕਿਸਾਨ ਜਥੇਬੰਦੀਆਂ ਕੇਂਦਰ ਦੇ ਜਬਰ ਜ਼ੁਲਮ ਦੇ ਖ਼ਿਲਾਫ਼ ਉਸੇ ਮਿਸ਼ਨ ਨੂੰ ਲੈ ਕੇ ਲੜ ਰਹੀਆਂ ਹਨ। ਉਪਰੰਤ ਜ਼ਿੰਦਗੀ ਅਤੇ ਮੌਤ ਬਾਰੇ ਇੱਕ ਕਵਿਤਾ ਸੁਣਾਈ। ਤੇਜਾ ਸਿੰਘ ਥਿਆੜਾ ਨੇ ਵੀ ਵਿਚਾਰ ਚਰਚਾ ਵੀ ਹਾਜ਼ਰੀ ਭਰੀ। ਅਖ਼ੀਰ ਤੇ ਸਤਨਾਮ ਸਿੰਘ ਢਾਅ ਨੇ ਸਾਰੇ ਹੀ ਸਾਹਿਤਕਾਰਾਂ ਦਾ ਧੰਨਵਾਦ ਕੀਤਾ।




## ਸਾਡਾ ਪ੍ਰਦੇਸ਼ੀਆਂ ਦਾ ਦੇਸ਼ ਕੋਈ ਨਾ

# ਪੰਜਾਬੀ ਸਾਹਿਤ ਸਭਾ ਦੇ ਲਿਖਾਰੀ ਮੀਟਿੰਗਾਂ ਵਿੱਚ ਇਹੋ ਜਿਹੀਆਂ ਵਿਚਾਰਾਂ ਕਰਦੇ ਹਨ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 9 ਮਈ ਦਿਨ ਐਤਵਾਰ ਬਾਦ ਦੁਪਹਿਰ ਤਿੰਨ ਵਜੇ ਜ਼ੂਮ ਰਾਹੀਂ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ । ਆਰੰਭ ਵਿੱਚ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸ. ਜਰਨੈਲ ਤੱਗੜ ਦੇ ਜਵਾਈ, ਸਤਨਾਮ ਸਿੰਘ ਪਰਮਾਰ ਅਤੇ ਪਰੋਗਰੈਸਿਵ ਕਲਚਰਲ ਐਸੀਸੀਏਸ਼ਨ ਦੇ ਪ੍ਰਧਾਨ ਸ. ਭਜਨ ਸਿੰਘ ਗਿਲ ਹੋਰਾਂ ਦੇ ਹੋਣਹਾਰ ਨੌਜਵਾਨ ਦੋਹਤਰੇ ਵਿਸ਼ਵਜੀਤ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ।ਵਾਹਿਗੁਰੂ ਅੱਗੇ ਬੇਨਤੀ ਹੈ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।ਇਸ ਦਿਨ ਮਾਂ ਦਿਵਸ ਹੋਣ ਦਾ ਕਰਕੇ ਬਹੁਤੀਆਂ ਰਚਨਾਵਾਂ 'ਮਾਂ' ਨਾਲ ਹੀ ਸੰਬੰਧਤ ਰਹੀਆਂ ਅਤੇ ਆਮ ਵਿਚਾਰ ਵਟਾਂਦਰੇ ਦਾ ਵਿਸ਼ਾ ਬਣੀਆਂ । ਸ. ਜਗਦੇਵ ਸਿੰਘ ਸਿੱਧੂ ਨੇ ਮਾਂ ਨਾਲ ਸੰਬੰਧਤ ਇਕ ਬਹੁਤ ਹੀ ਭਾਵੁਕ ਕਵਿਤਾ ਤਰੰਨਮ ਵਿੱਚ ਪੇਸ਼ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਮੌਜੂਦਾ ਕਿਸਾਨ ਸੰਘਰਸ਼ , ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ। ਸ. ਨਰਿੰਦਰ ਸਿੰਘ ਢਿੱਲੋਂ ਹੋਰਾਂ ਕਿਸਾਨੀ ਸੰਘਰਸ਼ ਅਤੇ ਮਹਾਂਮਾਰੀ ਕਰੋਨਾ ਦੀ ਦੂਸਰੀ ਲਹਿਰ ਬਾਰੇ ਸਰਕਾਰ ਵਲੋਂ ਵਰਤੀ ਗਈ ਲਾਪ੍ਰਵਾਹੀ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਪੰਜ ਸੂਬਿਆਂ ਤੇ ਖਾਸ ਕਰਕੇ ਬੰਗਾਲ ਦੀਆਂ ਚੋਣਾਂ ਵਿੱਚ ਰੁੱਝੀ ਰਹੀ ਤੇ ਦੇਸ਼ ਦੇ ਲੋਕਾਂ ਵੱਲ ਧਿਆਨ ਨਹੀਂ ਦਿੱਤਾ । ਦਿਨੋ ਦਿਨ ਵੱਧ ਰਹੀ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਤੇ ਹੋ ਰਹੀਆਂ ਮੌਤਾਂ ਅਤੇ ਸਰਕਾਰ ਵਲੋਂ ਵਰਤੀ ਗਈ ਲਾਪ੍ਰਵਾਹੀ ਨੇ ਦੁਨੀਆਂ ਭਰ ਵਿੱਚ ਭਾਰਤ ਦੇ ਅਕਸ਼ ਨੂੰ ਬਹੁਤ ਢਾਅ ਲਾਈ ਹੈ । ਗੁਰਵਿੰਦਰ ਨੀਟਾ ਨੇ ਸਤਵੰਤ ਦੀਪਕ ਹੋਰਾਂ ਦੀ ਰਚਨਾ

'ਦੇਸ਼ ਪੈਣ ਧੱਕੇ ਪਰਦੇਸ਼ ਢੋਈ ਨਾ
ਸਾਡਾ ਪ੍ਰਦੇਸ਼ੀਆਂ ਦਾ ਦੇਸ਼ ਕੋਈ ਨਾ'

ਬਹੁਤ ਹੀ ਸੁਰੀਲੀ ਅਤੇ ਖ਼ੂਬਸੂਰਤ ਅੰਦਾਜ਼ ਵਿੱਚ ਸੁਣਾਈ । ਸੁਖਵਿੰਦਰ ਤੂਰ ਨੇ ਬਾਪੂ ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ ਨਾਲ ਵਧੀਆ ਰੰਗ ਬੰਨ੍ਹਿਆ ।

ਮਨਮੋਹਣ ਬਾਠ ਹੋਰਾਂ ਆਪਣੀ ਸੁਰੀਲੀ ਆਵਾਜ਼ ਵਿੱਚ ਗੀਤ ਸੁਣਾਇਆ । 'ਉਸ ਪੰਛੀ ਨਾਲ ਕੀ ਨੇਹੁ ਲਾਉਣਾ ਜਿਸ ਉੱਡ ਜਾਣਾ ਹੱਥ ਨੀ ਆਉਣਾ'। ਇਸ ਤੋਂ ਇਲਾਵਾ ਜਸਵੀਰ ਸਿੰਘ ਸਹੋਤਾ , ਅਜਾਇਬ ਸਿੰਘ ਸੇਖੋਂ , ਡਾ. ਰਾਜਵੰਤ ਕੌਰ ਮਾਨ , ਸੁਰਿੰਦਰ ਗੀਤ, ਸਰਬਜੀਤ ਕੌਰ ਉੱਪਲ, ਗੁਰਦਿਆਲ ਸਿੰਘ ਖਹਿਰਾ, ਸ੍ਰੀ ਪਰਸ਼ੋਤਮ ਭਰਦਵਾਜ਼ , ਦਿਲਾਵਰ ਸਿੰਘ ਸਮਰਾ, ਰਾਜ ਕੈਲਗਰੀ , ਰਾਮ ਸਰੂਪ ਸੈਣੀ ਤੇ ਹੋਰਾਂ ਨੇ ਰਚਨਾਵਾਂ ਸੁਣਾਈਆਂ ਅਤੇ ਵਿਚਾਰ ਵਟਾਂਦਰੇ ਵਿੱਚ ਹਿੱਸਾਂ ਲਇਆ । ਮੰਚ ਸੰਚਾਲਨ ਦਾ ਕੰਮ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਬਾਖ਼ੂਬੀ ਨਿਭਾਇਆ ।

## ਕਰੋਨਾ ਪੀੜਤਾਂ ਦੀ ਮਦਦ ਲਈ ਅੱਗੇ ਆਇਆ ਸ੍ਰੀ ਹੇਮਕੁੰਟ ਸਾਹਿਬ ਟਰੱਸਟ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)-ਸ੍ਰੀ ਹੇਮਕੁੰਟ ਸਾਹਿਬ ਟਰੱਸਟ ਨੇ ਉਤਰਾਖੰਡ ਵਿੱਚ ਕਰੋਨਾ ਪੀੜਤਾਂ ਦੀ ਮਦਦ ਲਈ ਦੋ ਐਂਬੂਲੈਂਸਾਂ ਅਤੇ ਆਕਸੀਜਨ ਮੁਹੱਈਆ ਕਰਨ ਦੀ ਸੇਵਾ ਸ਼ੁਰੂ ਕੀਤੀ ਹੈ। ਗੁਰਦੁਆਰਾ ਜੋਸ਼ੀ ਮੱਠ ਤੋਂ 2 ਐਂਬੂਲੈਂਸਾਂ ਰਵਾਨਾ ਕਰਦਿਆਂ ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਟਰੱਸਟ ਨੇ ਕੋਰੋਨਾ ਪੀੜਤਾਂ ਨੂੰ ਹਸਪਤਾਲ ਲਿਜਾਣ ਲਈ ਆਕਸੀਜਨ ਸਿਲੰਡਰਾਂ ਨਾਲ ਲੈੱਸ ਦੋ ਐਂਬੂਲੈਂਸ ਵਾਹਨ ਸ਼ੁਰੂ ਕੀਤੇ ਹਨ, ਜਿਨ੍ਹਾਂ ਵਿੱਚੋਂ ਇੱਕ ਵਾਹਨ ਗੁਰਦੁਆਰਾ ਜੋਸ਼ੀ ਮੱਠ ਅਤੇ ਦੂਜਾ ਗੁਰਦੁਆਰਾ ਗੋਬਿੰਦ ਘਾਟ ਵਿਖੇ ਖੜੇਗਾ। ਕੋਰੋਨਾ ਪੀੜਤਾਂ ਵਲੋਂ ਮਦਦ ਲਈ ਅਪੀਲ ਆਉਣ 'ਤੇ ਤੁਰੰਤ ਇਹ ਵਾਹਨ ਉਨ੍ਹਾਂ ਨੂੰ ਹਸਪਤਾਲ ਲਿਜਾਣਗੇ। ਇਸ ਤੋਂ ਇਲਾਵਾ ਘਰ ਵਿੱਚ ਕੋਰੋਨਾ ਪੀੜਤਾਂ ਨੂੰ ਆਕਸੀਜਨ ਮੁਹੱਈਆ ਕਰਵਾਉਣ ਲਈ ਕੰਸਨਟਰੇਟਰ ਮੰਗਵਾਏ ਗਏ ਹਨ। ਇਸ ਵੇਲੇ ਉਪਰਲੇ ਇਲਾਕੇ ਵਿੱਚ ਚਾਰ ਕੰਸਨਟਰੇਟਰ ਹਨ ਅਤੇ 6 ਹੋਰ ਕੰਸਨਟਰੇਟਰ ਰਿਸ਼ੀਕੇਸ ਤੋਂ ਇੱਕ-ਦੋ ਦਿਨ ਵਿੱਚ ਪਹੁੰਚ ਜਾਣਗੇ।

# ਨਵਜੋਤ ਸਿੱਧੂ 'ਤੇ ਵਿਜੀਲੈਂਸ ਦੀ ਕਾਰਵਾਈ 'ਤੇ ਕੈਬਨਿਟ ਮੰਤਰੀ ਸੁੱਖੀ ਰੰਧਾਵਾ ਦਾ ਵੱਡਾ ਬਿਆਨ



ਚੰਡੀਗੜ੍ਹ- ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਖ਼ਿਲਾਫ਼ ਵਿਜੀਲੈਂਸ ਜਾਂਚ ਦੀਆਂ ਚਰਚਾਵਾਂ ਦੌਰਾਨ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੀ ਹੀ ਸਰਕਾਰ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਰੰਧਾਵਾ ਨੇ ਇੱਕ ਇੰਟਰਵਿਊ 'ਚ ਗੱਲਬਾਤ ਦੌਰਾਨ ਕਿਹਾ ਕਿ ਜੇਕਰ ਸਿੱਧੂ ਖ਼ਿਲਾਫ਼ ਵਿਜੀਲੈਂਸ ਦੀ ਜਾਂਚ ਚੱਲ ਰਹੀ ਸੀ ਤਾਂ ਪੰਜਾਬ ਪ੍ਰਦੇਸ਼ ਕਾਂਗਰਸ ਇੰਚਾਰਜ ਹਰੀਸ਼ ਰਾਵਤ ਨਾਲ ਮੁਲਾਕਾਤਾਂ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਮੰਤਰੀ ਬਣਾਉਣ ਦੀ ਗੱਲ ਕਿਉਂ ਕਹੀ ਗਈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਦਾ ਹਮੇਸ਼ਾ ਗਲਤ ਇਸਤੇਮਾਲ ਹੁੰਦਾ ਰਿਹਾ ਹੈ। ਪਹਿਲਾਂ ਕੈਪਟਨ ਸਰਕਾਰ ਨੇ ਬਾਦਲਾਂ ਖ਼ਿਲਾਫ਼ ਵਿਜੀਲੈਂਸ ਜਾਂਚ ਕਰਵਾਈ ਅਤੇ ਬਾਅਦ 'ਚ ਬਾਦਲਾਂ ਨੇ ਕੈਪਟਨ ਖ਼ਿਲਾਫ਼ ਵਿਜੀਲੈਂਸ ਜਾਂਚ ਕਰਵਾਈ ਪਰ ਇਨ੍ਹਾਂ ਜਾਂਚਾਂ ਦਾ ਕੋਈ ਠੋਸ ਨਤੀਜਾ ਨਹੀਂ ਨਿਕਲਿਆ।

ਰੰਧਾਵਾ ਨੇ ਕਿਹਾ ਕਿ ਸਿੱਧੂ ਨੂੰ ਇਨ੍ਹਾਂ ਮਾਮਲਿਆਂ 'ਤੇ ਖੁੱਲ੍ਹ ਕੇ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਆਪਣਾ ਪੱਖ ਸਾਹਮਣੇ ਰੱਖਣਾ ਚਾਹੀਦਾ ਹੈ। ਉਨ੍ਹਾਂ ਇੱਕ ਵਾਰ ਫ਼ਿਰ ਖੁੱਲ੍ਹ ਕੇ ਕਿਹਾ ਕਿ ਉਨ੍ਹਾਂ ਦੀ ਸਿੱਧੂ ਨਾਲ ਗੱਲਬਾਤ ਹੁੰਦੀ ਰਹੀ ਹੈ ਅਤੇ ਸਿੱਧੂ ਸਮੇਤ ਸਾਰੇ ਵਿਧਾਇਕਾਂ ਨਾਲ ਬੈਠਕਾਂ ਵੀ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਬੈਠਕਾਂ ਪੰਜਾਬ ਕਾਂਗਰਸ ਦੀ ਮੌਜੂਦਾ ਸਥਿਤੀ 'ਤੇ ਸਮੀਖਿਆ ਨੂੰ ਲੈ ਕੇ ਹੁੰਦੀਆਂ ਹਨ ਕਿਉਂਕਿ ਹਾਈਕੋਰਟ ਦੇ ਫ਼ੈਸਲੇ ਤੋਂ ਬਾਅਦ ਪੰਜਾਬ ਕਾਂਗਰਸ ਬੈਕਫ਼ੁੱਟ 'ਤੇ ਆਈ ਹੈ।

ਅਜਿਹਾ ਇਸ ਲਈ ਵੀ ਹੈ ਕਿ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਸੀ ਕਿ ਬੇਅਦਬੀ-ਗੋਲੀ ਕਾਂਡ ਮਾਮਲੇ 'ਚ ਜਦੋਂ ਕਾਂਗਰਸ ਸਰਕਾਰ ਜਾਂਚ ਕਰਵਾਏਗੀ ਤਾਂ ਬਾਦਲਾਂ ਨੂੰ ਫ਼ੜ ਕੇ ਜੇਲ੍ਹ 'ਚ ਪਾਇਆ ਜਾਵੇਗਾ । ਹਾਲਾਂਕਿ ਹਾਈਕੋਰਟ ਦੇ ਫ਼ੈਸਲੇ ਨੇ ਪੂਰੀ ਤਸਵੀਰ ਬਦਲ ਦਿੱਤੀ ਅਤੇ ਅੱਜ ਲੋਕ ਜਵਾਬ ਮੰਗ ਰਹੇ ਹਨ। ਪੰਜਾਬ ਸਰਕਾਰ ਨੂੰ ਜਵਾਬ ਤਾਂ ਦੇਣਾ ਹੀ ਪਵੇਗਾ, ਜਾਂ ਤਾਂ ਸਰਕਾਰ ਦੋਸ਼ੀਆਂ ਨੂੰ ਜੇਲ 'ਚ ਪਾਏ ਜਾਂ ਫ਼ਿਰ ਇਹ ਕਹਿ ਦਿੱਤਾ ਜਾਵੇ ਕਿ ਪਹਿਲਾਂ ਜੋ ਕਿਹਾ ਸੀ, ਉਹ ਜਾਣਕਾਰੀ ਗਲਤ ਸੀ। ਰੰਧਾਵਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਉਹ ਚੁੱਪ ਨਹੀਂ ਰਹਿ ਸਕਦੇ ਹਨ। ਉਹ ਨਸ਼ੇ 'ਤੇ ਵੀ ਚੁੱਪ ਨਹੀਂ ਰਹਿ ਸਕਦੇ ਹਨ ਕਿਉਂਕਿ ਲੋਕਾਂ ਨੂੰ ਜਵਾਬ ਦੇਣਾ ਹੈ। ਇਸ ਨੂੰ ਲੈ ਕੇ ਲਗਾਤਾਰ ਬੈਠਕਾਂ ਕੀਤੀਆਂ ਜਾ ਰਹੀਆਂ ਹਨ ਅਤੇ ਬੈਠਕਾਂ ਦਾ ਇਹ ਦੌਰ ਅੱਗੇ ਵੀ ਜਾਰੀ ਰਹੇਗਾ।




















ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
redstonecommunity.ca
DEERFOOT TRAIL
STONEY TRAIL NE
201
COUNTRY HILLS BLVD NE
METIS TRAIL NE
2
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities


SOUTH POINTE TOYOTA
FOR ONLY $118 A WEEK! WITH $3888 DOWN
0% FINANCING
NO PAYMENTS UNTIL JULY 2020!
ALL NEW REDESIGNED
2020 HIGHLANDER
PRE-ORDER YOURS TODAY!
403-567-8888
WWW.SOUTHPOINTETOYOTA.COM
11500 35 ST SE #7000
CALGARY, AB T2Z 3W4
SALES@SOUTHPOINTETOYOTA.COM
7WWW.SOUTHPOINTETOYOTA.COM
CALGARYS LARGEST AND MOST AWARDED TOYOTA DEALERSHIP
WWW.SOUTHPOINTETOYOTA.COM

# ਚੀਨ ਦਾ ਕਹਿਣਾ ਹੈ ਕਿ ਫਲਸਤੀਨ ਦੇ ਮਾਮਲੇ ਵਿਚ ਅਮਰੀਕਾ ਅੱਖਾਂ ਮੀਚ ਰਿਹਾ ਹੈ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ ਅਤੇ ਫ਼ਲਸਤੀਨੀਆਂ ਵਿਚਕਾਰ ਜਾਰੀ ਦੇ ਖ਼ੂਨੀ ਸੰਘਰਸ਼ 'ਤੇ ਕੌਮਾਂਤਰੀ ਭਾਈਚਾਰੇ ਤਿੱਖੀ ਪ੍ਰਤੀਕਿਰਿਆ ਦੇ ਰਹੇ ਹਨ ਪਰ ਚੀਨ ਨੇ ਇਜ਼ਰਾਈਲ ਨੂੰ ਲੈ ਕੇ ਅਮਰੀਕਾ ਉੱਤੇ ਨਿਸ਼ਾਨਾ ਸਾਧਿਆ ਹੈ। ਚੀਨ ਨੇ ਕਿਹਾ ਹੈ ਕਿ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦਾ ਰੱਖਿਅਕ ਅਤੇ ਮੁਸਲਮਾਨਾਂ ਦਾ ਸ਼ੁਭਚਿੰਤਕ ਦੱਸਣ ਵਾਲ਼ੇ ਅਮਰੀਕਾ ਨੇ ਇਜ਼ਰਾਈਲ ਦੇ ਨਾਲ ਟਕਰਾਅ ਵਿੱਚ ਮਾਰੇ ਜਾ ਰਹੇ ਫ਼ਲਸਤੀਨੀ ਮੁਸਲਮਾਨਾਂ ਦੇ ਮਾਮਲੇ ਵਿਚ ਅੱਖਾਂ ਮੀਟ ਲਈਆਂ ਲਈਆਂ ਹਨ। ਚੀਨ ਨੇ ਕਿਹਾ ਕਿ ਅਮਰੀਕਾ ਨੂੰ ਸਿਰਫ਼ ਸ਼ਿਨਜਿਆਂਗ ਦੇ ਉਇਗਰ ਮੁਸਲਮਾਨਾਂ ਦੀ ਹੀ ਚਿੰਤਾ ਹੁੰਦੀ ਹੈ, ਫ਼ਲਸਤੀਨੀ ਮੁਸਲਮਾਨਾਂ ਨੂੰ ਬਾਰੇ ਉਹ ਚੁੱਪ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਜ਼ਿਆਦਾਤਰ ਮੈਂਬਰ ਦੇਸ਼ ਵੀ ਚਾਹੁੰਦੇ ਹਨ ਕਿ ਇਸ ਤੋਂ ਪਹਿਲਾਂ ਕਿ ਗੱਲ ਹੱਥ ਵਿਚੋਂ ਨਿਕਲ ਚੀਜ਼ਾਂ ਨੂੰ ਵਿਗੜਨ ਤੋਂ ਰੋਕਿਆ ਜਾਵੇ ਪਰ ਅਮਰੀਕਾ ਇਸ ਦੇ ਉਲਟ ਹੈ। ਅਮਰੀਕਾ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਪ੍ਰੈਸ ਬਿਆਨ ਜਾਰੀ ਕਰਨ ਤੋਂ ਰੋਕਿਆ ਦੱਸਿਆ ਜਾ ਰਿਹਾ ਹੈ। ਇਜ਼ਰਾਈਲ ਅਤੇ ਫਲਸਤੀਨ ਦਰਮਿਆਨ ਜਾਰੀ ਤਣਾਅ ਵਿਚਾਲੇ ਅਮਰੀਕਾ ਦਾ ਇੱਕ ਰਾਜਦੂਤ ਤੇਲ ਅਵੀਵ ਵਿੱਚ ਗੱਲਬਾਤ ਲਈ ਪਹੁੰਚਿਆ ਹੈ। ਬੀਤੇ ਸ਼ਨੀਵਾਰ ਸਵੇਰੇ ਇਜ਼ਰਾਈਲੀ ਫ਼ੌਜ ਨੇ ਗਾਜ਼ਾ ਵਿੱਚ ਹਵਾਈ ਹਮਲੇ ਕੀਤੇ ਅਤੇ ਉੱਥੇ ਫਲਸਤੀਨੀ ਅੱਤਵਾਦੀਆਂ ਨੇ ਵੀ ਇਜ਼ਰਾਈਲ ਉੱਤੇ ਰਾਕੇਟ ਸੁੱਟੇ ਹਨ। ਇਜ਼ਰਾਈਲੀ ਫ਼ੌਜੀਆਂ ਅਤੇ ਫਲਸਤੀਨੀਆਂ ਵਿੱਚ ਜਾਰੀ ਹਿੰਸਕ ਸੰਘਰਸ਼ ਗਾਜ਼ਾ ਤੋਂ ਬਾਅਦ ਕਬਜ਼ੇ ਵਾਲੀ ਵੈਸਟ ਬੈਂਕ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਵੀ ਫ਼ੈਲ ਗਿਆ ਹੈ। ਵੈਸਟ ਬੈਂਕ ਦੇ ਕਈ ਹਿੱਸਿਆਂ ਵਿੱਚ ਹੋਈ ਹਿੰਸਾ ਨਾਲ ਘੱਟੋ-ਘੱਟ 10 ਫ਼ਲਸਤੀਨੀ ਮਾਰੇ ਗਏ ਹਨ ਜਦੋਂ ਕਿ ਸੈਂਕੜੇ ਲੋਕ ਜ਼ਖ਼ਮੀ ਹੋਏ ਹਨ।

# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 'ਮਾਂ-ਦਿਵਸ' ਨੂੰ ਸਮਰਪਤ ਰਹੀ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) 'ਮਾਂ ਦਿਵਸ' ਨੂੰ ਸਮਰਪਤ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਜ਼ੂਮ ਮੀਟਿੰਗ ਵਿੱਚ ਹਾਜ਼ਰ ਤੀਹ ਕੁ ਮਾਵਾਂ ਨੇ ਮਾਂ ਦੇ ਪਿਆਰ, ਦਰਦ, ਵਿਛੋੜੇ, ਕੁਰਬਾਨੀ, ਸਹਿਨਸ਼ੀਲਤਾ ਤੇ ਮਾਂ ਦੇ ਸਮੁੱਚੀ ਮਨੁੱਖਤਾ ਨਾਲ ਸਬੰਧਤ ਹੋਰ ਅਨੇਕਾਂ ਪਹਿਲੂਆਂ ਨੂੰ ਪ੍ਰਗਟਾਉਂਦੇ ਜਜ਼ਬਾਤਾਂ ਨਾਲ ਸਾਂਝ ਪਾਈ। ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਮਾਂ ਨੂੰ ਆਪਣੇ ਬੱਚਿਆਂ ਲਈ ਅਲਾਰਮ, ਅਧਿਆਪਕ ਤੇ ਡਾਕਟਰ ਕਹਿਕੇ ਨਿਵਾਜਿਆ ਜੋ ਜੰਮਣ ਪੀੜਾਂ ਦੇ 57 ਯੂਨਿਟ ਅਸਿਹ ਤੇ ਅਕਿਹ ਦਰਦ ਵਿਚੋਂ ਲੰਘ ਬੱਚਾ ਪੈਦਾ ਕਰਨ ਦੀ ਤਾਕਤ ਰਖਦੀ ਹੈ ਜਦੋਂ ਕਿ ਆਮ ਸਥਿਤੀਆਂ ਵਿੱਚ 45 ਯੂਨਿਟ ਦਰਦ ਬਰਦਾਸ਼ਤ ਕਰਨ ਦੀ ਸੀਮਾ ਮੈਡੀਕਲ ਸਾਇੰਸ ਵਲੋਂ ਤਹਿ ਕੀਤੀ ਗਈ ਦੱਸੀ ਜਾਂਦੀ ਹੈ ਉਹਨਾਂ ਆਪਣੀ ਕਵਿਤਾ ਨਾਲ ਮਾਂ ਦੇ ਵਿਛੋੜੇ ਤੇ ਮਾਂ ਦੇ ਭਿੰਨ-ਭਿੰਨ ਰੂਪਾਂ ਦੀ ਸਾਂਝ ਪਾਈ। 'ਸੁਤ ਅਪਰਾਧ ਕਰਤ ਹੈ ਜੇਤੇ ਜਨਨੀ ਰਾਖਤ ਨਾਹੀ ਚੇਤੇ' ਗੁਰਬਾਣੀ ਦਾ ਹਵਾਲਾ ਦੇ ਮਨਮੋਹਨ ਕੌਰ ਜੀ ਨੇ ਔਰਤ ਦੇ ਰੱਬ ਵਰਗੇ ਵਿਸ਼ਾਲ ਹਿਰਦੇ ਦੀ ਗੱਲ ਕੀਤੀ। ਗੁਰਚਰਨ ਥਿੰਦ ਨੇ ਸਮਾਜ ਵਿੱਚ ਜ਼ਬਰੀ ਬਣਾਈਆਂ ਮਾਵਾਂ ਦੇ ਦਰਦਨਾਕ ਪਹਿਲੂ ਨੂੰ ਬਿਆਨਦੇ ਉਹਨਾਂ ਕਾਲੇ ਦੌਰਾਂ ਦੀ ਗੱਲ ਕੀਤੀ ਜਦੋਂ ਮਨੁੱਖੀ ਵਹਿਸ਼ਤ ਦਾ ਸ਼ਿਕਾਰ ਹੋਈਆਂ ਕੁਆਰੀਆਂ ਕੁੱਖਾਂ ਅਸਿਹ ਦਰਦ ਬਰਦਾਸ਼ਤ ਕਰ ਅਣਚਾਹੀ ਔਲਾਦ ਜੰਮਦੀਆਂ ਸ਼ਰਮਸ਼ਾਰ ਹੁੰਦੀਆਂ ਹਨ। ਗੁਰਮਿੰਦਰ ਸਿੱਧੂ ਨੇ ਉਜੇ ਮਾਂ ਨਾ ਹੁੰਦੀ ਤਾਂ ਬੱਚਾ ਨਾ ਹੁੰਦਾ ਅਤੇ ਜੇ ਬੱਚਾ ਨਾ ਹੁੰਦਾ ਤਾਂ ਔਰਤ ਮਾਂ ਵੀ ਨਾ ਹੁੰਦੀ' ਆਖ ਮਾਂ-ਤੇ ਬੱਚੇ ਦੀ ਆਪਸੀ ਪੂਰਕਤਾ ਦੀ ਗੱਲ ਕੀਤੀ।ਗੁਰਤੇਜ ਸਿੱਧੂ, ਅਮਰਜੀਤ ਸੱਗੂ ਹਰਮਿੰਦਰ ਚੁੱਗ ਹਰਦੇਵ ਕੌਰ, ਗੁਰਜੀਤ ਬੈਦਵਾਨ ਸੁਰਿੰਦਰ ਸੰਧੂ ਰਾਜਵੰਤ ਮਾਨ,ਸੁਰਿੰਦਰ ਵਿਰਦੀ, ਹਰਚਰਨ ਬਾਸੀ, ਸਾਅਦਤ, ਰਤਵਿੰਦਰ ਕੌਰ ਮੁਖਤਿਆਰ ਧਾਲੀਵਾਲ, ਕੰਵਲਜੀਤ ਪਰਮਾਰ, ਜੁਗਿੰਦਰ ਪੁਰਬਾ ਅਤੇ ਆਸ਼ਾਪਾਲ_ਬੀਨਾ ਸੁਰਜੀਤ ਢਿਲੋਂ, ਸਰਬਜੀਤ ਉੱਪਲ ਤੇ ਅਮਰਜੀਤ ਗਰੇਵਾਲ ਹੁਰਾਂ ਚੋਣਵੀਆਂ ਕਵਿਤਾਵਾਂ ਨਾਲ ਨਾਰੀ ਦੇ ਮਾਂ ਰੂਪ ਨੂੰ ਅਕੀਦਤ ਦੇ ਫੁੱਲ ਭੇਂਟ ਕੀਤੇ।ਸਭਾ ਦੇ ਸਕੱਤਰ ਗੁਰਦੀਸ਼ ਗਰੇਵਾਲ ਜੀ ਨੇ ਮੀਟਿੰਗ ਦਾ ਸੰਚਾਲਨ ਕੀਤਾ ਅਤੇ ਵਿੱਚ ਵਿੱਚ ਮਾਂ-ਦਿਵਸ ਦੀ ਮਹੱਤਤਾ ਦੱਸ ਕੇ ਅਤੇ ਆਪਣੀਆਂ ਲਿਖੀਆਂ ਬੋਲੀਆਂ ਦੀ ਸਾਂਝ ਪਾ ਕੇ ਰੌਚਕਤਾ ਬਣਾਈ ਰਖੀ।

# ਪੋਨੋਕਾ ਕਸਬੇ ਅੰਦਰ ਬਿਨਾ ਦਰਸਕਾਂ ਤੋਂ ਰੋਡੀਓ ਪ੍ਰੋਗਰਾਮ ਚਾਲੂ ਹੋ ਗਿਆ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਪੇਂਡੂ ਇਲਾਕਿਆਂ ਵਿਚ ਕੋਵਿਡ-19 ਕੇਸਾਂ ਵਿੱਚ ਆ ਰਹੀ ਤੇਜ਼ ਕਮੀ ਦੇ ਚੱਲਦਿਆਂ ਸੂਬੇ ਦੀ ਜੇਸਨ ਕੈਨੀ ਸਰਕਾਰ ਨੇ ਸੈਂਟਰਲ ਐਲਬਰਟਾ ਦੇ ਇੱਕ ਰੋਡੀ- ਪ੍ਰੋਗਰਾਮ ਨੂੰ ਕਰਵਾਏ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਮੌਜੂਦਾ ਪਬਲਿਕ ਹੈਲਥ ਪਾਬੰਦੀਆਂ ਤੋਂ ਇਸ ਰੋਡੀ- ਪ੍ਰੋਗਰਾਮ ਨੂੰ ਛੋਟ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਪ੍ਰੋਗਰੈਮ ਐਲਬਰਟਾ ਹਾਇ ਸਕੂਲ ਰੋਡੀ- ਐਸੋਸਿਏਸ਼ਨ ਵੱਲੋਂ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਸੂਬੇ ਭਰ ਦੇ ਜੂਨੀਅਰ ਅਤੇ ਸੀਨੀਅਰ ਹਾਇ ਸਕੂਲਾਂ ਦੇ ਵਿਦਿਆਰਥੀ ਸ਼ਾਮਿਲ ਹੋ ਰਹੇ ਹਨ। ਸ਼ਨੀਵਾਰ 15 ਮਈ ਦੀ ਸ਼ਾਮ ਨੂੰ ਰੈਡ ਡੀਅਰ ਤੋਂ 60 ਕਿਲੋਮੀਟਰ ਨੌਰਥ ਵੱਲ ਸਥਿਤ ਪੋਨੋਕਾ ਕਸਬੇ ਵਿੱਚ ਇਹ ਪ੍ਰੋਗ੍ਰਮ ਸ਼ੁਰੂ ਹੋ ਗਿਆ ਹੈ। ਸਿਹਤ ਸੰਬੰਧੀ ਹਿਦਾਇਤਾਂ ਦਾ ਪਾਲਨ ਕੀਤਾ ਜਾ ਰਿਹਾ ਦੱਸਿਆ ਗਿਆ ਹੈ। ਇਸ ਪ੍ਰੋਗਰਾਮ ਵਿੱਚ ਦਰਸ਼ਕਾਂ ਨੂੰ ਆਉਣ ਦੀ ਆਗਿਆ ਨਹੀਂ ਹੈ ਪਰ ਹਿੱਸਾ ਲੈਣ ਵਾਲੇ ਮਾਸਕ ਪਾ ਕੇ ਤੇ ਇੱਕ ਦੂਜੇ ਤੋਂ ਉਚਿਤ ਦੂਰੀ ਰੱਖ ਕੇ ਆਪਣੇ ਖੇਡ ਦਾ ਪ੍ਰਦਰਸ਼ਨ ਕਰਦੇ ਰਹੇ ਦਸੇ ਜਾਂਦੇ ਹਨ।

# ਜੇਸਨ ਕੈਨੀ 2023 ਦੀਆਂ ਚੋਣਾਂ ਤੋਂ ਪਹਿਲਾਂ, ਆਪਣੀ ਪ੍ਰੀਮੀਅਰ ਦੀ ਕੁਰਸੀ ਗੁਆ ਲੈਣਗੇ- ਡਰੂ ਬਾਰਨਜ਼

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਨੂੰ ਕੌਨਫੈਡਰੇਸ਼ਨ ਤੋਂ ਵੱਖ ਕਰਨ ਦਾ ਟੀਚਾ ਲੈ ਕੇ ਬਣਾਈ ਗਈ ਵਾਇਲਡਰੋਜ਼ ਇੰਡਿਪੈਂਡੈਂਟ ਪਾਰਟੀ ਦੇ ਇਨਟੈਰਿਮ ਲੀਡਰ ਸਾਬਕਾ ਵਿਧਾਇਕ ਪੌਲ ਹਿਨਮੈਨ ਦਾ ਕਹਿਣਾ ਹੈ ਕਿ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ ਕਈ ਵਿਧਾਇਕ ਉਹਨਾਂ ਦੇ ਸੰਪਰਕ ਵਿੱਚ ਹਨ ਤੇ ਉਹ ਆਪਣੀ ਪਾਰਟੀ ਦੀਆਂ ਮੌਜੂਦਾ ਨੀਤੀਆਂ ਤੋਂ ਤੰਗ ਆ ਚੁੱਕੇ ਹਨ। ਲੰਘੇ ਵੀਰਵਾਰ ਵਾਲੇ ਦਿਨ ਹੀ ਯੂਸੀਪੀ ਵਿੱਚੋਂ 2 ਵਿਧਾਇਕਾਂ - ਟੌਡ ਲੋਐਂਨ ਅਤੇ ਡਰੂ ਬਾਰਨਜ਼ ਨੂੰ ਬਾਹਰ ਕੱਢਿਆ ਗਿਆ ਸੀ ਤੇ ਇਸ ਤੋਂ ਪਹਿਲਾਂ ਇੱਕ ਹੋਰ ਵਿਧਾਇਕ ਪੈਟ ਰੈਨ ਪਾਰਟੀ ਵਿੱਚੋਂ ਕੱਢਿਆ ਜਾ ਚੁੱਕਿਆ ਹੈ। ਪੌਲ ਹਿਨਮੈਨ ਦਾ ਕਹਿਣਾ ਹੈ ਕਿ ਕਈ ਵਿਧਾਇਕਾਂ ਨਾਲ ਹੋਈ ਉਹਨਾਂ ਦੀ ਗੱਲਬਾਤ ਮਗਰੋਂ ਉਹਨਾਂ ਦੀ ਰਾਜਨੀਤਕ ਗੱਡੀ ਦੀ ਸਪੀਡ ਤੇਜ਼ ਹੋ ਗਈ ਹੈ। ਉੱਧਰ ਡਰੂ ਬਾਰਨਜ਼ ਨੇ ਪਾਰਟੀ ਵਿੱਚੋਂ ਕੱਢੇ ਜਾਣ ਮਗਰੋਂ ਲਿਖੀ ਇੱਕ ਚਿੱਠੀ ਵਿੱਚ ਕਿਹਾ ਹੈ ਕਿ ਜੇਸਨ ਕੈਨੀ ਸਾਲ 2023 ਦੀਆਂ ਚੋਣਾਂ ਤੋਂ ਪਹਿਲਾਂ ਪਹਿਲਾਂ, ਪ੍ਰੀਮੀਅਰ ਦੀ ਆਪਣੀ ਕੁਰਸੀ ਗੁਆ ਲੈਣਗੇ। ਪਾਰਟੀ ਲੀਡਰਸ਼ਿਪ ਦੇ ਧੁਰੀ ਵਿੱਚ ਜਦੋਂ ਤੱਕ ਜੇਸਨ ਕੈਨੀ ਅਤੇ ਉਹਨਾਂ ਦੇ ਸਮਰਥਕ ਬੈਠੇ ਰਹਿਣਗੇ, ਉਦੋਂ ਤੱਕ ਪਾਰਟੀ ਦਾ ਕੁਝ ਨਹੀਂ ਬਣੇਗਾ ਤੇ ਪਾਰਟੀ ਦਾ ਸੰਕਟ ਵਧਦਾ ਜਾਵੇਗਾ। ਉਹਨਾਂ ਕਿਹਾ ਪਾਰਟੀ ਆਪਣੇ ਮੈਂਬਰਾਂ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰ ਰਹੀ ਹੈ ਤੇ ਇਸ ਉਸ ਲਈ ਮਾਰੂ ਸਾਬਤ ਹੋ ਸਕਦਾ ਹੈ। ਖੁਦ ਨੂੰ ਪਾਰਟੀ ਵਿੱਚੋਂ ਕੱਢੇ ਜਾਣ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਵਿਧਾਇਕ ਬਾਰਨਜ਼ ਨੇ ਕਿਹਾ ਕਿ ਜੇਸਨ ਕੈਨੀ ਪਾਰਟੀ ਅੰਦਰ ਖੁਦ ਦੇ ਵਿਰੋਧ ਦੀ ਅਵਾਜ਼ ਨੂੰ ਪਸੰਦ ਨਹੀਂ ਕਰਦੇ ਭਾਵੇਂ ਕਿ ਲੋਕ ਉਹਨਾਂ ਨੂੰ ਜ਼ਮੀਨੀ ਹਕੀਕਤ ਵਿਖਾ ਰਹੇ ਹਨ। ਉਹਨਾਂ ਦਾਵੇ ਨਾਲ ਕਿਹਾ ਕਿ ਸੈਂਕੜੇ ਮੈਂਬਰ ਪਹਿਲਾਂ ਹੀ ਪਾਰਟੀ ਛੱਡ ਚੁੱਕੇ ਹਨ, ਸੈਂਕੜੇ ਮੈਂਬਰਾਂ ਨੇ ਪਾਰਟੀ ਮੈਂਬਰ ਹੋਣ ਦੇ ਬਾਵਜੂਦ ਪਾਰਟੀ ਨੂੰ ਡੋਨੇਸ਼ਨ ਦੇਣੀ ਛੱਡ ਦਿੱਤੀ ਹੈ ਤੇ ਆਉਂਦੇ ਦਿਨਾਂ ਵਿੱਚ ਹੋਰ ਲੋਕ ਪਾਰਟੀ ਛੱਡਣਗੇ।






ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ






# ਕੋਰੋਨਾ ਪੀੜਤ ਪਰਿਵਾਰਾਂ ਨੂੰ ਦੋ ਲੱਖ ਮੁਆਵਜ਼ਾ ਦੇਵੇ ਸਰਕਾਰ - ਸੁਖਬੀਰ

ਚੰਡੀਗੜ੍ਹ – ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਕਾਰ ਤੋਂ ਕਰੋਨਾ ਪੀੜਤ ਪਰਿਵਾਰਾਂ ਨੂੰ ਦੋ ਲੱਖ ਰੁਪਏ ਮੁਆਵਜ਼ਾ, ਕਰੋਨਾ ਕਰ ਕੇ ਅਨਾਥ ਹੋਇਆਂ ਨੂੰ ਛੇ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਅਤੇ BPL ਪਰਿਵਾਰਾਂ ਨੂੰ 6 ਮਹੀਨੇ ਲਈ 6 ਹਜ਼ਾਰ ਰੁਪਏ ਮਹੀਨਾ ਮਦਦ ਦੇਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਕਰ ਕੇ ਸੂਬੇ ਦੇ ਹਾਲਾਤ ਵਿਗੜਦੇ ਜਾ ਰਹੇ ਹਨ ਤੇ ਸੂਬਾ ਸਰਕਾਰ ਵਲੋਂ ਕੋਰੋਨਾ ਦੀ ਰੋਕਥਾਮ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ।

ਸੁਖਬੀਰ ਨੇ ਕਿਹਾ ਕਿ ਮੁੱਖ ਮੰਤਰੀ ਨਿੱਜੀ ਹਸਪਤਾਲਾਂ ਹੱਥੋਂ ਲੁੱਟ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਦੇਣ 'ਚ ਨਾਕਾਮ ਰਹੇ ਹਨ। ਇਸੇ ਤਰ੍ਹਾਂ ਜੀਵਨ ਰੱਖਿਅਕ ਦਵਾਈਆਂ ਅਤੇ ਟੀਕਿਆਂ ਦੇ ਮਾਮਲੇ 'ਚ ਖੁੱਲ੍ਹੀ ਲੁੱਟ ਮੱਚੀ ਹੋਈ ਹੈ। ਉਨ੍ਹਾਂ ਸਰਕਾਰ ਤੋਂ 10 ਲੱਖ ਰੁਪਏ ਤੋਂ ਘੱਟ ਆਮਦਨ ਵਾਲੇ ਸਾਰੇ ਮਰੀਜ਼ਾਂ ਦੇ ਇਲਾਜ ਦਾ ਖ਼ਰਚਾ ਚੁੱਕਣ, ਤਾਲਾਬੰਦੀ ਕਰ ਕੇ ਬੇਰੁਜ਼ਗਾਰ ਹੋਏ ਪਰਿਵਾਰਾਂ ਦੀ ਵਿੱਤੀ ਮਦਦ ਕਰਨ, ਟੈਕਸੀ ਅਤੇ ਆਟੋ



ਚਾਲਕਾਂ ਨੂੰ 6 ਮਹੀਨਿਆਂ ਲਈ ਭੱਤਾ ਦੇਣ ਅਤੇ ਕਰੋਨਾ ਨਾਲ ਪ੍ਰਭਾਵਿਤ ਰੈਜਿਸਟਰਡ ਮਜ਼ਦੂਰਾਂ ਦਾ ਮੁਅਵਾਜ਼ਾ 1,500 ਰੁਪਏ ਤੋਂ ਵਧਾ ਕੇ ਤਿੰਨ ਹਜ਼ਾਰ ਰੁਪਏ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਵਪਾਰੀਆਂ ਅਤੇ ਸਨਅਤਕਾਰਾਂ ਨੂੰ ਕਰਜ਼ਾ ਅਤੇ ਹੋਰ ਰਾਹਤਾਂ ਦੇਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਵਲੋਂ ਲਗਾਈ ਗਈ ਤਾਲਾਬੰਦੀ ਕਰ ਕੇ ਵਪਾਰਾਂ ਅਤੇ ਸਨਅਤਾਂ ਨੂੰ ਵੱਡੀ ਸੱਟ ਵੱਜੀ ਹੈ। ਇਸ ਖੇਤਰ ਨੂੰ ਚਾਰ ਮਹੀਨਿਆਂ ਲਈ ਮੁਫ਼ਤ ਬਿਜਲੀ ਦਿੱਤੀ ਜਾਣੀ ਚਾਹੀਦੀ ਹੈ।

# ਕੋਵਿਡ-19 ਨਾਲ ਸੰਬੰਧਿਤ 8000 ਤੋਂ ਜ਼ਿਆਦਾ ਕੇਸ ਕੰਮ ਵਾਲੀਆਂ ਥਾਵਾਂ ਤੋਂ ਆਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਰਕਰਜ਼ ਕੰਪੈਨਸੇਸ਼ਨ ਬੋਰਡ ਬੋਰਡ ਵੱਲੋਂ ਜਾਰੀ ਜਾਣਕਾਰੀ ਵਿੱਚ ਦੱਸਿਆ ਗਿਆ ਹੈ ਕਿ ਕੋਵਿਡ-19 ਨਾਲ ਸੰਬੰਧਿਤ 8000 ਤੋਂ ਜ਼ਿਆਦਾ ਕੇਸ ਕੰਮ ਵਾਲੀਆਂ ਥਾਵਾਂ ਤੋਂ ਆਏ ਤੇ ਇਸ ਕਾਰਨ ਘਰਾਂ ਵਿੱਚ ਆਇਸੋਲੇਟ ਹੋਣ ਵਾਲੇ ਵਰਕਰਜ਼ ਨੂੰ ਮੁਆਵਜੇ ਦਿੱਤੇ ਗਏ ਹਨ। ਅਪ੍ਰੈਲ 2021 ਤੱਕ 8288 ਕੇਸ ਡਬਲਿਊ.ਸੀ.ਬੀ. ਕੋਲ ਰਿਪੋਰਟ ਕੀਤੇ ਗਏ ਜਿਸ ਦੇ ਚਲਦਿਆਂ 11% ਕਰਮਚਾਰੀਆਂ ਨੂੰ 3 ਹਫਤਿਆਂ ਤੱਕ ਅਤੇ 2% ਨੂੰ 60 ਦਿਨਾਂ ਲਈ ਕੰਮ ਤੋਂ ਵਾਂਝੇ ਰਹਿਣਾ ਪਿਆ। ਡਬਲਿਊ.ਸੀ.ਬੀ. ਨੇ ਇਸ ਵਾਇਰਸ ਕਾਰਨ ਹੋਈਆਂ 12 ਮੌਤਾਂ ਦੇ ਕਲੇਮ ਵੀ ਪ੍ਰਾਪਤ ਕੀਤੇ ਹਨ। ਡਬਲਿਊ.ਸੀ.ਬੀ. ਨੂੰ ਪ੍ਰਾਪਤ ਹੋਏ ਕਲੇਮਜ਼ ਵਿੱਚੋਂ ਅੱਧਿਆਂ ਤੋਂ ਵੱਧ ਮਿਉਨਿਸਪਲ ਗਵਰਨਮੈਂਟ, ਐਜੁਕੇਸ਼ਨ ਅਤੇ ਹੈਲਥ ਨਾਲ ਸੰਬੰਧਿਤ ਸਨ ਤੇ ਇਕ ਚੌਥਾਈ ਕੇਸ ਮੈਨੁਫੈਕਚਰਿੰਗ ਅਤੇ 9% ਕੇਸ ਰੀਟੇਲ ਅਤੇ ਹੋਲਸੇਲ ਕੰਮਕਾਰਾਂ ਨਾਲ ਸੰਬਧਿਤ ਸਨ।

# ਕਰੋਨਾਂ ਵੈਕਸੀਨ ਨਾ ਲਗਵਾਉਣ ਦੇ ਚਾਹਵਾਨਾਂ ਦੀ ਗਿਣਤੀ ਸਿਰਫ 17 ਪ੍ਰਤੀਸਤ ਹੀ ਰਹਿ ਗਈ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਂਗਸ ਰੀਡ ਦੀ ਇੱਕ ਸਰਵੇਖਣ ਰਿਪੋਰਟ ਵਿੱਚ ਦੱਸਿਆ ਜਾ ਰਿਹਾ ਹੈ ਕਿ ਐਲਬਰਟਾ ਵਿੱਚ ਕੋਵਿਡ-19 ਵੈਕਸਿਨ ਨਾ ਲਗਵਾਉਣ ਵਾਲਿਆਂ ਦੀ ਗਿਣਤੀ ਵਿੱਚ ਕਮੀ ਦਰਜ ਕੀਤੀ ਜਾ ਰਹੀ ਹੈ ਤੇ ਜਨਵਰੀ ਵਿੱਚ 45% ਲੋਕਾਂ ਨੇ ਕਿਹਾ ਸੀ ਕਿ ਉਹ ਵੈਕਸਿਨ ਨਹੀਂ ਲਗਵਾਉਣਗੇ ਪਰ ਹੁਣ ਅਜਿਹਾ ਕਹਿਣ ਵਾਲਿਆਂ ਦੀ ਸੰਖਿਆ ਸਿਰਫ਼ 17% ਰਹਿ ਗਈ ਹੈ। ਸੈਸਕੈਚੇਵਾਨ ਵਿੱਚ 24% ਅਤੇ ਬਾਕੀ ਸੂਬਿਆਂ ਵਿੱਚ 10 ਤੋਂ 12% ਲੋਕ ਵੈਕਸਿਨ ਨਾ ਲਗਵਾਉਣ ਦੇ ਹੱਕ ਵਿੱਚ ਹਨ। ਡਾਕਟਰਾਂ ਨੇ ਆਸ ਪ੍ਰਗਟ ਕੀਤੀ ਹੈ ਕਿ ਦੇਸ਼ ਦੇ 85% ਲੋਕਾਂ ਨੂੰ ਵੈਕਸਿਨ ਲੱਗ ਜਾਵੇਗੀ ਜਿਸ ਮਗਰੋਂ ਇਸ ਵਾਇਰਸ ਨੂੰ ਨੱਥ ਪਾਉਣ ਵਿੱਚ ਵੱਡੀ ਸਫਲਤਾ ਮਿਲ ਸਕਦੀ ਹੈ।















